29-OCT-PAGE-1.qxd 10/28/2025 9:05 PM Page 1


ਬੁੱਧਵਾਰ, 29 ਅਕਤੂਬਰ, 2025

13 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082 }

ਜਿਲਦ/VOL. : 74

ਅੰਕ/NO. : 148

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 29 OCTOBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# 21 ਮੀਟਰ ਉੱਚੀ ਇਮਾਰਤ ਬਣਾਉਣ ਲਈ ਮਨਜ਼ੂਰੀ ਦੀ ਲੋੜ ਨਹੀਂ

## ਬਰਨਾਲਾ ਨਗਰ ਕੌਂਸਲ ਨਗਰ ਨਿਗਮ 'ਚ ਤਬਦੀਲ




**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਮੰਗਲਵਾਰ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਬਰਨਾਲਾ ਨਗਰ ਕੌਂਸਲ ਨੂੰ ਨਗਰ ਨਿਗਮ ਦਾ ਦਰਜਾ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਦੇ ਨਾਲ ਹੀ ਲੁਧਿਆਣਾ ਜ਼ਿਲ੍ਹੇ ਵਿੱਚ ਲੁਧਿਆਣਾ ਨਾਰਥ ਨਵੀਂ ਸਬ-ਤਹਿਸੀਲ ਬਣਾਉਣ ਲਈ ਵੀ ਲੋੜੀਂਦੀ ਮਨਜ਼ੂਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਪੰਜਾਬ ਕੈਬਨਿਟ ਵੱਲੋਂ ਲਏ ਹੋਰ ਫੈਸਲਿਆਂ ਵਿਚ ਪੰਜਾਬ ਯੂਨੀਫਾਈਡ ਬਿਲਡਿੰਗ ਨਿਯਮ 2025 ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਨਿਯਮ ਅਨੁਸਾਰ ਪੰਜਾਬ ਵਿੱਚ ਨਵੀਆਂ ਬਣਾਈਆਂ ਜਾਣ ਵਾਲੀਆਂ ਕਲੋਨੀਆਂ ਵਿੱਚ ਇਮਾਰਤ ਦੀ ਉਚਾਈ 15 ਮੀਟਰ ਤੋਂ ਵਧਾ ਕੇ 21 ਮੀਟਰ ਤੱਕ ਕਰਨ ਲਈ ਵਿਭਾਗ ਤੋਂ ਮਨਜ਼ੂਰੀ ਲੈਣ ਦੀ ਕੋਈ ਜ਼ਰੂਰਤ ਨਹੀਂ ਹੋਵੇਗੀ। ਇਸ ਲਈ ਆਰਕੀਟੈਕਟ ਦਾ ਸਰਟੀਫਿਕੇਟ ਹੀ ਕਾਫ਼ੀ ਹੋਵੇਗਾ।

ਮੰਤਰੀ ਮੰਡਲ ਨੇ ਪੰਜਾਬ ਸਪੋਰਟਸ ਮੈਡੀਸਨ ਕਾਡਰ ਵਿੱਚ 100 ਦੇ ਕਰੀਬ ਨਵੀਆਂ ਅਸਾਮੀਆਂ ਭਰਨ ਦੀ ਪ੍ਰਵਾਨਗੀ ਦਿੱਤੀ ਹੈ। ਇਹ ਅਸਾਮੀਆਂ ਤਿੰਨ ਸਾਲਾਂ ਲਈ ਠੇਕੇ 'ਤੇ ਭਰੀਆਂ ਜਾਣਗੀਆਂ। ਇਸ ਵਿੱਚ ਗਰੁੱਪ-ਏ ਦੀਆਂ 14, ਗਰੁੱਪ-ਬੀ ਦੀਆਂ 16 ਅਤੇ ਗਰੁੱਪ-ਸੀ ਦੀਆਂ 80 ਦੇ ਕਰੀਬ ਅਸਾਮੀਆਂ ਭਰੀਆਂ ਜਾਣਗੀਆਂ। ਮੰਤਰੀ ਮੰਡਲ ਨੇ ਕੇਂਦਰ ਸਰਕਾਰ ਵੱਲੋਂ ਡੇਰਾ ਬੱਸੀ ਵਿੱਚ 100 ਬੈੱਡਾਂ ਦਾ ਈ ਐੱਸ ਆਈ ਹਸਪਤਾਲ ਬਣਾਉਣ ਲਈ 4 ਏਕੜ ਜ਼ਮੀਨ ਮੁਹੱਈਆ ਕਰਵਾਉਣ ਲਈ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਤੋਂ ਇਲਾਵਾ ਮੰਤਰੀ ਮੰਡਲ ਵੱਲੋਂ ਪੰਜਾਬ ਦੇ ਨਸ਼ਾ ਮੁਕਤੀ ਕੇਂਦਰਾਂ ਲਈ ਨਿਯਮਾਂ ਵਿੱਚ ਸੋਧ ਕੀਤੀ ਹੈ। ਇਸ ਸੋਧ ਅਨੁਸਾਰ ਸੂਬਾ ਸਰਕਾਰ ਵੱਲੋਂ ਨਸ਼ਾ ਮੁਕਤੀ ਕੇਂਦਰਾਂ ਵਿੱਚ ਮੁਹੱਈਆ ਕਰਵਾਈ ਜਾਣ ਵਾਲੀਆਂ ਦਵਾਈਆਂ ਦੀ ਦੇਖ-ਰੇਖ ਪੰਜਾਬ ਸਰਕਾਰ ਵੱਲੋਂ ਕੀਤੀ ਜਾਵੇਗੀ।

# ਕੈਨੇਡਾ 'ਚ ਵੱਡੇ ਪੰਜਾਬੀ ਕਾਰੋਬਾਰੀ ਦੀ ਹੱਤਿਆ

**ਵੈਨਕੂਵਰ** : ਸਰੀ ਨੇੜਲੇ ਪੰਜਾਬੀ ਵਸੋਂ ਵਾਲੇ ਸ਼ਹਿਰ ਐਬਸਫੋਰਡ ਦੇ ਰਿਜਵਿਊ ਡਰਾਈਵ ਖੇਤਰ ਵਿਚ ਰਹਿੰਦੇ ਪੰਜਾਬੀ ਕਾਰੋਬਾਰੀ ਦਾ ਉਸ ਦੇ ਘਰ ਮੂਹਰੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਘਟਨਾ ਮੌਕੇ ਕਾਰੋਬਾਰੀ ਮੇਪਲ ਰਿਜ ਸ਼ਹਿਰ ਵਿਚਲੇ ਆਪਣੇ ਕਾਰੋਬਾਰੀ ਦਫਤਰ ਜਾਣ ਲਈ ਕਾਰ ਵਿੱਚ ਬੈਠਣ ਲੱਗਾ ਸੀ। ਕੱਪੜਾ ਰੀਸਾਈਕਲ ਦੇ ਵੱਡੇ ਕਾਰੋਬਾਰੀ ਦੀ ਪਛਾਣ ਦਰਸ਼ਨ ਸਿੰਘ ਸਾਹਸੀ (68) ਵਜੋਂ ਕੀਤੀ ਗਈ ਹੈ। ਉਸ ਦਾ ਕਾਰੋਬਾਰ ਭਾਰਤ ਦੇ ਕਈ ਸ਼ਹਿਰਾਂ ਤੱਕ ਫੈਲਿਆ ਹੋਇਆ ਹੈ। ਪੁਲਸ ਵੱਲੋਂ ਕਾਰੋਬਾਰੀ ਦੀ ਹੱਤਿਆ ਨੂੰ ਫਿਰੌਤੀ ਮਾਮਲੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।



ਮੂਲ ਰੂਪ ਵਿੱਚ ਦੋਰਾਹੇ ਨੇੜਲੇ ਪਿੰਡ ਰਾਜਗੜ੍ਹ ਦਾ ਦਰਸ਼ਨ ਸਿੰਘ ਕਈ ਸਾਲ ਪਹਿਲਾਂ ਕੈਨੇਡਾ ਆਇਆ ਤੇ ਕੱਪੜਾ ਰੀਸਾਈਕਲ ਦਾ ਕਾਰੋਬਾਰ ਸ਼ੁਰੂ ਕੀਤਾ। ਮੇਪਲ ਰਿਜ ਵਿੱਚ ਉਸ ਦੀ ਫੈਕਟਰੀ ਵਿੱਚ ਦਰਜਨਾਂ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ। ਖੁੱਲ੍ਹੇ ਸੁਭਾਅ ਦੇ ਮਾਲਕ ਦਰਸ਼ਨ ਸਿੰਘ ਨੇ ਦਾਨ ਕਰਨ ਮੌਕੇ ਕਦੇ ਕੰਜੂਸੀ ਨਹੀਂ ਸੀ ਕੀਤੀ।

ਪਤਾ ਲੱਗਾ ਕਿ ਪਿਛਲੇ ਸਮੇਂ ਉਸ ਨੂੰ ਫਿਰੌਤੀ ਦੀਆਂ ਕਾਲਾਂ ਆਉਂਦੀਆਂ ਰਹੀਆਂ, ਜਿਸ ਦੀ ਉਸ ਨੇ ਪਰਵਾਹ ਨਹੀ ਕੀਤੀ। ਭਾਈਚਾਰਕ ਸਮਾਗਮਾਂ ਲਈ ਅਕਸਰ ਉਸ ਨੂੰ ਮੂਹਰੇ ਲਾਇਆ ਜਾਂਦਾ ਸੀ। ਪਿੰਡ ਰਾਜਗੜ੍ਹ ਤੇ ਬੇਗੋਵਾਲ ਸਦਮੇ 'ਚ ਹਨ।

# 'ਮੁਸਲਮ ਕੁੜੀਆਂ ਚੁੱਕ ਕੇ ਵਿਆਹ ਕਰਾਓ, ਪੈਸੇ ਮੈਂ ਲਾਵਾਂਗਾ'



**ਲਖਨਊ** : ਭਾਜਪਾ ਦੇ ਸਾਬਕਾ ਵਿਧਾਇਕ ਤੇ ਹਿੰਦੂ ਯੁਵਾ ਵਾਹਿਨੀ ਦੇ ਸੂਬਾ ਇੰਚਾਰਜ ਨੇ ਇਹ ਕਹਿ ਕੇ ਭਾਜਪਾ ਦਾ ਜਲੂਸ ਕਢਾ ਦਿੱਤਾ ਹੈ ਕਿ ਹਿੰਦੂ ਨੌਜਵਾਨ ਮੁਸਲਮ ਕੁੜੀਆਂ ਚੁੱਕ ਕੇ ਉਨ੍ਹਾਂ ਨਾਲ ਵਿਆਹ ਕਰਾਉਣ, ਉਹ ਉਨ੍ਹਾਂ ਨੂੰ ਵਿਆਹ ਦਾ ਖਰਚਾ ਵੀ ਦੇਵੇਗਾ ਅਤੇ ਨਾਲ ਹੀ ਨੌਕਰੀਆਂ ਤੇ ਸੁਰੱਖਿਆ ਵੀ ਦੇਵੇਗਾ। ਰਾਘਵੇਂਦਰ ਪ੍ਰਤਾਪ ਸਿੰਘ ਨੇ ਇਹ ਐਲਾਨ ਯੂ ਪੀ ਦੇ ਸਿਧਾਰਥ ਨਗਰ ਜ਼ਿਲ੍ਹੇ ਦੇ ਡੁਮਰੀਆਗੰਜ ਇਲਾਕੇ ਦੇ ਧਨਕਪੁਰ 'ਚ ਇੱਕ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਹਾਲਾਂਕਿ ਉਸਨੇ ਇਹ ਐਲਾਨ 16 ਅਕਤੂਬਰ ਨੂੰ ਕੀਤਾ ਸੀ, ਚਰਚਾ ਵਿੱਚ ਮੰਗਲਵਾਰ ਇੱਕ ਵੀਡੀਓ ਵਾਇਰਲ ਹੋਣ 'ਤੇ ਆਇਆ। ਵੀਡੀਓ ਵਿੱਚ ਉਹ ਕਹਿ ਰਿਹਾ ਹੈ, "ਮੈਂ ਕਹ ਰਹਾ ਹੂੰ ਦੋ ਕੇ ਬਦਲੇ ਕਮ ਸੇ ਕਮ ਦਸ ਮੁਸਲਮਾਨ ਲੜਕੀਆਂ ਉਠਾਓ, ਉਨਕੋ ਹਿੰਦੂ ਬਨਾਓ। ਸ਼ਾਦੀ ਹਮ ਕਰਾਏਂਗੇ ਔਰ ਨੌਕਰੀ ਕਾ ਇੰਤਜ਼ਾਮ ਭੀ ਕਰੇਂਗੇ।" ਉਸਨੇ ਕਿਹਾ ਕਿ ਦੋ ਪਿਛਲੇ ਇੱਕ ਮਹੀਨੇ ਵਿੱਚ ਦੋ ਹਿੰਦੂ ਕੁੜੀਆਂ ਨੇ ਡੁਮਰੀਆਗੰਜ ਵਿੱਚ ਇਸਲਾਮ ਧਰਮ ਅਪਨਾਇਆ ਹੈ। "ਅਸੀਂ ਇਸਦੀ ਆਗਿਆ ਨਹੀਂ ਦੇ ਸਕਦੇ...ਅਸੀਂ ਚਾਹੁੰਦੇ ਹਾਂ ਕਿ ਹਿੰਦੂ ਮੁੰਡੇ 10 ਮੁਸਲਮ ਕੁੜੀਆਂ ਚੁੱਕਣ।"

ਵੀਡੀਓ ਵਿੱਚ ਉਹ ਇਹ ਵੀ ਕਹਿੰਦਾ ਸੁਣਾਈ ਦੇ ਰਿਹਾ ਹੈ ਕਿ ਸੂਬੇ ਵਿੱਚ ਸਮਾਜਵਾਦੀ ਪਾਰਟੀ ਦੀ ਸਰਕਾਰ ਨਹੀਂ ਹੈ, ਜਿਹੜੀ ਮੁਸਲਮਾਨਾਂ ਦੀ ਖੁਸ਼ਾਮਦੀ ਕਰਦੀ ਸੀ। ਯੋਗੀ ਆਦਿਤਿਆਨਾਥ ਦੀ ਸਰਕਾਰ ਹੈ, ਇਸ ਕਰਕੇ ਡਰਨ ਦੀ ਲੋੜ ਨਹੀਂ। ਉਸਨੇ ਆਪਣੇ ਬਿਆਨ ਨੂੰ ਦਰੁੱਸਤ ਠਹਿਰਾਉਂਦਿਆਂ ਕਿਹਾ ਕਿ ਫਿਰਕੂ ਇਕਸੁਰਤਾ ਕਾਇਮ ਰੱਖਣ ਦੀ ਜ਼ਿੰਮੇਵਾਰੀ ਇਕੱਲੇ ਹਿੰਦੂਆਂ ਦੀ ਨਹੀਂ। ਉਸਨੇ ਕਿਹਾ ਕਿ ਦੋ ਕੁੜੀਆਂ ਵੱਲੋਂ ਇਸਲਾਮ ਧਰਮ ਕਬੂਲ ਕਰਨ ਤੋਂ ਬਾਅਦ ਉਸਨੇ ਡੁਮਰੀਆਗੰਜ ਦਾ ਦੌਰਾ ਕੀਤਾ ਅਤੇ ਹਿੰਦੂਆਂ ਨੂੰ ਯਕੀਨ ਦਿਵਾਇਆ ਕਿ ਉਹ ਉਨ੍ਹਾਂ ਨਾਲ ਹੈ ਅਤੇ ਅਜਿਹੀਆਂ ਗੱਲਾਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।

ਹਾਲਾਂਕਿ ਭਾਜਪਾ ਆਗੂਆਂ ਦਾ ਇਸ 'ਤੇ ਪ੍ਰਤੀਕਰਮ ਸਾਹਮਣੇ ਨਹੀਂ ਆਇਆ ਪਰ ਬਸਪਾ ਸੁਪਰੀਮੋ ਮਾਇਆਵਤੀ ਨੇ ਐਲਾਨ ਨੂੰ ਸ਼ਰਮਨਾਕ ਕਰਾਰ ਦਿੰਦਿਆਂ ਭਾਜਪਾ ਆਗੂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾ ਕਿਹਾ, "ਧਰਮ ਦੇ ਨਾਂ 'ਤੇ ਨਫਰਤ ਫੈਲਾਉਣਾ, ਸਮਾਜ ਨੂੰ ਤੋੜਨਾ ਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਭੜਕਾਉਣਾ ਭਾਜਪਾ ਦੀ ਅਸਲ ਸਿਆਸਤ ਬਣ ਗਈ ਹੈ।"

# ਵਿਧਾਇਕ ਲਾਲਪੁਰਾ ਨੂੰ ਹਾਈ ਕੋਰਟ ਤੋਂ ਨਹੀਂ ਮਿਲੀ ਕੋਈ ਰਾਹਤ

**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮੰਗਲਵਾਰ ਨੂੰ 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੀ ਸਜ਼ਾ 'ਤੇ ਰੋਕ ਲਗਾਉਣ ਤੋਂ ਇਹ ਕਹਿੰਦੇ ਹੋਏ ਇਨਕਾਰ ਕਰ ਦਿੱਤਾ ਕਿ ਉਸ ਦੀ ਵਿਧਾਨ ਸਭਾ ਮੈਂਬਰਸ਼ਿਪ ਰੱਦ ਕਰਨ ਲਈ ਅਜੇ ਤੱਕ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ ਹੈ, ਇਸ ਲਈ ਇਸ ਪੜਾਅ 'ਤੇ ਤੁਰੰਤ ਦਖਲ ਦੀ ਕੋਈ ਲੋੜ ਨਹੀਂ ਜਾਪਦੀ। ਵਿਧਾਇਕ ਲਾਲਪੁਰਾ ਦੇ ਵਕੀਲ ਨੇ ਦਲੀਲ ਦਿੱਤੀ ਕਿ ਜੇਕਰ ਸਜ਼ਾ 'ਤੇ ਰੋਕ ਨਹੀਂ ਲਗਾਈ ਜਾਂਦੀ ਤਾਂ ਉਨ੍ਹਾਂ ਦੀ ਵਿਧਾਨ ਸਭਾ ਮੈਂਬਰਸ਼ਿਪ ਆਪਣੇ ਆਪ ਰੱਦ ਹੋ ਜਾਵੇਗੀ, ਜਿਸ ਨਾਲ ਹਲਕੇ 'ਚ ਨਵੇਂ ਸਿਰਿਓਂ ਚੋਣਾਂ ਕਰਵਾਉਣੀਆਂ ਪੈਣਗੀਆਂ, ਪਰ ਅਦਾਲਤ ਨੇ ਇਸ ਦਲੀਲ ਵੱਲ ਕੋਈ ਤਵੱਜੋ ਨਹੀਂ ਦਿੱਤੀ। ਹਾਈ ਕੋਰਟ ਨੇ ਮਾਮਲੇ ਦੀ ਸੁਣਵਾਈ ਅਗਲੇ ਮਹੀਨੇ ਲਈ ਮੁਲਤਵੀ ਕਰ ਦਿੱਤੀ ਅਤੇ ਰਾਜ ਨੂੰ ਨਿਰਦੇਸ਼ ਦਿੱਤਾ ਕਿ ਉਹ ਅਗਲੀ ਤਰੀਕ ਨੂੰ ਪੂਰਾ ਕੇਸ ਰਿਕਾਰਡ ਅਦਾਲਤ 'ਚ ਪੇਸ਼ ਕਰੇ।

# ਟਾਟਿਆਂ ਨੇ ਮਿਸਤਰੀ ਕੀਤਾ ਬਾਹਰ

**ਮੁੰਬਈ** : ਟਾਟਾ ਸਨਜ਼ 'ਤੇ ਕਬਜ਼ੇ ਦੀ ਲੜਾਈ ਨਵੇਂ ਦੌਰ ਵਿੱਚ ਦਾਖਲ ਹੋ ਗਈ ਜਦੋਂ ਰਤਨ ਟਾਟਾ ਦੇ ਕਰੀਬੀ ਰਹੇ ਮੇਹਲੀ ਮਿਸਤਰੀ ਨੂੰ ਸਰ ਦੋਰਾਬਜੀ ਟਾਟਾ ਟਰੱਸਟ ਤੇ ਸਰ ਰਤਨ ਟਾਟਾ ਟਰੱਸਟ ਦੇ ਬੋਰਡ ਤੋਂ ਬਾਹਰ ਕਰ ਦਿੱਤਾ ਗਿਆ। ਛੇ ਵਿੱਚੋਂ ਤਿੰਨ ਟਰੱਸਟੀਆਂ ਨੇ ਉਸਨੂੰ ਦੁਬਾਰਾ ਬੋਰਡ ਵਿੱਚ ਲੈਣ ਦੇ ਖਿਲਾਫ ਵੋਟ ਪਾਈ। ਡੇਰੀਅਸ ਖੰਬਾਟਾ, ਪ੍ਰਮੀਤ ਝਾਵੇਰੀ ਤੇ ਜਹਾਂਗੀਰ ਐੱਚ ਸੀ ਜਹਾਂਗੀਰ ਨੇ ਸਹਿਮਤੀ ਵਿੱਚ ਵੋਟ ਪਾਈ ਪਰ ਨੋਇਲ ਟਾਟਾ ਸਣੇ ਤਿੰਨ ਨੇ ਵਿਰੁੱਧ। ਹਾਲਾਂਕਿ ਵੋਟਾਂ ਬਰਾਬਰ ਰਹੀਆਂ ਪਰ ਟਰੱਸਟਾਂ ਦੇ ਨਿਯਮ ਮੁਤਾਬਕ ਸਾਰਿਆਂ ਦੀ ਸਹਿਮਤੀ ਜ਼ਰੂਰੀ ਹੈ। ਜੇ ਇੱਕ ਵੀ ਵਿਰੁੱਧ ਵੋਟ ਪਾ ਦੇਵੇ ਤਾਂ ਕੋਈ ਟਰੱਸਟੀ ਨਹੀਂ ਬਣ ਸਕਦਾ। ਟਾਟਾ ਟਰੱਸਟਾਂ ਵਿੱਚ ਸਰ ਰਤਨ ਟਾਟਾ ਟਰੱਸਟ ਸਣੇ ਕੁਝ ਹੋਰ ਟਰੱਸਟ ਹਨ। ਇਹ ਟਾਟਾ ਸਨਜ਼ ਦੇ 66 ਫੀਸਦੀ ਸ਼ੇਅਰਾਂ 'ਤੇ ਕੰਟਰੋਲ ਕਰਦੇ ਹਨ। ਟਾਟਾ ਸਨਜ਼ ਵਿੱਚ ਟੀ ਸੀ ਐੱਸ, ਟਾਟਾ ਸਟੀਲ ਤੇ ਟਾਟਾ ਮੋਟਰਜ਼ ਵਰਗੀਆਂ ਕੰਪਨੀਆਂ ਹਨ। ਮਿਸਤਰੀ 2022 ਤੋਂ ਸਰ ਦੋਰਾਬਜੀ ਟਾਟਾ ਟਰੱਸਟ ਤੇ ਸਰ ਰਤਨ ਟਾਟਾ ਟਰੱਸਟ ਦੇ ਟਰੱਸਟੀ ਸਨ।

# ਉਡਾਣ 'ਚ ਭਾਰਤੀ ਵੱਲੋਂ ਚਾਕੂ ਨਾਲ ਹਮਲਾ

**ਸ਼ਿਕਾਗੋ** : ਸ਼ਿਕਾਗੋ-ਜਰਮਨੀ ਉਡਾਣ ਵਿਚ ਇੱਕ 28 ਸਾਲਾ ਭਾਰਤੀ ਨਾਗਰਿਕ ਨੇ ਕਥਿਤ ਤੌਰ 'ਤੇ ਦੋ ਅੱਲ੍ਹੜ ਉਮਰ ਦੇ ਨੌਜਵਾਨਾਂ 'ਤੇ ਚਾਕੂ ਨਾਲ ਹਮਲਾ ਕੀਤਾ ਤੇ ਨਾਲ ਦੇ ਯਾਤਰੀ ਨੂੰ ਥੱਪੜ ਮਾਰਿਆ। ਇਹ ਘਟਨਾ ਬੀਤੇ ਸਨਿੱਚਰਵਾਰ ਲੁਫਥਾਂਸਾ ਦੀ ਇੱਕ ਉਡਾਣ ਵਿੱਚ ਵਾਪਰੀ, ਜਿਸ ਕਾਰਨ ਇਸ ਉਡਾਣ ਨੂੰ ਬੋਸਟਨ ਲੋਗਨ ਅੰਤਰਰਾਸ਼ਟਰੀ ਹਵਾਈ ਅੱਡੇ ਵੱਲ ਮੋੜਨਾ ਪਿਆ। ਮੈਸੇਚਿਉਸੇਟਸ ਜ਼ਿਲ੍ਹੇ ਦੇ ਅਮਰੀਕੀ ਅਟਾਰਨੀ ਦਫ਼ਤਰ ਨੇ ਦੱਸਿਆ ਕਿ ਹਮਲਾਵਰ ਦੀ ਪਛਾਣ ਪ੍ਰਨੀਤ ਉਸੀਰੀਪੱਲੀ ਵਜੋਂ ਹੋਈ ਹੈ, ਜਿਸ ਨੇ ਇੱਕ 17 ਸਾਲਾ ਯਾਤਰੀ ਦੇ ਮੋਢੇ 'ਤੇ ਖਾਣ ਵਾਲੇ ਕਾਂਟੇ ਨਾਲ ਹਮਲਾ ਕੀਤਾ ਤੇ ਇੱਕ ਹੋਰ 17 ਸਾਲਾ ਯਾਤਰੀ ਦੇ ਸਿਰ ਦੇ ਪਿਛਲੇ ਹਿੱਸੇ ਵਿੱਚ ਚਾਕੂ ਮਾਰਿਆ।

# ਡੀ ਜੀ ਪੀ ਤੇ ਹੋਰਨਾਂ 'ਤੇ 2 ਲੱਖ ਦਾ ਜੁਰਮਾਨਾ!

## ਮੋਡੀਫਾਈਡ ਵਾਹਨਾਂ ਵਿਰੁੱਧ ਕਾਰਵਾਈ ਨਾ ਕਰਨ ਦਾ ਮਾਮਲਾ

**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੂਬੇ ਵਿੱਚ ਗੈਰ-ਕਾਨੂੰਨੀ ਤੌਰ 'ਤੇ ਚੱਲ ਰਹੇ ਮੋਡੀਫਾਈਡ ਵਾਹਨਾਂ ਵਿਰੁੱਧ ਅਦਾਲਤੀ ਹੁਕਮਾਂ ਦੀ ਪਾਲਣਾ ਨਾ ਕਰਨ 'ਤੇ ਪੰਜਾਬ ਦੇ 4 ਸੀਨੀਅਰ ਅਧਿਕਾਰੀਆਂ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ।



ਡੀ ਜੀ ਪੀ ਗੌਰਵ ਯਾਦਵ ਤੋਂ ਇਲਾਵਾ ਟਰਾਂਸਪੋਰਟ ਵਿਭਾਗ ਦੇ ਸਕੱਤਰ ਪ੍ਰਦੀਪ ਕੁਮਾਰ (ਆਈ ਏ ਐੱਸ), ਸਟੇਟ ਟਰਾਂਸਪੋਰਟ ਕਮਿਸ਼ਨਰ ਮਨੀਸ਼ ਕੁਮਾਰ (ਆਈ ਏ ਐੱਸ) ਅਤੇ ਸੰਗਰੂਰ ਦੇ ਡੀ ਸੀ ਜਤਿੰਦਰ ਜੋਰਵਾਲ (ਆਈ ਏ ਐੱਸ) ਨੂੰ ਜੁਰਮਾਨਾ ਲਗਾਇਆ ਹੈ। ਜੁਰਮਾਨਾ ਅਧਿਕਾਰੀਆਂ ਦੀਆਂ ਤਨਖਾਹਾਂ ਤੋਂ ਵਸੂਲਿਆ ਜਾਵੇਗਾ ਅਤੇ ਪੰਜਾਬ ਮੁੱਖ ਮੰਤਰੀ ਰਾਹਤ ਫੰਡ ਵਿੱਚ ਜਮ੍ਹਾਂ ਕੀਤਾ ਜਾਵੇਗਾ। ਜਸਟਿਸ ਸੁਦਾਪਤੀ ਸ਼ਰਮਾ ਨੇ ਇਹ ਹੁਕਮ ਸ਼ਹੀਦ ਭਗਤ ਸਿੰਘ ਮਿੰਨੀ ਟਰਾਂਸਪੋਰਟ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਦਾਇਰ ਇੱਕ ਮਾਣਹਾਨੀ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਜਾਰੀ ਕੀਤਾ। ਇਹ ਮਾਣਹਾਨੀ ਪਟੀਸ਼ਨ 20 ਸਤੰਬਰ, 2023 ਦੇ ਹਾਈ ਕੋਰਟ ਦੇ ਹੁਕਮ ਦੀ ਉਲੰਘਣਾ ਨਾਲ ਸੰਬੰਧਤ ਹੈ, ਜਿਸ ਵਿੱਚ ਮੋਟਰ ਵਹੀਕਲ ਐਕਟ 1988 ਦੇ ਤਹਿਤ ਗੈਰ-ਕਾਨੂੰਨੀ ਤੌਰ 'ਤੇ ਸੋਧੇ ਗਏ ਵਾਹਨਾਂ ਵਿਰੁੱਧ ਪ੍ਰਭਾਵਸ਼ਾਲੀ ਅਤੇ ਨਿਯਮਤ ਕਾਰਵਾਈ ਦਾ ਨਿਰਦੇਸ਼ ਦਿੱਤਾ ਗਿਆ ਸੀ। ਹਾਈ ਕੋਰਟ ਨੇ ਸਪੱਸ਼ਟ ਤੌਰ 'ਤੇ ਨਿਰਦੇਸ਼ ਦਿੱਤਾ ਕਿ 2,00,000 ਲੱਖ ਰੁਪਏ ਦਾ ਜੁਰਮਾਨਾ ਅਧਿਕਾਰੀਆਂ ਦੀਆਂ ਤਨਖਾਹਾਂ ਵਿੱਚੋਂ ਬਰਾਬਰ ਹਿੱਸਿਆਂ ਵਿੱਚ ਕੱਟਿਆ ਜਾਵੇ। ਇਸ ਮਾਮਲੇ ਦੀ ਅਗਲੀ ਸੁਣਵਾਈ 27 ਨਵੰਬਰ ਨੂੰ ਹੋਵੇਗੀ।

# ਗੀਲ੍ਹ ਬਣਾਉਣ ਦੇ ਚੱਕਰ 'ਚ ਯਮੁਨਾ 'ਚ ਡਿੱਗਾ ਭਾਜਪਾ ਵਿਧਾਇਕ

**ਨਵੀਂ ਦਿੱਲੀ** : ਰਾਜਧਾਨੀ ਦਿੱਲੀ ਵਿੱਚ ਛੱਠ ਤਿਉਹਾਰ ਦੌਰਾਨ, ਇੱਕ ਭਾਜਪਾ ਵਿਧਾਇਕ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਵਾਇਰਲ ਵੀਡੀਓ ਵਿੱਚ ਇਹ ਦੇਖਿਆ ਜਾ ਸਕਦਾ ਹੈ ਕਿ ਭਾਜਪਾ ਵਿਧਾਇਕ ਰਵੀ ਨੇਗੀ ਯਮੁਨਾ ਨਦੀ ਦੇ ਕੰਢੇ 'ਤੇ ਗੀਲ੍ਹ ਬਣਾ ਰਹੇ ਸਨ, ਜਦੋਂ ਉਨ੍ਹਾਂ ਦਾ ਪੈਰ ਫਿਸਲ ਗਿਆ ਅਤੇ ਉਹ ਸਿੱਧਾ ਨਦੀ ਵਿੱਚ ਡਿੱਗ ਗਿਆ। ਉਨ੍ਹਾਂ ਦੇ ਨਾਲ ਆਏ ਵਿਅਕਤੀ ਨੇ ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ, ਪਰ ਉਹ ਕੁਝ ਸਕਿੰਟਾਂ ਵਿੱਚ ਹੀ ਨਦੀ ਵਿੱਚ ਡਿੱਗ ਗਿਆ। ਇਸ ਵੀਡੀਓ ਨੂੰ ਐਕਸ 'ਤੇ ਪੋਸਟ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਵਿਧਾਇਕ ਸੰਜੀਵ ਝਾਅ ਨੇ ਭਾਜਪਾ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਨੇ ਆਪਣੇ ਐਕਸ



ਅਕਾਊਂਟ 'ਤੇ ਲਿਖਿਆ ਕਿ ਇਹ ਭਾਜਪਾ ਵਿਧਾਇਕ ਰਵੀ ਨੇਗੀ ਹੈ, ਜਿਸ ਨੇ ਝੂਠ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਉਨ੍ਹਾ ਲਿਖਿਆ ਕਿ ਬਿਆਨਬਾਜ਼ੀ ਹੁਣ ਉਨ੍ਹਾਂ ਦਾ ਪੇਸ਼ਾ ਬਣ ਗਿਆ ਹੈ। ਸ਼ਾਇਦ ਝੂਠ ਅਤੇ ਦਿਖਾਵੇ ਦੀ ਇਸ ਰਾਜਨੀਤੀ ਤੋਂ ਤੰਗ ਆ ਕੇ ਯਮੁਨਾ ਮਈਆ ਨੇ ਖੁਦ ਉਸ ਨੂੰ ਆਪਣੇ ਕੋਲ ਬੁਲਾਇਆ ਸੀ।

# .ਗਦਰੀ ਬਾਬਿਆਂ ਦੇ ਮੇਲੇ 'ਚ ਦਿੱਲੀ ਤੇ ਛੱਤੀਸਗੜ੍ਹ ਤੋਂ ਵੀ ਪੁੱਜ ਰਹੀਆਂ ਨਾਟ ਸੰਗੀਤ ਮੰਡਲੀਆਂ



**ਜਲੰਧਰ** : ਦੇਸ਼ ਭਗਤ ਯਾਦਗਾਰ ਹਾਲ ਗਦਰੀ ਬਾਬਿਆਂ ਦੇ ਮੇਲੇ ਨਾਲ ਸੰਬੰਧਤ ਸੱਦਾ ਪੱਤਰ ਅਤੇ ਦੇਸ਼ ਭਗਤਾਂ ਦੇ ਪਿੰਡਾਂ ਨੂੰ ਭੇਜੀਆਂ ਜਾ ਰਹੀਆਂ ਬੁਲਾਵੇ ਦੀਆਂ ਚਿੱਠੀਆਂ ਮੰਗਲਵਾਰ ਜਨਤਕ ਕਰਦੇ ਹੋਏ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਗਦਰੀ ਬਾਬਿਆਂ ਦੇ ਮੇਲੇ ਦਾ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਇੰਗਲੈਂਡ, ਕੈਨੇਡਾ ਅਤੇ ਵੱਖ-ਵੱਖ ਮੁਲਕਾਂ ਤੋਂ ਮੇਲਾ ਪ੍ਰੇਮੀ ਪੁੱਜਣੇ ਸ਼ੁਰੂ ਹੋ ਗਏ ਹਨ। ਦੇਸ਼ ਭਗਤਾਂ ਦੇ ਪਿੰਡਾਂ 'ਚ ਬਣੀਆਂ ਪੰਜਾਬ ਭਰ ਦੀਆਂ ਕਮੇਟੀਆਂ ਨੂੰ ਬੁਲਾਵਾ ਭੇਜਿਆ ਗਿਆ ਹੈ, ਉਹ ਸੋਵੀਨਰ ਲੋਕ ਅਰਪਣ ਕਰਨ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਨਾਲ਼ ਮੰਚ 'ਤੇ ਸੁਸ਼ੋਭਿਤ ਹੋਣ ਲਈ ਪਹਿਲੀ ਨਵੰਬਰ ਸਵੇਰੇ 10 ਵਜੇ ਝੰਡਾ ਲਹਿਰਾਉਣ ਦੀ ਰਸਮ ਮੌਕੇ ਜ਼ਰੂਰ ਹਾਲ ਵਿਚ ਪਹੁੰਚ ਜਾਣ।

ਲੋਕ ਕਲਾ ਮੰਚ ਮੰਡੀ ਮੁੱਲਾਂਪੁਰ, ਲੋਕ ਕਲਾ ਮੰਚ ਮਾਨਸਾ, ਮੰਚ ਰੰਗਮੰਚ ਅੰਮ੍ਰਿਤਸਰ, ਪ੍ਰੋਗਰੈਸਿਵ ਆਰਟਿਸਟਸ ਨਵੀਂ ਦਿੱਲੀ, ਛਤੀਸਗੜ੍ਹ, ਅਦਾਕਾਰ ਮੰਚ ਮੁਹਾਲੀ, ਚੰਡੀਗੜ੍ਹ ਸਕੂਲ ਆਫ਼ ਡਰਾਮਾ, ਵੱਖ-ਵੱਖ ਥਾਵਾਂ ਤੇ ਵਰਕਸ਼ਾਪਾਂ ਵਿੱਚ ਨਾਟਕ ਅਤੇ ਗੀਤ-ਸੰਗੀਤ ਤਿਆਰ ਰਹੇ ਹਨ।

ਸੰਗੀਤ ਦੀਆਂ ਤਿਆਰੀਆਂ ਲਈ ਮਸਾਣੀ, ਭਦੌੜ, ਰਸੂਲਪੁਰ, ਗੜ੍ਹਦੀਵਾਲਾ, ਮਾਨਵਤਾ ਕਲਾ ਮੰਚ ਨਗਰ, ਮਾਨਸਾ, ਜਗਸੀਰ ਜੀਦਾ ਅਤੇ ਹੋਰ ਕਿੰਨੀਆਂ ਥਾਵਾਂ ਤੋਂ ਤਿਆਰੀਆਂ ਕਰਕੇ ਕਲਾਕਾਰ ਹੁੰਮਹੁਮਾ ਕੇ ਪੁੱਜਣ ਰਹੇ ਹਨ।ਬੀਤੇ ਦੋ ਦਿਨ ਤੋਂ ਦੇਸ਼ ਭਗਤ ਯਾਦਗਾਰ ਹਾਲ ਦੇ ਅੰਦਰ ਇਉਂ ਜਾਪਦਾ ਹੈ, ਜਿਵੇਂ ਤਾਰੇ ਜ਼ਿਮੀਂ ਪੇ ਉਤਰ ਆਏ ਹੋਣ। ਪੂਰੀ ਤਰ੍ਹਾਂ ਖੁਭ ਕੇ ਝੰਡੇ ਦਾ ਗੀਤ ਤਿਆਰ ਕਰਦੇ ਪ੍ਰਾਇਮਰੀ ਸਕੂਲਾਂ ਤੱਕ ਦੇ ਵਿਦਿਆਰਥੀ ਨਿਠ ਕੇ ਆਪਣੇ ਸਕੂਲੀ ਦੀ ਪੜ੍ਹਾਈ ਲਈ ਵੀ ਸਮਾਂ ਕੱਢਦੇ ਹਨ।

ਵਰਕਸ਼ਾਪ ਵਿੱਚ ਸ਼ਾਮਲ 100 ਕਲਾਕਾਰਾਂ ਵਿਚ ਵੱਡੀ ਗਿਣਤੀ ਬੇਜ਼ਮੀਨੇ ਅਤੇ ਸਾਧਨ ਵਿਹੂਣੇ ਪਰਵਾਰਾਂ ਦੇ ਕਲਾਕਾਰਾਂ ਦੀ ਹੈ। ਜ਼ਿਕਰਯੋਗ ਹੈ ਕਿ ਪ੍ਰਭਾਤ ਪਟਨਾਇਕ, ਡਾ. ਸਵਰਾਜਬੀਰ, ਮੁਹੰਮਦ ਯੂਸਫ਼ ਤਾਰੀਗਾਮੀ, ਡਾ. ਨਵਸ਼ਰਨ ਤੋਂ ਇਲਾਵਾ ਆਪਣੇ ਤੌਰ 'ਤੇ ਵੀ ਮੁਲਕ ਦੀਆਂ ਨਾਮਵਰ ਸ਼ਖ਼ਸੀਅਤਾਂ ਮੇਲੇ 'ਚ ਸ਼ਿਰਕਤ ਕਰਨਗੀਆਂ।

# ਛੱਤਬੀੜ ਚਿੜੀਆ ਘਰ ਦੇ ਬਾਹਰ 18 ਈ-ਰਿਕਸ਼ਾ ਸੜ ਕੇ ਸੁਆਹ

**ਜ਼ੀਰਕਪੁਰ** : ਇੱਥੋਂ ਦੇ ਛੱਤਬੀੜ ਚਿੜੀਆ ਘਰ ਵਿੱਚ ਮੰਗਲਵਾਰ ਸਵੇਰੇ 8 ਵਜੇ ਦੇ ਕਰੀਬ ਉੱਥੇ ਖੜੇ ਈ-ਰਿਕਸ਼ਾ ਵਾਹਨਾਂ ਨੂੰ ਅਚਾਨਕ ਅੱਗ ਲੱਗ ਗਈ। ਥੋੜ੍ਹੀ ਦੇਰ ਵਿੱਚ ਅੱਗ ਐਨੀ ਭੜਕ ਗਈ ਕਿ ਉਸ ਨੇ ਉਥੇ ਖੜੇ ਸਾਰੇ ਈ-ਰਿਕਸ਼ਾ ਵਾਹਨਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਮੌਕੇ 'ਤੇ ਖੜੇ ਕਰਮਚਾਰੀਆਂ ਵੱਲੋਂ ਇਸ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ। ਅੱਗ 'ਤੇ ਕਾਬੂ ਪਾਉਣ ਤੱਕ 18 ਦੇ ਕਰੀਬ ਈ-ਰਿਕਸ਼ਾ ਸੜ ਕੇ ਸੁਆਹ ਹੋ ਗਏ। ਅੱਗ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਛੱਤਬੀੜ ਚਿੜੀਆ ਘਰ ਵਿੱਚ ਪ੍ਰਦੂਸ਼ਣ ਤੋਂ ਬਚਾਉਣ ਲਈ ਸੈਲਾਨੀਆਂ ਨੂੰ ਘੁਮਾਉਣ ਵਾਸਤੇ ਬਿਜਲੀ ਨਾਲ ਚੱਲਣ ਵਾਲੇ ਈ-ਰਿਕਸ਼ਾ ਵਾਹਨਾਂ ਨੂੰ ਮਨਜ਼ੂਰੀ ਦਿੱਤੀ ਗਈ ਸੀ।

# ਪਹਿਲੀ ਵਾਰ ਪੁਲਸ ਮੁਲਾਜ਼ਮਾਂ ਦੀ ਗਿਣਤੀ ਲੱਖ ਤੋਂ ਪਾਰ ਹੋਵੇਗੀ : ਮਾਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਇਥੇ ਕਿਹਾ ਕਿ ਸੂਬੇ ਵਿੱਚ ਕਾਨੂੰਨ ਵਿਵਸਥਾ ਨੂੰ ਸੁਚੱਜੇ ਢੰਗ ਨਾਲ ਬਣਾਈ ਰੱਖਣ ਲਈ ਪੰਜਾਬ ਪੁਲਸ ਵਿੱਚ ਮੁਲਾਜ਼ਮਾਂ ਦੀ ਗਿਣਤੀ ਪਹਿਲੀ ਵਾਰ ਇੱਕ ਲੱਖ ਦੇ ਅੰਕੜੇ ਨੂੰ ਪਾਰ ਕਰੇਗੀ, ਕਿਉਂਕਿ ਸੂਬਾ ਸਰਕਾਰ ਵੱਲੋਂ ਇੱਕ ਵੱਡੀ ਭਰਤੀ ਮੁਹਿੰਮ ਸ਼ੁਰੂ ਕੀਤੀ ਗਈ ਹੈ।ਪੰਜਾਬ ਪੁਲਸ ਦੇ ਜਾਂਚ ਅਧਿਕਾਰੀਆਂ ਲਈ ਛੇ ਦਿਨਾਂ ਦੇ ਪ੍ਰਮਾਣਿਤ ਇਨਵੈਸਟੀਗੇਟਰ ਕੋਰਸ ਦੀ ਸ਼ੁਰੂਆਤ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਲ 2000 ਵਿੱਚ ਪੰਜਾਬ ਪੁਲਸ ਦੀ ਗਿਣਤੀ 80,000 ਸੀ, ਜੋ ਅੱਜ ਵੀ ਲਗਭਗ ਓਨੀ ਹੀ ਹੈ। ਇਹ ਗਿਣਤੀ ਜਲਦ ਹੀ ਇੱਕ ਲੱਖ ਦੇ ਅੰਕੜੇ ਨੂੰ ਪਾਰ ਕਰ ਜਾਵੇਗੀ, ਕਿਉਂਕਿ ਸੂਬਾ ਸਰਕਾਰ ਵੱਲੋਂ ਪਹਿਲਾਂ ਹੀ ਸੂਬੇ ਵਿੱਚ ਵੱਡੇ ਪੱਧਰ 'ਤੇ ਭਰਤੀ ਮੁਹਿੰਮਾਂ ਜਾਰੀ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਸ਼ੁਰੂ ਕੀਤੀ ਗਈ ਇੱਕ ਨਵੀਂ ਅਤੇ ਮਹੱਤਵਪੂਰਨ ਪਹਿਲਕਦਮੀ ਤਹਿਤ ਇਸ ਛੇ ਦਿਨਾਂ ਸਿਖਲਾਈ ਵਰਕਸ਼ਾਪ ਵਿੱਚ ਕੁੱਲ 730 ਜਾਂਚ ਅਧਿਕਾਰੀ ਹਿੱਸਾ ਲੈਣਗੇ। ਉਨ੍ਹਾ ਕਿਹਾ ਕਿ ਐੱਨ ਡੀ ਪੀ ਐੱਸ ਐਕਟ ਤਹਿਤ ਨਸ਼ਾ ਤਸਕਰਾਂ ਅਤੇ ਸਮੱਗਲਰਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਜਦੋਂ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਸੀ ਤਾਂ ਉਹ ਅਕਸਰ ਕਾਨੂੰਨੀ ਖਾਮੀਆਂ ਦਾ ਫਾਇਦਾ ਉਠਾ ਕੇ ਸਜ਼ਾ ਤੋਂ ਬਚ ਨਿਕਲਦੇ ਸਨ। ਉਨ੍ਹਾ ਕਿਹਾ ਕਿ ਇਸੇ ਤਰ੍ਹਾਂ ਪਹਿਲਾਂ ਸਿਆਸੀ ਦਖਲਅੰਦਾਜ਼ੀ ਵੀ ਕਾਫੀ ਜ਼ਿਆਦਾ ਹੁੰਦੀ ਸੀ, ਜਿਸ ਨਾਲ ਤਸਕਰਾਂ ਨੂੰ ਰਿਹਾਅ ਹੋਣ ਵਿੱਚ ਮਦਦ ਮਿਲਦੀ ਸੀ, ਪਰ ਹੁਣ ਅਜਿਹੀ ਕਿਸੇ ਵੀ ਸਿਆਸੀ ਦਖਲਅੰਦਾਜ਼ੀ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਗਿਆ ਹੈ।


## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਸਤੀਸ਼ ਭੀਰੀ
ਜੈਤੋ
94176-12036



ਦਰਸ਼ਨ ਜਿੰਦਲ
ਰਾਮਪੁਰਾ ਫੂਲ
94172-27460



ਜਸਵੀਰ ਕਾਜਲ
ਅੱਡਾ ਸਰਾਂ
99151-17589



ਨਿਰਮਲ ਸਿੰਘ ਮੁੱਗੋਵਾਲ
ਜੇਜੋਂ (ਹੁਸ਼ਿਆਰਪੁਰ)
82888-45926

**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ** ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ


# ਪਿਓ-ਧੀ ਨੇ ਟਾਇਲਟ ਕਲੀਨਰ ਵਰਤ ਕੇ ਘੜੀ ਤੇਜ਼ਾਬ ਹਮਲੇ ਦੀ ਕਹਾਣੀ

**ਨਵੀਂ ਦਿੱਲੀ** : ਉੱਤਰ-ਪੱਛਮੀ ਦਿੱਲੀ ਦੇ ਲਕਸ਼ਮੀ ਬਾਈ ਕਾਲਜ ਨੇੜੇ ਹੋਏ ਕਥਿਤ ਤੇਜ਼ਾਬ ਹਮਲੇ ਦੇ ਮਾਮਲੇ ਵਿੱਚ ਇੱਕ ਹੈਰਾਨੀਜਨਕ ਮੋੜ ਆਇਆ ਹੈ। ਦਿੱਲੀ ਪੁਲਸ ਨੇ ਖੁਲਾਸਾ ਕੀਤਾ ਹੈ ਕਿ ਇਹ ਸਾਰੀ ਘਟਨਾ ਪੀੜਤਾ ਅਤੇ ਉਸ ਦੇ ਪਿਤਾ ਵੱਲੋਂ ਟਾਇਲਟ ਕਲੀਨਰ ਦੀ ਵਰਤੋਂ ਕਰਕੇ ਮਨਘੜਤ ਬਣਾਈ ਗਈ ਸੀ। ਅਧਿਕਾਰੀਆਂ ਅਨੁਸਾਰ 20 ਸਾਲਾ ਲੜਕੀ ਦੇ ਪਿਤਾ, ਜਿਸ ਦੀ ਪਛਾਣ ਅਕੀਲ ਖਾਨ ਵਜੋਂ ਹੋਈ ਹੈ, ਨੇ ਝੂਠੀ ਤੇਜ਼ਾਬ ਹਮਲੇ ਦੀ ਕਹਾਣੀ ਘੜਨ ਦੀ ਗੱਲ ਕਬੂਲ ਕੀਤੀ ਹੈ। ਪੁਲਸ ਨੇ ਖਾਨ ਨੂੰ ਸੰਗਮ ਵਿਹਾਰ ਤੋਂ ਗ੍ਰਿਫ਼ਤਾਰ ਕੀਤਾ, ਜਿੱਥੇ ਉਹ ਲੁਕਿਆ ਹੋਇਆ ਸੀ। ਖਾਨ ਨੇ ਝੂਠੀ ਕਹਾਣੀ ਘੜ ਕੇ ਜਿਨ੍ਹਾਂ ਆਦਮੀਆਂ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਸੀ, ਉਨ੍ਹਾਂ ਵਿੱਚੋਂ ਇੱਕ ਦੀ ਪਤਨੀ ਨੇ ਉਸ ਦੇ ਖ਼ਿਲਾਫ਼ ਜਬਰ-ਜ਼ਨਾਹ ਦੀ ਸ਼ਿਕਾਇਤ ਦਰਜ ਕਰਵਾਈ ਸੀ। ਜਾਂਚ ਵਿੱਚ ਸਾਹਮਣੇ ਆਇਆ ਕਿ ਖਾਨ ਅਤੇ ਉਸ ਦੀ ਧੀ ਨੇ ਇਸ ਝੂਠੀ ਘਟਨਾ ਦੀ ਸਾਜ਼ਿਸ਼ ਤਿੰਨ ਵਿਅਕਤੀਆਂ ਨੂੰ ਫਸਾਉਣ ਲਈ ਰਚੀ ਸੀ, ਜਿਨ੍ਹਾਂ ਵਿੱਚੋਂ ਇੱਕ ਉਸ ਔਰਤ ਦਾ ਪਤੀ ਹੈ ਜਿਸ ਨੇ ਪਹਿਲਾਂ ਖਾਨ 'ਤੇ ਜਿਨਸੀ ਤੌਰ 'ਤੇ ਪਰੇਸ਼ਾਨ ਕਰਨ ਦਾ ਦੋਸ਼ ਲਾਇਆ ਸੀ। ਪੁੱਛਗਿੱਛ ਦੌਰਾਨ ਖਾਨ ਨੇ ਮੰਨਿਆ ਕਿ ਉਸ ਦੀ ਧੀ ਨੇ ਟਾਇਲਟ ਕਲੀਨਰ ਆਪਣੇ ਹੱਥਾਂ 'ਤੇ ਇਸ ਲਈ ਪਾ ਲਿਆ ਸੀ ਤਾਂ ਜੋ ਜਲਣ ਦੇ ਨਿਸ਼ਾਨ ਪੈਦਾ ਹੋ ਜਾਣ ਅਤੇ ਹਮਲਾ ਅਸਲੀ ਲੱਗੇ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ, 'ਦੋਸ਼ੀ ਨੇ ਕਬੂਲ ਕੀਤਾ ਕਿ ਇਹ ਸਾਰੀ ਕਹਾਣੀ ਬਦਲੇ ਦੀ ਯੋਜਨਾ ਦੇ ਹਿੱਸੇ ਵਜੋਂ ਮਨਘੜਤ ਸੀ। ਦਿੱਲੀ ਪੁਲਸ ਨੇ ਹੁਣ ਝੂਠੇ ਤੇਜ਼ਾਬ ਹਮਲੇ ਦੀ ਕਹਾਣੀ ਘੜਨ ਲਈ ਲੜਕੀ ਅਤੇ ਉਸ ਦੇ ਪਿਤਾ ਖ਼ਿਲਾਫ਼ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਦੂਜੇ ਸਾਲ ਦੀ ਓਪਨ ਸਕੂਲ ਦੀ ਵਿਦਿਆਰਥਣ ਪੀੜਤਾ ਨੇ ਦੋਸ਼ ਲਾਇਆ ਸੀ ਕਿ ਉਸ ਦੇ ਜਾਣਕਾਰ ਜਤਿੰਦਰ ਅਤੇ ਉਸ ਦੇ ਦੋਸਤਾਂ ਈਸ਼ਾਨ ਅਤੇ ਅਰਮਾਨ ਨੇ ਉਸ 'ਤੇ ਹਮਲਾ ਕੀਤਾ ਜਦੋਂ ਉਹ ਕਾਲਜ ਵੱਲ ਜਾ ਰਹੀ ਸੀ। ਉਸ ਨੇ ਦਾਅਵਾ ਕੀਤਾ ਕਿ ਈਸ਼ਾਨ ਵੱਲੋਂ ਬੋਤਲ ਦਿੱਤੇ ਜਾਣ ਤੋਂ ਬਾਅਦ ਅਰਮਾਨ ਨੇ ਉਸ 'ਤੇ ਤੇਜ਼ਾਬ ਸੁੱਟਿਆ। ਉਸ ਦੇ ਬਿਆਨ ਦੇ ਆਧਾਰ 'ਤੇ ਭਾਰਤ ਨਗਰ ਪੁਲਸ ਸਟੇਸ਼ਨ ਵਿੱਚ ਇੱਕ ਕੇਸ ਦਰਜ ਕੀਤਾ ਗਿਆ ਸੀ। ਹਾਲਾਂਕਿ ਜਾਂਚ ਵਿੱਚ ਕਈ ਗੜਬੜੀਆਂ ਸਾਹਮਣੇ ਆਈਆਂ। ਸੀ ਸੀ ਟੀ ਵੀ ਫੁਟੇਜ, ਸੀ ਡੀ ਆਰ ਵਿਸ਼ਲੇਸ਼ਣ ਅਤੇ ਗਵਾਹਾਂ ਦੇ ਬਿਆਨਾਂ ਨੇ ਇਹ ਸਥਾਪਤ ਕੀਤਾ ਕਿ ਸ਼ਿਕਾਇਤ ਵਿੱਚ ਦੱਸਿਆ ਗਿਆ ਦੋਸ਼ੀ, ਜਤਿੰਦਰ, ਕਥਿਤ ਘਟਨਾ ਦੇ ਸਮੇਂ ਕਰੋਲ ਬਾਗ ਵਿੱਚ ਸੀ ਅਤੇ ਉਸ ਦਾ ਮੋਟਰਸਾਈਕਲ ਵੀ ਉੱਥੇ ਹੀ ਮਿਲਿਆ ਸੀ। ਇਸ ਦੌਰਾਨ, ਸਹਿ-ਦੋਸ਼ੀ ਅਰਮਾਨ ਅਤੇ ਈਸ਼ਾਨ ਆਪਣੀ ਮਾਂ ਸ਼ਬਨਮ ਦੇ ਨਾਲ ਆਗਰਾ ਵਿੱਚ ਪਾਏ ਗਏ। ਸੀ ਸੀ ਟੀ ਵੀ ਫੁਟੇਜ ਵਿੱਚ ਇਹ ਵੀ ਦਿਖਾਇਆ ਗਿਆ ਕਿ ਪੀੜਤਾ ਨੂੰ ਉਸ ਦੇ ਭਰਾ ਨੇ ਅਸ਼ੋਕ ਵਿਹਾਰ ਨੇੜੇ ਛੱਡਿਆ ਸੀ, ਜਿਸ ਤੋਂ ਬਾਅਦ ਉਸ ਨੇ ਕਾਲਜ ਵੱਲ ਜਾਣ ਲਈ ਈ-ਰਿਕਸ਼ਾ ਲਿਆ, ਜਿਸ ਨਾਲ ਉਸ ਦੇ ਘਟਨਾ ਦੇ ਵਰਣਨ 'ਤੇ ਹੋਰ ਸਵਾਲ ਖੜ੍ਹੇ ਹੋ ਗਏ।

## ਅੱਜ-ਨਾਮਾ

ਪ੍ਰਧਾਨ ਮੰਤਰੀ ਦੀ ਖਾਸ ਇੱਕ ਯੋਜਨਾ ਨੂੰ,
ਸਾਈਬਰ ਠੱਗਾਂ ਨੇ ਲਾਈ ਆ ਢਾਹ ਬੇਲੀ।
ਭੇਜਿਆ ਫੰਡ ਕਿਸਾਨਾਂ ਨੂੰ ਕਹਿਣ ਜਿਹੜਾ,
ਕੱਟ ਲਿਆ ਉਸ ਦਾ ਬਿੱਲੀਆਂ ਰਾਹ ਬੇਲੀ।
ਖਾਤੇ ਬਣਾਏ ਆ ਠੱਗਾਂ ਕੁਝ ਅਫਸਰਾਂ ਦੇ,
ਬੈਂਕਿੰਗ ਪ੍ਰਬੰਧ ਦਾ ਲੈ ਲਿਆ ਲਾਹ ਬੇਲੀ।
ਕਿੰਨੇ ਕਰੋੜ ਦਾ ਵੀ ਉਨ੍ਹਾਂ ਦਾਅ ਲਾਇਆ,
ਚੱਲੀ ਸਿਸਟਮ ਦੀ ਪੇਸ਼ ਨਹੀਂ ਵਾਹ ਬੇਲੀ।
ਆਖਦੀ ਖਬਰ ਆ ਠੱਗ ਕੁਝ ਗਏ ਪਕੜੇ,
ਬਾਕੀ ਫੜਨ ਲਈ ਹੋਵੇ ਪਈ ਭਾਲ ਬੇਲੀ।
ਜਦੋਂ ਤੱਕ ਉਨ੍ਹਾਂ ਦਾ ਲੱਭਿਆ ਖੁਰਾ ਜਾਣਾ,
ਚੱਲ ਗਏ ਹੋਣਗੇ ਨਵੀਂ ਕੋਈ ਚਾਲ ਬੇਲੀ।

-ਤੀਸ ਮਾਰ ਖਾਂ

# ਕਮਿਊਨਿਸਟ ਪਾਰਟੀ ਦੀ ਲਹਿਰ ਉਸਾਰਨ ਲਈ ਮਜ਼ਬੂਤ ਜਥੇਬੰਦਕ ਢਾਂਚਾ ਅਤਿ ਜ਼ਰੂਰੀ : ਅਰਸ਼ੀ

**ਮਾਨਸਾ (ਆਤਮਾ ਸਿੰਘ ਪਮਾਰ)**



ਮਜ਼ਬੂਤ ਕਮਿਊਨਿਸਟ ਪਾਰਟੀ ਲਹਿਰ ਦੀ ਉਸਾਰੀ ਲਈ ਜ਼ਮੀਨੀ ਪੱਧਰ 'ਤੇ ਪਿੰਡ ਤੋਂ ਜ਼ਿਲ੍ਹਾ ਇਕਾਈਆਂ ਨੂੰ ਮਜ਼ਬੂਤ ਕਰਨਾ ਅਤਿ ਜ਼ਰੂਰੀ ਹੈ। ਪਾਰਟੀ ਵਿਧਾਨ ਤੇ ਸਕੂਲਿੰਗ ਦੀ ਸਿਧਾਂਤਕ ਸਮਝ ਬਣਾ ਕੇ ਅਵਾਮੀ ਜਥੇਬੰਦੀਆਂ ਕਿਸਾਨ, ਮਜ਼ਦੂਰ, ਨੌਜਵਾਨ, ਵਿਦਿਆਰਥੀ, ਔਰਤਾਂ ਦੀਆਂ ਜਥੇਬੰਦੀਆਂ ਅਤੇ ਟਰੇਡ ਯੂਨੀਅਨਾਂ ਬਣਾ ਕੇ ਕਾਡਰ ਨੂੰ ਪਾਰਟੀ ਨਾਲ ਜੋੜਿਆ ਜਾ ਸਕਦਾ ਹੈ। ਲੀਡਰਸ਼ਿਪ ਰਾਜਨੀਤਕ, ਆਰਥਿਕ ਅਤੇ ਸਮਾਜਕ ਸਮਝ ਨਾਲ ਹਰ ਵਰਗ ਦੇ ਬੁਨਿਆਦੀ ਮਸਲਿਆਂ ਤੇ ਸਵਾਲਾਂ ਲਈ ਸੰਘਰਸ਼ ਦੇ ਮੈਦਾਨ 'ਚ ਉਤਰੇਗੀ। ਸਬ-ਡਵੀਜ਼ਨ ਮਾਨਸਾ ਦੀ ਜਥੇਬੰਦਕ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਨੇ ਕਿਹਾ ਕਿ ਕਮਜ਼ੋਰ ਲਹਿਰ ਦੇ ਹੋਰ ਵੀ ਅਨੇਕਾਂ ਕਾਰਨ ਹੋ ਸਕਦੇ ਹਨ, ਪ੍ਰੰਤੂ ਸਿਧਾਂਤਕ ਸਮਝ ਹੀ ਵਰਤਮਾਨ ਹਾਲਤਾਂ ਤੇ ਸਥਿਤੀਆਂ ਦਾ ਸਾਹਮਣਾ ਕਰ ਸਕਦੀ ਹੈ, ਜੋ ਭਵਿੱਖ ਦੀਆਂ ਚੁਣੌਤੀਆਂ ਤੇ ਆਪਣੀ ਸਿਆਸੀ ਸਮਝ ਰਾਹੀਂ ਲੋਕਾਂ ਨੂੰ ਲਾਮਬੰਦ ਕਰਨ ਦੇ ਸਮਰੱਥ ਹੋ ਸਕਦੀ ਹੈ। ਉਹਨਾ ਨਵੀਂ ਨਵੀਂ ਚੁਣੀ ਜਾ ਰਹੀ ਟੀਮ ਨੂੰ ਇਸ ਨੂੰ ਅਮਲੀ ਰੂਪ 'ਚ ਲਾਗੂ ਕਰਨ ਦੀ ਅਪੀਲ ਕੀਤੀ।ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਸਵਾਗਤੀ ਭਾਸ਼ਣ ਮੌਕੇ ਪਾਰਟੀ ਦੇ ਸ਼ਾਨਾਮੱਤੇ ਇਤਿਹਾਸ ਤੇ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਜੋਕੇ ਸਮੇਂ ਸਿਆਸੀ ਸਮਝ ਹੀ ਸਰਮਾਏਦਾਰੀ ਪ੍ਰਬੰਧ ਖਿਲਾਫ ਸੰਘਰਸ਼ ਨੂੰ ਹੋਰ ਤੇਜ਼ ਕਰ ਸਕਦੀ ਹੈ।

ਦਲਜੀਤ ਮਾਨਸ਼ਾਹੀਆ, ਕਪੂਰ ਸਿੰਘ ਕੋਟ ਲੱਲੂ, ਸੁਖਰਾਜ ਸਿੰਘ ਜੋਗਾ ਤੇ ਸਤਪਾਲ ਕੌਰ ਖੀਵਾ ਖੁਰਦ ਨੇ ਕਾਨਫਰੰਸ ਦੀ ਪ੍ਰਧਾਨਗੀ ਕੀਤੀ। ਇਸ ਸਮੇਂ ਇੱਕ ਸ਼ੋਕ ਮਤੇ ਰਾਹੀਂ ਲਹਿਰ ਨਾਲੋਂ ਵਿਛੜੇ ਸਾਥੀਆਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਉਪਰੰਤ ਸਕੱਤਰ ਨੇ ਪਿਛਲੇ ਤਿੰਨ ਸਾਲਾਂ ਦੇ ਲੇਖੇ-ਜੋਖੇ ਦੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ ਤੇ ਡੈਲੀਗੇਟਾਂ ਵੱਲੋਂ ਬਹਿਸ ਕਰਨ ਉਪਰੰਤ ਇਸ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

ਕਾਨਫਰੰਸ ਦੌਰਾਨ ਸਬ-ਡਵੀਜ਼ਨ ਮਾਨਸਾ ਲਈ 15 ਮੈਂਬਰੀ ਕਮੇਟੀ ਦਾ ਪੈਨਲ ਪੇਸ਼ ਕੀਤਾ ਗਿਆ ਅਤੇ ਹਾਊਸ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ। 15 ਮੈਂਬਰੀ ਕਮੇਟੀ ਦੀ ਚੋਣ 'ਚ ਰੂਪ ਸਿੰਘ ਢਿੱਲੋਂ ਸਕੱਤਰ, ਕੇਵਲ ਸਿੰਘ ਸਮਾਓ ਮੀਤ ਸਕੱਤਰ, ਕਰਨੈਲ ਸਿੰਘ ਭੀਖੀ ਕੈਸ਼ੀਅਰ, ਦਲਜੀਤ ਸਿੰਘ ਮਾਨਸ਼ਾਹੀਆ, ਹਰਪਾਲ ਸਿੰਘ ਬੱਪੀਆਣਾ, ਗੁਰਦਿਆਲ ਸਿੰਘ ਦਲੇਲ ਸਿੰਘ ਵਾਲਾ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਸੁਖਰਾਜ ਸਿੰਘ ਜੋਗਾ, ਭੋਲਾ ਸਿੰਘ ਜੋਗਾ, ਕਪੂਰ ਸਿੰਘ ਕੋਟ ਲੱਲੂ, ਸ਼ਿੰਦਰਪਾਲ ਸਿੰਘ ਪੱਪੀ ਮੂਲਾ ਸਿੰਘ ਵਾਲਾ, ਬੂਟਾ ਸਿੰਘ ਬਰਨਾਲਾ, ਸਤਪਾਲ ਕੌਰ ਕਮੇਟੀ ਮੈਂਬਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਜ਼ਿਲ੍ਹਾ ਕਾਨਫਰੰਸ ਲਈ ਕਮੇਟੀ ਸਮੇਤ ਡੈਲੀਗੇਟਾਂ ਦੀ ਚੋਣ ਵੀ ਕੀਤੀ ਗਈ। ਹੋਰਨਾਂ ਤੋਂ ਇਲਾਵਾ ਸੁਖਦੇਵ ਪੰਧੇਰ, ਸੁਖਦੇਵ ਸਿੰਘ ਮਾਨਸਾ, ਧੰਨਾ ਸਿੰਘ, ਰਾਜਵਿੰਦਰ ਸਿੰਘ ਰਾਜੂ, ਮੱਖਣ ਸਿੰਘ ਬੀਰ ਖ਼ੁਰਦ, ਗੁਰਚਰਨ ਸਿੰਘ ਭੀਖੀ ਤੇ ਸੁਰਜੀਤ ਸਿੰਘ ਆਦਿ ਹਾਜ਼ਰ ਸਨ।

# ਬਿਸ਼ਨੋਈ ਗਰੋਹ ਦਾ ਸਾਬਕਾ ਮੈਂਬਰ ਜਗਦੀਪ ਸਿੰਘ ਉਰਫ਼ ਜੱਗਾ ਅਮਰੀਕਾ 'ਚ ਗ੍ਰਿਫ਼ਤਾਰ

**ਅਬੋਹਰ/ਸ੍ਰੀਗੰਗਾਨਗਰ** : ਇਮੀਗ੍ਰੇਸ਼ਨ ਤੇ ਕਸਟਮਜ਼ ਐਨਫੋਰਸਮੈਂਟ ਨੇ ਲਾਰੈਂਸ ਬਿਸ਼ਨੋਈ ਗਰੋਹ ਦੇ ਸਾਬਕਾ ਸਰਗਰਮ ਮੈਂਬਰ ਤੇ ਮੌਜੂਦਾ ਸਮੇਂ ਰੋਹਿਤ ਗੋਂਦਾਰਾ ਗਰੋਹ ਲਈ ਕੰਮ ਕਰਦੇ ਗੈਂਗਸਟਰ ਜਗਦੀਪ ਸਿੰਘ ਉਰਫ਼ ਜੱਗਾ ਨੂੰ ਅਮਰੀਕਾ ਵਿਚ ਕੈਨੇਡਾ ਨਾਲ ਲੱਗਦੀ ਸਰਹੱਦ ਤੋਂ ਗ੍ਰਿਫਤਾਰ ਕੀਤਾ ਹੈ।

ਜੱਗਾ ਦੀ ਗ੍ਰਿਫ਼ਤਾਰੀ ਵਿਚ ਰਾਜਸਥਾਨ ਪੁਲਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐਫ) ਦੀ ਅਹਿਮ ਭੂਮਿਕਾ ਰਹੀ ਹੈ। ਏ ਜੀ ਟੀ ਐੱਫ ਨੇ ਗ੍ਰਿਫ਼ਤਾਰੀ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਜੱਗਾ ਨੂੰ ਭਾਰਤ ਵਾਪਸ ਲਿਆਉਣ ਲਈ ਕਾਨੂੰਨੀ ਚਾਰਾਜ਼ੋਈ ਸ਼ੁਰੂ ਕਰ ਦਿੱਤੀ ਗਈ ਹੈ। ਅਧਿਕਾਰਤ ਸੂਤਰਾਂ ਨੇ ਕਿਹਾ ਕਿ ਜੱਗਾ, ਜੋ ਧੂਰਕੋਟ ਪੰਜਾਬ ਦਾ ਵਸਨੀਕ ਹੈ, ਲੰਮੇ ਸਮੇਂ ਤੋਂ ਭਗੌੜਾ ਸੀ। ਜੱਗੇ ਦਾ ਗਰੋਹ ਮੁੱਖ ਤੌਰ 'ਤੇ ਪੰਜਾਬ ਅਤੇ ਰਾਜਸਥਾਨ ਵਿੱਚ ਸਰਗਰਮ ਹੈ। ਉਸ ਖਿਲਾਫ ਪੰਜਾਬ ਵਿੱਚ ਇੱਕ ਦਰਜਨ ਤੋਂ ਵੱਧ ਮਾਮਲੇ ਦਰਜ ਹਨ ਅਤੇ ਅਦਾਲਤ ਨੇ ਉਸ ਨੂੰ ਭਗੌੜਾ ਐਲਾਨਿਆ ਹੋਇਆ ਹੈ।

ਮਾਰਚ 2017 ਵਿੱਚ ਜੱਗਾ ਨੂੰ ਜੋਧਪੁਰ ਦੇ ਪ੍ਰਤਾਪ ਨਗਰ ਥਾਣਾ ਖੇਤਰ ਵਿੱਚ ਡਾ. ਸੁਨੀਲ ਚੰਦਕ 'ਤੇ ਫਾਇਰਿੰਗ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਮਾਮਲੇ ਵਿੱਚ ਲਾਰੈਂਸ ਬਿਸ਼ਨੋਈ ਅਤੇ ਅਨਮੋਲ ਬਿਸ਼ਨੋਈ ਨਾਲ ਜੇਲ੍ਹ ਭੇਜਿਆ ਗਿਆ ਸੀ।

ਉਹ ਸਤੰਬਰ 2017 ਵਿੱਚ ਜੋਧਪੁਰ ਦੇ ਸਰਦਾਰਪੁਰਾ ਥਾਣਾ ਖੇਤਰ ਵਿੱਚ ਵਾਸੂਦੇਵ ਅਸਰਾਨੀ ਦੇ ਕਤਲ ਵਿੱਚ ਵੀ ਸ਼ਾਮਲ ਸੀ। ਜ਼ਮਾਨਤ ਮਿਲਣ ਤੋਂ ਬਾਅਦ ਉਹ ਕਰੀਬ ਤਿੰਨ ਸਾਲ ਪਹਿਲਾਂ ਦੁਬਈ ਭੱਜ ਗਿਆ ਸੀ ਅਤੇ ਉਥੋਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਚਲਾ ਗਿਆ ਸੀ।

## ਹੰਕਾਰ ਤੇ ਸੰਸਕਾਰ 'ਚ ਬਹੁਤ ਫਰਕ ਹੁੰਦੇ : ਅਮੋਲਕ ਸਿੰਘ



**ਜੈਤੋ (ਸਤੀਸ਼ ਕੁਮਾਰ ਭੋਗੀ)**-ਸ਼ਬਦਾਂ ਦਾ ਮੁੱਲ ਤਾਂ ਬੋਲਣ ਤੋਂ ਪਤਾ ਲੱਗ ਜਾਂਦਾ ਹੈ, ਨਹੀਂ ਤਾਂ ਸ਼ਬਦਾਂ ਤਾਂ ਪਾਇਦਾਨ 'ਤੇ ਵੀ ਲਿਖਿਆ ਹੁੰਦਾ ਹੈ। ਆਪਣੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਨੇ ਕਿਹਾ ਕਿ ਜਿਸ ਸਮੇਂ ਤੋਂ ਸਾਡਾ ਮਨ ਆਪਣੇ ਤੋਂ ਦੂਸਿਆਂ ਲਈ ਚੰਗਾ ਸੋਚਣਾ ਸ਼ੁਰੂ ਕਰ ਦਿੰਦਾ ਹੈ, ਸਾਂਝੀ ਉਸੇ ਵੇਲੇ ਸਾਡੇ ਜੀਵਨ ਵਿੱਚ ਪ੍ਰਵੇਸ਼ ਕਰ ਜਾਂਦੀ ਹੈ।ਅਮੋਲਕ ਸਿੰਘ ਨੇ ਮਨ ਦੇ ਭਾਵ ਪ੍ਰਗਟ ਕਰਦਿਆਂ ਕਿਹਾ ਕਿ ਸੁੱਖ ਵੀ ਬਹੁਤ ਹੈ, ਪ੍ਰੇਸ਼ਾਨੀਆਂ ਵੀ ਬਹੁਤ ਹਨ, ਜ਼ਿੰਦਗੀ ਵਿੱਚ ਲਾਭ ਵੀ ਹੈ ਤੇ ਹਾਨੀਆਂ ਵੀ ਬਹੁਤ ਹਨ, ਕੀ ਹੋਇਆ ਜੇ ਭਗਵਾਨ ਨੇ ਥੋੜ੍ਹੇ ਦੁੱਖ ਦੇ ਦਿੱਤੇ, ਉਸ ਦੀਆਂ ਸਾਡੇ 'ਤੇ ਮਿਹਰਬਾਨੀਆਂ ਵੀ ਬਹੁਤ ਹਨ।ਬਹੁਤ ਹੀ ਭਾਵਪੂਰਨ ਲਹਿਜੇ ਵਿੱਚ ਵਿਧਾਇਕ ਨੇ ਅੱਗੇ ਕਿਹਾ ਕਿ ਗਿਆਨ ਤੋਂ ਬਾਅਦ ਜੇਕਰ ਹੰਕਾਰ ਦਾ ਜਨਮ ਹੁੰਦਾ ਹੈ ਤਾਂ ਉਹ ਗਿਆਨ ਜ਼ਹਿਰ ਹੈ ਤੇ ਗਿਆਨ ਤੋਂ ਬਾਅਦ ਮਿਠਾਸ ਤੇ ਆਪਣੇਪਣ ਦਾ ਜਨਮ ਹੁੰਦਾ ਹੈ ਤਾਂ ਇਹੀ ਗਿਆਨ ਅੰਮ੍ਰਿਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਹਰ ਵੇਲੇ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਕੋਈ ਵੀ ਸਮਾਂ ਇੱਕ ਸਮਾਨ ਨਹੀਂ ਰਹਿੰਦਾ, ਮਤਲਬ ਸਮਾਂ ਪਰਿਵਰਤਨਸ਼ੀਲ ਹੈ ਇਸ ਲਈ ਚੰਗੇ ਸਮੇਂ ਵਿੱਚ ਹੰਕਾਰ ਨਾ ਕਰੋ ਤੇ ਬੁਰੇ ਸਮੇਂ ਵਿੱਚ ਪ੍ਰੇਸ਼ਾਨ ਨਹੀਂ ਹੋਣਾ ਚਾਹੀਦਾ।ਅੰਤ ਵਿੱਚ ਅਮੋਲਕ ਸਿੰਘ ਨੇ ਕਿਹਾ ਕਿ ਹੰਕਾਰ ਤੇ ਸੰਸਕਾਰ ਵਿੱਚ ਫਰਕ ਹੈ।ਹੰਕਾਰ ਦੂਜੇ ਨੂੰ ਝੁਕਾ ਕੇ ਖੁਸ਼ ਹੁੰਦਾ ਹੈ ਤੇ ਸੰਸਕਾਰ ਖੁਦ ਨੂੰ ਝੁਕਾ ਕੇ ਖੁਸ਼ ਹੁੰਦਾ ਹੈ।

## ਪੁਲਸ ਵੱਲੋਂ ਪਿੰਡ ਮਾੜੀ ਮੁਸਤਫ਼ਾ 'ਚ ਪੈਟਰੋਲ ਬੰਬ ਸੁੱਟਣ ਵਾਲੇ 3 ਕਾਬੂ



**ਮੋਗਾ (ਇਕਬਾਲ ਸਿੰਘ ਖਹਿਰਾ)**
ਡੀ.ਜੀ.ਪੀ ਪੰਜਾਬ ਵੱਲੋਂ ਮਾੜੇ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਨੀਲਾਂਬਰੀ ਜਗਦਲੇ ਵਿਜੇ ਡੀ.ਆਈ.ਜੀ ਫਰੀਦਕੋਟ ਰੇਂਜ, ਅਜੇ ਗਾਂਧੀ ਐਸ.ਐਸ.ਪੀ ਮੋਗਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਾਲ ਕ੍ਰਿਸ਼ਨ ਸਿੰਗਲਾ ਐਸ.ਪੀ (ਆਈ) ਮੋਗਾ, ਸੁੱਖਅੰਮ੍ਰਿਤ ਸਿੰਘ ਡੀ.ਐਸ.ਪੀ ਡੀ ਤੇ ਦਲਬੀਰ ਸਿੰਘ ਉਪ ਕਪਤਾਨ ਪੁਲਸ ਬਾਘਾਪੁਰਾਣਾ ਦੀ ਸੁਪਰਵੀਜ਼ਨ ਹੇਠ ਮੋਗਾ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦ ਸੀ.ਆਈ.ਏ ਸਟਾਫ ਮੋਗਾ ਦੇ ਇੰਚਾਰਜ ਦਲਜੀਤ ਸਿੰਘ ਤੇ ਥਾਣਾ ਬਾਘਾਪੁਰਾਣਾ ਐਸ.ਐਚ.ਓ ਜਤਿੰਦਰ ਸਿੰਘ ਦੀਆਂ ਪੁਲਸ ਪਾਰਟੀਆਂ ਵੱਲੋਂ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ, ਟੈਕਨੀਕਲ ਢੰਗ ਨਾਲ ਤੇ ਖੁਫੀਆ ਸੋਰਸਾਂ ਦੀ ਮਦਦ ਨਾਲ ਪਿੰਡ ਮਾੜੀ ਮੁਸਤਫਾ 'ਚ ਪੈਟਰੋਲ ਬੰਬ ਸੁੱਟਣ ਦੀ ਘਟਨਾ ਨੂੰ ਅੰਜਾਮ ਦੇਣ ਵਾਲੇ 03 ਵਿਅਕਤੀਆਂ ਨੂੰ ਕਾਬੂ ਕੀਤਾ।

ਐਸ.ਐਸ.ਪੀ ਮੋਗਾ ਅਜੇ ਗਾਂਧੀ ਨੇ ਦੱਸਿਆ ਕਿ 25. ਅਕਤੂਬਰ ਨੂੰ 05:15 ਸ਼ਾਮ ਨੂੰ ਤਿੰਨ ਮੋਟਰ ਸਾਇਕਲ ਸਵਾਰਾਂ ਵੱਲੋਂ ਡਿੰਪਲ ਬਾਂਸਲ ਪੁੱਤ ਅਸ਼ੋਕ ਕੁਮਾਰ ਵਾਸੀ ਮਾੜੀ ਮੁਸਤਫਾ ਜ਼ਿਲ੍ਹਾ ਮੋਗਾ ਦੀ ਮੋਟਰ ਸਾਇਕਲ ਰਿਪੇਅਰ ਦੀ ਦੁਕਾਨ 'ਤੇ ਇੱਕ ਪੈਟਰੋਲ ਬੰਬ ਸੁੱਟ ਕੇ ਮਾਰ ਦੇਣ ਦੀ ਨੀਅਤ ਨਾਲ ਉਸਦੀ ਦੁਕਾਨ ਨੂੰ ਅੱਗ ਲਾ ਦਿੱਤੀ ਸੀ।ਇਸ ਵਾਰਦਾਤ ਸਬੰਧੀ ਪੀੜਤ ਡਿੰਪਲ ਬਾਂਸਲ ਦੇ ਬਿਆਨਾਂ 'ਤੇ ਮੁਕੱਦਮਾ ਨੰਬਰ 221 ਮਿਤੀ 25.10. 2025 ਅ/ਧ 326(ਜੀ), 62, 3(5) ਬੀ ਐਨ ਐਸ ਥਾਣਾ ਬਾਘਾਪੁਰਾਣਾ ਬਰਖਿਲਾਫ਼ ਤਿੰਨ ਅਣਪਛਾਤੇ ਵਿਅਕਤੀਆਂ ਦੇ ਦਰਜ ਰਜਿਸਟਰ ਕੀਤਾ ਗਿਆ ਸੀ, ਜੋ ਉਕਤ ਮੁਕੱਦਮਾ ਦੀ ਤਫ਼ਤੀਸ਼ ਟੈਕਨੀਕਲ ਢੰਗ ਨਾਲ ਕਰਦਿਆ ਹੋਇਆ ਮੁਕੱਦਮਾ ਵਿੱਚ ਬਲਜਿੰਦਰ ਸਿੰਘ ਉਰਫ਼ ਗੋਰਾ ਪੁੱਤਰ ਰਣਜੀਤ ਸਿੰਘ ਵਾਸੀ ਜਿਉਣਵਾਲਾ, ਵੰਸਪ੍ਰੀਤ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਜਿਉਣਵਾਲਾ, ਅਰਸ਼ਦੀਪ ਸਿੰਘ ਉਰਫ ਗੋਰਾ ਪੁੱਤਰ ਬਲਜੀਤ ਸਿੰਘ ਵਾਸੀ ਜਿਉਣਵਾਲਾ ਨੂੰ ਨਾਮਜ਼ਦ ਕੀਤਾ ਗਿਆ, ਜੋ ਖੁਫੀਆ ਸੋਰਸ ਲਾ ਕੇ ਬਲਜਿੰਦਰ ਸਿੰਘ ਉਰਫ ਗੋਰਾ, ਵੰਸ਼ਪ੍ਰੀਤ ਸਿੰਘ, ਅਰਸ਼ਦੀਪ ਸਿੰਘ ਉਰਫ ਗੋਰਾ ਉਕਤ ਨੂੰ ਮੁਕੱਦਮਾ ਵਿੱਚ ਗ੍ਰਿਫਤਾਰ ਕੀਤਾ ਗਿਆ।

ਤਫਤੀਸ਼ ਦੌਰਾਨ ਪਾਇਆ ਗਿਆ ਕਿ ਗ੍ਰਿਫਤਾਰ ਬਲਜਿੰਦਰ ਸਿੰਘ ਉਰਫ ਗੋਰਾ, ਵੰਸ਼ਪ੍ਰੀਤ ਸਿੰਘ, ਅਰਸ਼ਦੀਪ ਸਿੰਘ ਉਰਫ ਗੋਰਾ ਨੇ ਇਹ ਵਾਰਦਾਤ ਵਿਦੇਸ਼ ਵਿੱਚ ਬੈਠੇ ਸ਼ਾਨਦੀਪ ਸਿੰਘ ਉਰਫ ਸਨੀ ਉਰਫ ਸੰਦੀਪ ਪੁੱਤਰ ਬਲਦੇਵ ਸਿੰਘ ਵਾਸੀ ਮਾੜੀ ਮੁਸਤਫਾ ਤੇ ਧਰਮਪ੍ਰੀਤ ਸਿੰਘ ਉਰਫ ਧਰਮਾ ਪੁੱਤਰ ਕੁਲਦੀਪ ਸਿੰਘ ਵਾਸੀ ਜਿਉਣਵਾਲਾ, ਜੋ ਵਿਦੇਸ਼ ਵਿੱਚ ਬੈਠੇ ਹਨ, ਜਿਨ੍ਹਾਂ ਦੇ ਕਹਿਣ 'ਤੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ, ਜਿਸ 'ਤੇ ਮੁਕੱਦਮਾ ਵਿੱਚ ਸ਼ਾਨਦੀਪ ਸਿੰਘ ਉਰਫ ਸਨੀ ਉਰਫ ਸੰਦੀਪ ਤੇ ਧਰਮਪ੍ਰੀਤ ਸਿੰਘ ਉਰਫ ਧਰਮਾ ਨੂੰ ਮੁਕੱਦਮਾ ਵਿੱਚ ਹੱਕੀ ਦੋਸ਼ੀ ਨਾਮਜ਼ਦ ਕੀਤਾ ਗਿਆ, ਜਿਨ੍ਹਾਂ ਦੀ ਗ੍ਰਿਫਤਾਰੀ ਅਜੇ ਬਾਕੀ ਹੈ।ਕਾਬੂ ਕੀਤੇ ਗਏ ਨੌਜਵਾਨ ਬਲਜਿੰਦਰ ਸਿੰਘ ਉਰਫ ਗੋਰਾ, ਵੰਸ਼ਪ੍ਰੀਤ ਸਿੰਘ, ਅਰਸ਼ਦੀਪ ਸਿੰਘ ਉਰਫ ਗੋਰਾ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਇਨ੍ਹਾਂ ਪਾਸੋ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

## ਬਾਬਾ ਖੇਤਰਪਾਲ ਮੰਦਰ ਵਿਖੇ ਚੌਂਕੀ ਤੇ ਭੰਡਾਰੇ ਨੂੰ ਲੈ ਕੇ ਸ਼ਰਧਾਲੂਆਂ 'ਚ ਭਾਰੀ ਉਤਸ਼ਾਹ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਬਾ ਖੇਤਰਪਾਲ ਜੀ ਦੀ 14ਵੀਂ ਸਾਲਾਨਾ ਚੌਂਕੀ ਤੇ ਭੰਡਾਰਾ 15 ਨਵੰਬਰ ਨੂੰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਚੰਨੂ ਵਾਲਾ ਬਾਈਪਾਸ ਸਥਿਤ ਮਹਿੰਦਰਾ ਪੈਲੇਸ ਨਾਲ ਵਾਲੀ ਗਲੀ 'ਚ ਕਰਵਾਇਆ ਜਾ ਰਿਹਾ ਹੈ ਅਤੇ ਰਾਵਤਸਰ ਤੋਂ ਪਵਿੱਤਰ ਜੋਤ ਲਿਆਂਦੀ ਜਾਵੇਗੀ ਤੇ ਮੰਦਰ ਵਿਖੇ ਵੱਖ-ਵੱਖ ਧਾਰਮਿਕ ਸ਼ਖਸੀਅਤਾਂ ਅਤੇ ਸ਼ਹਿਰ ਵਾਸੀ ਫੁੱਲਾਂ ਦੀ ਵਰਖਾ ਕਰਕੇ ਜ਼ੋਰਦਾਰ ਸਵਾਗਤ ਕਰ ਕੇ ਪਵਿੱਤਰ ਜੋਤ ਦਾ ਆਸ਼ੀਰਵਾਦ ਪ੍ਰਾਪਤ ਕਰਨਗੇ।ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਬਾਬਾ ਖੇਤਰਪਾਲ ਮੰਦਰ ਪ੍ਰਬੰਧਕ ਕਮੇਟੀ ਦੇ ਮੁਕੇਸ਼ ਕੁਮਾਰ ਸ਼ਰਮਾ (ਪੰਡਿਤ), ਵਿਜੇ ਬਾਂਸਲ (ਚੇਅਰਮੈਨ), ਸੰਜੀਵ ਕੁਮਾਰ ਗਰਗ (ਪ੍ਰਧਾਨ), ਰਾਕੇਸ਼ ਕੁਮਾਰ (ਤੋਤਾ) ਸੈਕਟਰੀ, ਜਗਪਤੀ ਪ੍ਰਸ਼ਾਦ ਗੋਇਲ, ਨਵੀਨ ਗੋਇਲ, ਪਰਮਿਲ ਜਿੰਦਲ, ਰਜਿੰਦਰ ਗੋਇਲ, ਮੁਕੇਸ਼ ਗੋਇਲ ਤੇ ਅਜੇ ਪੁਰੀ ਨੇ ਦੱਸਿਆ ਕਿ ਸਾਰਾ ਸਮਾਗਮ ਸਬੰਧੀ ਤਿਆਰੀਆਂ ਪੂਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਬਾਬਾ ਜੀ ਦਾ ਗੁਣਗਾਨ ਕਰਨ ਲਈ ਲੱਕੀ ਬੇਖਬਰ ਜਲਾਲਾਬਾਦੀ ਵਾਲੇ ਕਰਨਗੇ ਤੇ ਵਿਸ਼ੇਸ਼ ਤੌਰ 'ਤੇ ਗੁਰੂ ਜੀ ਸਤਿਗੁਰੂ ਦਰਬਾਰ ਵਾਲੇ ਪਹਿਲੀ ਵਾਰ ਬਾਘਾ ਪੁਰਾਣਾ ਬਾਬਾ ਖੇਤਰਪਾਲ ਮੰਦਰ ਵਿਖੇ 15 ਨਵੰਬਰ ਨੂੰ ਪਹੁੰਚ ਰਹੇ ਹਨ।ਇਸ ਮੌਕੇ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਦਰਬਾਰ ਵਿੱਚ ਪਹੁੰਚ ਕੇ ਬਾਬਾ ਖੇਤਰਪਾਲ ਜੀ ਦੀ ਚੌਂਕੀ ਭਰੋ ਤੇ ਰਾਵਤਸਰ ਤੋਂ ਲਿਆਂਦੀ ਬਾਬਾ ਜੀ ਦੀ ਪਵਿੱਤਰ ਜੋਤ ਦੇ ਦਰਸ਼ਨ ਕਰੋ ਅਤੇ ਆਸ਼ੀਰਵਾਦ ਪ੍ਰਾਪਤ ਕਰੋ।ਉਨ੍ਹਾਂ ਦੱਸਿਆ ਕਿ ਸਮਾਗਮ ਦੀ ਸ਼ੁਰੂਆਤ ਨਗਰ ਕੌਂਸਲ ਪ੍ਰਧਾਨ ਸ੍ਰੀਮਤੀ ਸੋਨੀਆ ਗੁਪਤਾ, ਪਵਨ ਗੁਪਤਾ ਸੀਨੀਅਰ ਆਗੂ ਆਮ ਆਦਮੀ ਪਾਰਟੀ ਕਰਨਗੇ ਤੇ ਬਾਬਾ ਜੀ ਦਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਜਾਵੇਗਾ।ਚੇਅਰਮੈਨ ਵਿਜੇ ਬਾਂਸਲ ਨੇ ਕਿਹਾ ਕਿ ਹਰ ਐਤਵਾਰ ਸ਼ਾਮ 5 ਵਜੇ ਤੋਂ ਲੈ ਕੇ ਰਾਤ ਨੂੰ 9 ਵਜੇ ਤੱਕ ਖੁੱਲ੍ਹਾ ਲੰਗਰ ਵਰਤਾਇਆ ਜਾਂਦਾ ਹੈ, ਜਿੱਥੇ ਕਿ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚਦੀਆਂ ਹਨ ਤੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਦੀਆਂ ਹਨ।

## ਪੁਨਰ ਸੁਰਜੀਤ ਅਕਾਲੀ ਦਲ ਦੇ ਵਫ਼ਦ ਨੇ ਡੀ ਸੀ ਨੂੰ ਮੈਮੋਰੰਡਮ ਸੌਂਪਿਆ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਤੇ ਝੋਨੇ ਦੀ ਫ਼ਸਲ ਨੂੰ ਪਏ ਰੋਗ ਕਾਰਨ ਸਮੁੱਚੇ ਪੰਜਾਬ 'ਚ ਕਿਸਾਨਾਂ ਦੇ ਹੋਏ ਨੁਕਸਾਨ ਸੰਬੰਧੀ ਗਿਰਦਾਵਰੀ ਕਰਕੇ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦੇਣ ਤੇ ਕਿਸਾਨਾਂ ਦੇ ਘੱਟ ਝਾੜ ਲਈ ਤੁਰੰਤ ਮੁਆਵਜ਼ਾ ਦੇਣ ਸੰਬੰਧੀ ਮੰਗ ਨੂੰ ਲੈ ਕੇ ਪੁਨਰ ਸੁਰਜੀਤ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪਾਰਟੀ ਵਫਦ ਵੱਲੋਂ ਫਤਿਹਗੜ੍ਹ ਸਾਹਿਬ ਦੇ ਡਿਪਟੀ ਕਮਿਸ਼ਨਰ ਨੂੰ ਮੈਮੋਰੰਡਮ ਸੌਂਪਿਆ ਗਿਆ।ਵਫਦ ਵਿੱਚ ਹਰਦੇਵ ਸਿੰਘ ਮਾਧੋਪੁਰ, ਚਰਨਜੀਤ ਸਿੰਘ ਖਾਲਸਪੁਰ, ਇੰਜਨੀਅਰ ਜਗਦੀਸ਼ ਸਿੰਘ ਰਾਣਾ, ਜੇ ਸਿੰਘ ਬਾੜਾ, ਹਰਚੰਦ ਸਿੰਘ ਜਖਵਾਲੀ, ਸੰਪੂਰਨ ਸਿੰਘ ਸਾਬਕਾ ਸਰਪੰਚ, ਸੁਰਿੰਦਰ ਸਿੰਘ ਅਮਲੋਹ, ਅਮਰਜੀਤ ਸਿੰਘ ਸਾਬਕਾ ਮੈਨੇਜਰ, ਗੁਰਦੇਵ ਸਿੰਘ ਵਿਰਕ, ਹਰਮੇਲ ਸਿੰਘ ਰੰਘੇੜਾ, ਸੁਰਜੀਤ ਸਿੰਘ ਲੋਕਡਾਰ ਚਨਾਰਥਲ ਕਲਾ, ਐਡਵੋਕੇਟ ਅਮਰਜੀਤ ਸਿੰਘ ਖਾਨਪੁਰ, ਹਰੀ ਸਿੰਘ ਚਮਕ ਫਤਿਹਗੜ੍ਹ ਸਾਹਿਬ, ਸਰਬਜੀਤ ਸਿੰਘ ਚਨਾਰਥਲ ਕਲਾਂ, ਹਰਜੀਤ ਸਿੰਘ ਚਨਾਰਥਲ ਕਲਾਂ, ਭਗੂਰ ਸਿੰਘ ਚਨਾਰਥਲ ਕਲਾਂ, ਪਿਰਤਪਾਲ ਸਿੰਘ ਚਨਾਰਥਲ ਕਲਾਂ, ਜਗਦੀਸ਼ ਸਿੰਘ ਬੈਂਸ ਬਸੀ ਪਠਾਣਾ, ਨਿਰਮਲ ਸਿੰਘ ਸਾਈਪੁਰ, ਹੋਰ ਅਨੇਕਾਂ ਆਗੂਆਂ ਤੇ ਜ਼ਿਲ੍ਹਾ ਡੈਲੀਗੇਟਾਂ ਨੇ ਸ਼ਿਰਕਤ ਕੀਤੀ।

## ਸ਼ਿਆਮ ਬਾਬਾ ਦੇ ਜਾਗਰਣ ਦੀਆਂ ਤਿਆਰੀਆਂ ਮੁਕੰਮਲ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਦੇ ਚੁੰਨੂ ਵਾਲਾ ਰੋਡ 'ਤੇ ਬਾਘਾ ਪੁਰਾਣਾ ਸ਼੍ਰੀ ਕਨ੍ਹੱਈਆ ਜੀ ਮਿੱਤਰ ਮੰਡਲ ਵੱਲੋਂ ਕੀਤੇ ਜਾ ਰਹੇ ਛੇਵੇਂ ਵਿਸ਼ਾਲ ਜਾਗਰਣ ਦੀਆਂ ਤਿਆਰੀਆਂ ਪੂਰੀਆਂ ਹੋ ਗਈਆਂ ਹਨ।ਮੰਡਲ ਪ੍ਰਧਾਨ ਮੋਹਿਤ ਸਿੰਗਲਾ ਨੇ ਦੱਸਿਆ ਕਿ ਇਹ ਜਾਗਰਣ 1 ਨਵੰਬਰ ਨੂੰ ਸ਼ਿਆਮ ਬਾਬਾ ਦੇ ਮੰਦਰ ਵਾਲੀ ਜਗ੍ਹਾ ਤੇ ਚੁੰਨੂ ਵਾਲਾ ਰੋਡ 'ਤੇ ਖੁੱਲ੍ਹੀ ਗਊਸ਼ਾਲਾ ਦੇ ਬਿਲਕੁਲ ਸਾਹਮਣੇ ਕੀਤਾ ਜਾਵੇਗਾ।ਇਸ ਤੋਂ ਪਹਿਲਾਂ 30 ਅਕਤੂਬਰ ਨੂੰ ਇੱਕ ਵਿਸ਼ਾਲ ਨਿਸ਼ਾਨ ਯਾਤਰਾ ਵੀ ਕੱਢੀ ਜਾਵੇਗੀ।ਉਨ੍ਹਾਂ ਕਿਹਾ ਕਿ ਸ਼ਾਮ ਬਾਬਾ ਭਗਵਾਨ ਫੁੱਲਾਂ ਦੀ ਮਾਲਾ ਸਜਾਵਟ ਜਾਗਰਣ ਵਿੱਚ ਦੇਖਣਯੋਗ ਹੋਵੇਗੀ।ਜੈਪੁਰ ਤੋਂ ਪਹੁੰਚ ਰਹੀ ਪ੍ਰਸਿੱਧ ਭਜਨ ਗਾਇਕਾ ਸਾਕਸ਼ੀ ਅਗਰਵਾਲ ਤੇ ਜਲੰਧਰ ਤੋਂ ਪਹੁੰਚ ਰਹੀ ਆਤਿਸ਼ ਅਰੋੜਾ ਬਾਬਾ ਦੀ ਬੰਦਗੀ ਵਿੱਚ ਭਜਨ ਗਾਉਣਗੇ।ਉਨ੍ਹਾਂ ਬਾਘਾ ਪੁਰਾਣਾ ਵਾਸੀਆਂ ਨੂੰ ਵੱਡੀ ਗਿਣਤੀ ਵਿੱਚ ਜਾਗਰਣ ਵਿੱਚ ਸ਼ਾਮਲ ਹੋਣ ਤੇ ਸ਼ਿਆਮ ਬਾਬਾ ਦਾ ਆਸ਼ੀਰਵਾਦ ਪ੍ਰਾਪਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜਾਗਰਣ ਦੌਰਾਨ ਲੰਗਰ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।ਇਸ ਮੌਕੇ ਮੰਡਲ ਦੇ ਉੱਪ ਪ੍ਰਧਾਨ ਸਾਹਿਲ ਠੁਕਰਾਲ, ਜਨਰਲ ਸਕੱਤਰ ਪੰਕਜ ਗੁਪਤਾ, ਕੈਸ਼ੀਅਰ ਪੰਕਜ ਲੂਥਰਾ, ਕੁਨਾਲ ਗਰਗ, ਦੀਕਸ਼ਿਤ ਗਰਗ, ਗੌਤਮ, ਸ਼ੁਭਮ ਜੈਦਕਾ, ਭਵਾਨੀ, ਪ੍ਰਿੰਸ ਸੁਖੀਜਾ, ਅੰਸ਼ ਗਰਗ ਆਦਿ ਮੌਜੂਦ ਸਨ।

## ਸੰਜੀਵਨੀ ਨੇ ਨਸ਼ਿਆਂ ਖਿਲਾਫ਼ ਜਾਗਰੂਕਤਾ ਪ੍ਰੋਗਰਾਮ ਕਰਾਇਆ



**ਬੋਹਾ (ਨਿਰੰਜਣ ਬੋਹਾ)**-ਸੰਜੀਵਨੀ ਵੈਲਫੇਅਰ ਸੁਸਾਇਟੀ ਬੁਢਲਾਡਾ ਵੱਲੋਂ ਨਸ਼ਿਆਂ ਵਿਰੁੱਧ ਇਕ ਸੈਮੀਨਾਰ ਸਰਕਾਰੀ ਹਾਈ ਸਕੂਲ਼ ਕੁਲਾਣਾ ਵਿਖੇ ਕਰਾਇਆ ਗਿਆ।ਸੈਮੀਨਾਰ ਦੀ ਸ਼ੁਰੂਆਤ ਸਕੂਲ ਦੇ ਹੈੱਡ ਮਾਸਟਰ ਮਨਦੀਪ ਸਿੰਘ ਸਰਾਂ ਦੇ ਸਵਾਗਤੀ ਸ਼ਬਦਾਂ ਨਾਲ ਹੋਈ।ਉਨ੍ਹਾਂ ਕਿਹਾ ਕਿ ਇਹ ਸਕੂਲ ਨਸ਼ਿਆਂ ਤੇ ਹੋਰ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਆਪਣਾ ਯੋਗਦਾਨ ਪਾਉਣ ਲਈ ਵਚਨਬੱਧ ਹੈ।ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕਰਨ ਲਈ ਕੁਇਜ਼ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਤੋਂ ਸਵਾਲ ਪੁੱਛੇ ਗਏ ਤੇ ਸਹੀ ਜੁਆਬ ਦੇਣ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ ਦਿੱਤੇ ਗਏ।ਇਸ ਸਮੇਂ ਨਸ਼ਿਆਂ ਪ੍ਰਤੀ ਜਗਰੂਕਤਾ ਪੈਦਾ ਕਰਨ ਲਈ ਇੱਕ ਫ਼ਿਲਮ ਵੀ ਦਿਖਾਈ ਗਈ।ਸੈਮੀਨਾਰ ਦੀ ਸਮਾਪਤੀ ਤੇ ਸੰਜੀਵਨੀ ਵੈਲਫ਼ੇਅਰ ਸੁਸਾਇਟੀ ਦੇ ਚੇਅਰਪਰਸਨ ਬਲਦੇਵ ਕੱਕੜ ਨੇ ਵਿਦਿਆਰਥੀਆਂ ਤੇ ਸਕੂਲ ਸਟਾਫ਼ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਦ ਤੱਕ ਨੌਜਵਾਨ ਨਸ਼ਿਆਂ ਖਿਲਾਫ ਅੱਗੇ ਨਹੀਂ ਆਉਂਦੇ, ਤਦ ਤੱਕ ਨਸ਼ਾ ਮੁਕਤ ਪੰਜਾਬ ਬਣਾਉਣ ਦਾ ਟੀਚਾ ਹਾਸਲ ਕਰਨਾ ਬਹੁਤ ਮੁਸ਼ਕਲ ਹੈ।ਉਨ੍ਹਾਂ ਕਿਹਾ ਕਿ ਨਸ਼ੇ ਮਨੁੱਖ ਦੇ ਬਲ ਬੁੱਧ ਨੂੰ ਨਾਸ ਕਰਨ ਤੋਂ ਇਲਾਵਾ ਕਈ ਤਰ੍ਹਾਂ ਦੇ ਸਰੀਰਕ ਤੇ ਆਤਮਿਕ ਰੋਗਾਂ ਦੇ ਜਨਮਦਾਤੇ ਹਨ।ਮੈਡਮ ਸੋਨੂੰ ਨੇ ਕਿਹਾ ਕਿ ਨਸ਼ੇ ਸਰੀਰ ਦਾ ਨਾਸ ਕਰਦੇ ਹਨ, ਇਸ ਲਈ ਉਨ੍ਹਾਂ ਤੋ ਬਚਣਾ ਚਾਹੀਦਾ ਹੈ।ਉਨ੍ਹਾਂ ਨਸ਼ਿਆਂ ਤੋਂ ਹੋਣ ਵਾਲੀਆਂ ਬਿਮਾਰੀਆਂ ਬਾਰੇ ਕਿਹਾ ਕਿ ਨਸ਼ੇ ਨਾ ਕੇਵਲ ਮਨੁੱਖੀ ਸਿਹਤ ਨੂੰ ਨੁਕਸਾਨ ਪੁਚਾਉਂਦੇ ਹਨ, ਸਗੋਂ ਇਹ ਸਾਡੀ ਇੱਜ਼ਤ ਤੇ ਸਵੈਮਾਣ ਦੇ ਵੀ ਵੱਡੇ ਦੁਸ਼ਮਣ ਹਨ।ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਇੱਕ ਵੱਡੀ ਤੇ ਫ਼ੈਸਲਾਕੁੰਨ ਜੰਗ ਲੜੇ ਜਾਣ ਦੀ ਲੋੜ ਹੈ।ਸਰਕਾਰੀ ਹਸਪਤਾਲ ਬੁਢਲਾਡਾ ਤੋਂ ਹਰਬੰਸ ਲਾਲ ਬਲਾਕ ਐਜੂਕੈਟਰ ਨੇ 104 ਤੇ 108 ਹੈਲਪਲਾਈਨ ਬਾਰੇ ਦੱਸਿਆ।ਡਾ. ਕ੍ਰਿਸ਼ਨ ਲਾਲ ਨੇ ਕਿਹਾ ਕਿ ਨਸ਼ੇ ਦੀ ਸ਼ੁਰੂਆਤ ਭਾਵੇਂ ਨਕਲ, ਸ਼ੌਕ ਜਾਂ ਕਿਸੇ ਮਜਬੂਰੀ ਵਿਚ ਕੀਤੀ ਜਾਂਦੀ ਹੈ, ਪਰ ਬਾਅਦ 'ਚ ਇਹ ਆਦਤ ਬਣ ਜਾਂਦੀ ਹੈ। ਉਸ ਵਕਤ ਲੱਗੀ ਨਸ਼ੇ ਦੀ ਲਤ ਅੱਖਾਂ ਅੱਗੇ ਹਨੇਰਾ ਕਰ ਦਿੰਦੀ ਹੈ।ਨਿਰਾਸ਼ਾ, ਡਿਪਰੈਸ਼ਨ ਤੇ ਜ਼ਿੰਦਗੀ ਵਿੱਚ ਸਫ਼ਲਤਾ ਦੀ ਕਮੀ, ਆਰਥਿਕ ਸਮੱਸਿਆਵਾਂ, ਬੇਰੁਜ਼ਗਾਰੀ ਕਰਕੇ ਵੀ ਲੋਕ ਨਸ਼ੇ ਕਰਨ ਲੱਗ ਪੈਂਦੇ ਹਨ।

## ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਤੱਕ ਸੰਘਰਸ਼ ਜਾਰੀ ਰਹੇਗਾ : ਸੁਖਜੀਤ ਸਿੰਘ

*2 ਨੂੰ ਤਰਨ ਤਾਰਨ ਤੇ 25 ਨੂੰ ਦਿੱਲੀ ਵਿਖੇ ਹੋਵੇਗਾ ਪ੍ਰਦਰਸ਼ਨ*



**ਮਾਨਸਾ (ਆਤਮਾ ਸਿੰਘ ਪਮਾਰ)**-ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਤੇ ਸੂਬਾ ਪ੍ਰਧਾਨ ਸੀਪੀਐੱਫ ਕਰਮਚਾਰੀ ਯੂਨੀਅਨ ਪੰਜਾਬ ਸੁਖਜੀਤ ਸਿੰਘ ਨੇ ਦੱਸਿਆ ਕਿ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਤੱਕ ਲਗਾਤਾਰ ਸੰਘਰਸ਼ ਜਾਰੀ ਰਹੇਗਾ।ਉਨ੍ਹਾਂ ਕਿਹਾ ਕਿ ਤਰਨ ਤਰਨ ਜ਼ਿਮਨੀ ਚੋਣ ਦੌਰਾਨ ਸੀਪੀਐੱਫ ਕਰਮਚਾਰੀ ਯੂਨੀਅਨ ਪੰਜਾਬ ਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵੱਲੋਂ ਸਾਂਝੇ ਤੌਰ 'ਤੇ ਪੰਜਾਬ ਸਰਕਾਰ ਵਿਰੁੱਧ 2 ਨਵੰਬਰ ਨੂੰ ਝੰਡਾ ਮਾਰਚ ਕੀਤਾ ਜਾਵੇਗਾ।ਝੰਡਾ ਮਾਰਚ ਕਰਨ ਉਪਰੰਤ ਤਰਨ ਤਾਰਨ ਹਲਕੇ ਦੇ ਵੋਟਰਾਂ ਨੂੰ ਵੱਖ-ਵੱਖ ਦਿਨਾਂ 'ਚ ਮੁਲਾਜ਼ਮਾਂ ਵੱਲੋਂ ਜਾ ਕੇ ਅਪੀਲ ਕੀਤੀ ਜਾਵੇਗੀ ਕਿ ਆਮ ਆਦਮੀ ਪਾਰਟੀ ਨੂੰ ਵੋਟਾਂ ਨਾ ਪਾਈਆਂ ਜਾਣ, ਕਿਉਂਕਿ ਆਮ ਆਦਮੀ ਪਾਰਟੀ ਵੱਲੋਂ ਮੁਲਾਜ਼ਮਾਂ ਨਾਲ ਲਗਾਤਾਰ ਵਾਅਦਾ ਖਿਲਾਫੀ ਕੀਤੀ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ 25 ਨਵੰਬਰ ਨੂੰ ਦਿੱਲੀ ਵਿਖੇ ਕੌਮੀ ਪੱਧਰ ਦੀ ਰੈਲੀ ਕੀਤੀ ਜਾਵੇਗੀ।ਇਸ ਰੈਲੀ ਵਿੱਚ ਐੱਨਪੀਐੱਸ ਤੇ ਯੂਪੀਐੱਸ ਦਾ ਡੱਟਵਾਂ ਵਿਰੋਧ ਕੀਤਾ ਜਾਵੇਗਾ।ਰੈਲੀ ਦੌਰਾਨ ਦੇਸ਼ ਭਰ ਤੋਂ ਕੇਂਦਰ ਤੇ ਰਾਜ ਸਰਕਾਰਾਂ ਦੇ ਮੁਲਾਜ਼ਮ ਵੱਡੇ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਪੀਐੱਫ ਕਰਮਚਾਰੀ ਯੂਨੀਅਨ ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਹੀਰੇਵਾਲਾ ਨੇ ਕਿਹਾ ਕਿ ਕੌਮੀ ਪਧਰੀ ਰੈਲੀ 'ਚ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਕੀਤੇ ਗਏ ਧੋਖੇ ਬਾਰੇ ਵੀ ਦੇਸ਼ ਭਰ ਦੇ ਮੁਲਾਜ਼ਮਾਂ ਨੂੰ ਜਾਣੂ ਕਰਵਾਇਆ ਜਾਵੇਗਾ।ਯੂਨੀਅਨ ਵੱਲੋਂ ਕੇਂਦਰ ਤੇ ਰਾਜ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਮੁਲਾਜ਼ਮਾ ਉੱਤੇ ਥੋਪੀ ਐੱਨ ਪੀ ਐੱਸ ਸਕੀਮ ਨੂੰ ਤੁਰੰਤ ਵਾਪਸ ਲੈ ਕੇ ਪੁਰਾਣੀ ਪੈਨਸ਼ਨ ਸਕੀਮ ਨੂੰ ਮੁੜ ਤੋਂ ਬਹਾਲ ਦੀ ਬਹਾਲ ਕੀਤਾ ਜਾਵੇ।ਇਸ ਮੌਕੇ ਸੰਦੀਪ ਭੁੰਬਕ ਜ਼ਿਲ੍ਹਾ ਪ੍ਰਧਾਨ, ਕੁਲਜਿੰਦਰ ਸਿੰਘ ਬੱਦੋਵਾਲ ਸੀਨੀਅਰ ਮੀਤ ਪ੍ਰਧਾਨ, ਰਾਕੇਸ਼ ਕੁਮਾਰ ਜ਼ਿਲ੍ਹਾ ਜਨਰਲ ਸਕੱਤਰ ਨੇ ਕਿਹਾ ਕਿ ਸੂਬਾ ਬਾਡੀ ਅਤੇ ਨੈਸ਼ਨਲ ਬਾਡੀ ਵੱਲੋਂ ਦਿੱਤੇ ਪ੍ਰੋਗਰਾਮਾਂ ਵਿੱਚ ਜ਼ਿਲ੍ਹਾ ਲੁਧਿਆਣਾ ਦੇ ਮੁਲਾਜ਼ਮ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।

## ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ 'ਆਪ' ਸਰਕਾਰ ਨੂੰ ਘੇਰਨ ਦਾ ਫੈਸਲਾ

*9 ਨੂੰ ਹੋਵੇਗੀ ਕਨਵੈਨਸ਼ਨ*

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਦੇ ਮੁਲਾਜ਼ਮਾਂ ਲਈ ਤਿੰਨ ਸਾਲ ਪਹਿਲਾਂ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਜਾਰੀ ਕਰਕੇ ਭੁੱਲੀ 'ਆਪ' ਸਰਕਾਰ ਖਿਲਾਫ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ ਵੱਲੋਂ ਸੰਘਰਸ਼ ਵਿੱਢਣ ਦਾ ਐਲਾਨ ਕੀਤਾ ਗਿਆ ਹੈ, ਜਿਸ ਤਹਿਤ ਫਰੰਟ ਵੱਲੋਂ 9 ਨਵੰਬਰ ਨੂੰ ਸੰਗਰੂਰ ਵਿਖੇ ਜ਼ਿਲ੍ਹਾ ਪੱਧਰੀ ਕਨਵੈਂਸ਼ਨ ਕਰਨ ਉਪਰੰਤ ਵਿੱਤ ਮੰਤਰੀ ਹਰਪਾਲ ਚੀਮਾ ਦੀ ਰਿਹਾਇਸ਼ ਵੱਲ ਰੋਸ ਮਾਰਚ ਕੀਤਾ ਜਾਵੇਗਾ।ਇਹ ਫ਼ੈਸਲਾ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੀ ਜ਼ਿਲ੍ਹਾ ਇਕਾਈ ਸੰਗਰੂਰ ਦੀ ਸਥਾਨਕ ਗਦਰ ਭਵਨ ਵਿਖੇ ਹੋਈ ਮੀਟਿੰਗ 'ਚ ਕੀਤਾ ਗਿਆ।ਮੀਟਿੰਗ ਦੀ ਜਾਣਕਾਰੀ ਸਾਂਝਾ ਕਰਦਿਆਂ ਫਰੰਟ ਦੇ ਮਾਲਵਾ ਜ਼ੋਨ ਦੇ ਕਨਵੀਨਰ ਦਲਜੀਤ ਸਫ਼ੀਪੁਰ ਤੇ ਜ਼ਿਲ੍ਹਾ ਕੋ ਕਨਵੀਨਰ ਮਨਜੀਤ ਸਿੰਘ, ਖੁਸ਼ਦੀਪ ਸਿੰਘ ਤੇ ਵਿੱਤ ਸਕੱਤਰ ਪ੍ਰਦੀਪ ਕੁਮਾਰ ਨੀਟੂ ਨੇ ਦੱਸਿਆ ਕਿ ਪੰਜਾਬ ਦੀ 'ਆਪ' ਸਰਕਾਰ ਵੱਲੋਂ ਤਿੰਨ ਸਾਲ ਪਹਿਲਾਂ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਕੀਤਾ ਗਿਆ ਸੀ, ਜੋ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ।ਪੁਰਾਣੀ ਪੈਨਸ਼ਨ ਦੇ ਜਾਰੀ ਕੀਤੇ ਨੋਟੀਫਿਕੇਸ਼ਨ ਦੇ ਤਿੰਨ ਸਾਲ ਬੀਤਣ ਤੋਂ ਬਾਅਦ ਵੀ ਇੱਕ ਵੀ ਐਨ.ਪੀ.ਐਸ ਮੁਲਾਜ਼ਮ ਨੂੰ ਪੁਰਾਣੀ ਪੈਨਸ਼ਨ ਦਾ ਲਾਭ ਨਹੀਂ ਮਿਲਿਆ ਹੈ। ਉਨਾ ਕੇਂਦਰ ਦੀ ਮੋਦੀ ਸਰਕਾਰ ਦੁਆਰਾ ਪੁਰਾਣੀ ਪੈਨਸ਼ਨ ਵੱਲ ਵਧਣ ਵਾਲੇ ਸੂਬਿਆਂ ਦੀ ਆਰਥਿਕ ਘੇਰਾਬੰਦੀ ਕਰਕੇ ਸੂਬਾ ਸਰਕਾਰਾਂ ਨੂੰ ਪੁਰਾਣੀ ਪੈਨਸ਼ਨ ਤੋਂ ਪਿੱਛੇ ਹਟਣ ਲਈ ਮਜਬੂਰ ਕਰਨ ਵਾਲੀ ਬਾਂਹ ਮਰੋੜਨ ਦੀ ਨੀਤੀ ਦੀ ਵੀ ਸਖਤ ਨਿਖੇਧੀ ਕੀਤੀ।

## ਦੇਸ਼ ਭਗਤ ਯੂਨੀਵਰਸਿਟੀ ਨੇ ਬੀ ਐੱਸ ਸੀ (ਆਨਰਜ਼) ਖੇਤੀਬਾੜੀ ਪ੍ਰੋਗਰਾਮ ਸ਼ੁਰੂ ਕੀਤਾ




**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੇ ਖੇਤੀਬਾੜੀ ਤੇ ਜੀਵਨ ਵਿਗਿਆਨ ਫੈਕਲਟੀ ਨੇ ਪੰਜਾਬ ਰਾਜ ਖੇਤੀਬਾੜੀ ਸਿੱਖਿਆ ਪ੍ਰੀਸ਼ਦ ਤੋਂ ਅਧਿਕਾਰਤ ਪ੍ਰਵਾਨਗੀ ਤੋਂ ਬਾਅਦ ਆਪਣੇ ਬੀ.ਐਸ.ਸੀ. (ਆਨਰਜ਼) ਖੇਤੀਬਾੜੀ ਪ੍ਰੋਗਰਾਮ ਦੀ ਸ਼ੁਰੂਆਤ ਦਾ ਐਲਾਨ ਕੀਤਾ।ਇਹ ਮੀਲ ਪੱਥਰ ਖੇਤੀਬਾੜੀ ਸਿੱਖਿਆ, ਨਵੀਨਤਾ ਤੇ ਟਿਕਾਊ ਵਿਕਾਸ ਨੂੰ ਉਤਸ਼ਾਹਤ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਨਵੇਂ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਆਧੁਨਿਕ ਖੇਤੀ ਅਭਿਆਸਾਂ, ਖੇਤੀਬਾੜੀ-ਕਾਰੋਬਾਰ ਪ੍ਰਬੰਧਨ ਤੇ ਖੇਤੀਬਾੜੀ ਵਿੱਚ ਨਵੀਆਂ ਤਕਨਾਲੋਜੀਆਂ ਦਾ ਠੋਸ ਗਿਆਨ ਪ੍ਰਦਾਨ ਕਰਨਾ ਹੈ।ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਇਸ ਪ੍ਰਾਪਤੀ 'ਤੇ ਮਾਣ ਪ੍ਰਗਟ ਕੀਤਾ।ਉਨ੍ਹਾਂ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਰਾਸ਼ਟਰੀ ਤਰਜ਼ੀਹਾਂ ਦੇ ਅਨੁਸਾਰ ਆਪਣੀਆਂ ਅਕਾਦਮਿਕ ਪੇਸ਼ਕਸ਼ਾਂ ਦਾ ਵਿਸਤਾਰ ਕਰਨਾ ਜਾਰੀ ਰੱਖਦੀ ਹੈ।ਡਾ. ਤਜਿੰਦਰ ਕੌਰ, ਪ੍ਰੋ. ਚਾਂਸਲਰ, ਤੇ ਡਾ. ਸੰਦੀਪ ਸਿੰਘ, ਪ੍ਰਧਾਨ ਨੇ ਵੀ ਖੇਤੀਬਾੜੀ ਤੇ ਜੀਵਨ ਵਿਗਿਆਨ ਫੈਕਲਟੀ ਨੂੰ ਇਸ ਮਹੱਤਵਪੂਰਨ ਮਾਨਤਾ ਲਈ ਵਧਾਈ ਦਿੱਤੀ।ਲਾਂਚ ਸਮਾਗਮ ਵਿੱਚ ਯੂਨੀਵਰਸਿਟੀ ਦੇ ਅਧਿਕਾਰੀ, ਫੈਕਲਟੀ ਮੈਂਬਰ ਅਤੇ ਵਿਦਿਆਰਥੀ ਸ਼ਾਮਲ ਸਨ।ਸਮਾਗਮ ਦੌਰਾਨ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਖੇਤੀਬਾੜੀ ਤੇ ਜੀਵਨ ਵਿਗਿਆਨ ਫੈਕਲਟੀ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪ੍ਰੋਗਰਾਮ ਪੇਂਡੂ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕਰੇਗਾ ਅਤੇ ਪੰਜਾਬ ਵਿੱਚ ਖੇਤੀਬਾੜੀ ਵਾਤਾਵਰਣ ਨੂੰ ਵਧਾਏਗਾ।ਦੇਸ਼ ਭਗਤ ਯੂਨੀਵਰਸਿਟੀ ਵਿਖੇ ਬੀ.ਐਸ.ਸੀ. (ਆਨਰਜ਼) ਖੇਤੀਬਾੜੀ ਪ੍ਰੋਗਰਾਮ ਦਾ ਉਦੇਸ਼ ਹੁਨਰਮੰਦ ਪੇਸ਼ੇਵਰਾਂ ਨੂੰ ਵਿਕਸਤ ਕਰਨਾ ਹੈ, ਜੋ ਭੋਜਨ ਸੁੱਖਿਆ ਨੂੰ ਬਿਹਤਰ ਬਣਾਉਣ, ਵਾਤਾਵਰਣ ਦੀ ਰੱਖਿਆ ਕਰਨ ਤੇ ਖੇਤੀਬਾੜੀ-ਉੱਦਮਤਾ ਨੂੰ ਉਤਸ਼ਾਹਤ ਕਰਨ ਵਿੱਚ ਮਦਦ ਕਰਨਗੇ।

## ਵਿਧਾਇਕ ਕੋਹਲੀ ਤੇ ਮੇਅਰ ਵੱਲੋਂ ਸ਼ੀਸ਼ ਮਹਿਲ ਐਨਕਲੇਵ 'ਚ ਸੜਕ ਨਿਰਮਾਣ ਸ਼ੁਰੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਸ਼ਹਿਰ ਨੂੰ ਵਿਕਾਸ ਦੀ ਨਵੀਂ ਰਾਹ 'ਤੇ ਲੈ ਕੇ ਜਾਣ ਲਈ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਤੇ ਮੇਅਰ ਕੁੰਦਨ ਗੋਗੀਆ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਇਸੇ ਕੜੀ ਤਹਿਤ ਸ਼ੀਸ਼ ਮਹਿਲ ਐਨਕਲੇਵ ਵਿਖੇ 43 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਸੜਕ ਦਾ ਨਿਰਮਾਣ ਕੀਤਾ ਗਿਆ ਹੈ।ਇਸ ਨਾਲ ਨਾਲ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਵੀ ਸੜਕਾਂ ਤੇ ਹੋਰ ਵਿਕਾਸ ਕਾਰਜ ਜ਼ੋਰਾਂ 'ਤੇ ਚੱਲ ਰਹੇ ਹਨ।ਵਿਧਾਇਕ ਕੋਹਲੀ ਨੇ ਕਿਹਾ ਕਿ ਪਟਿਆਲਾ ਸ਼ਹਿਰ ਦੇ ਹਰ ਵਾਰਡ ਵਿੱਚ ਵਿਕਾਸ ਕਾਰਜਾਂ ਦੀ ਲਹਿਰ ਚੱਲ ਰਹੀ ਹੈ ਤੇ ਇਹ ਕੰਮ ਮੁੱਖ ਮੰਤਰੀ ਦੀ ਅਗਵਾਈ ਹੇਠ ਤੇਜ਼ੀ ਨਾਲ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਉਹ ਹਫ਼ਤੇ ਵਿੱਚ ਚਾਰ ਦਿਨ ਵੱਖ ਵੱਖ ਥਾਵਾਂ 'ਤੇ ਉਦਘਾਟਨ ਕਰ ਰਹੇ ਹਨ, ਜਿਸ ਨਾਲ ਇਹ ਸਾਬਿਤ ਹੁੰਦਾ ਹੈ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਰਹਿਣ ਦਿੱਤੀ ਜਾ ਰਹੀ।ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਗਰ ਨਿਗਮ ਪਟਿਆਲਾ ਦੀ ਟੀਮ ਪੂਰੀ ਤਰ੍ਹਾਂ ਸਟੈਂਡ-ਬਾਈ ਡਿਊਟੀ 'ਤੇ ਹੈ ਤੇ ਹਰ ਇੱਕ ਵਿਕਾਸ ਪ੍ਰੋਜੈਕਟ ਦੀ ਨਿਗਰਾਨੀ ਕੀਤੀ ਜਾ ਰਹੀ ਹੈ ਤਾਂ ਜੋ ਗੁਣਵੱਤਾ 'ਤੇ ਕੋਈ ਸਮਝੌਤਾ ਨਾ ਹੋਵੇ।ਉਨ੍ਹਾਂ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਜੇ ਕਿਸੇ ਵੀ ਅਧਿਕਾਰੀ ਜਾਂ ਠੇਕੇਦਾਰ ਵੱਲੋਂ ਕੁਰੱਪਸ਼ਨ ਜਾਂ ਲਾਪ੍ਰਵਾਹੀ ਦੀ ਗੱਲ ਸਾਹਮਣੇ ਆਈ ਤਾਂ ਉਸ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ।ਮੇਅਰ ਨੇ ਇਹ ਵੀ ਕਿਹਾ ਕਿ ਕਿਸੇ ਵੀ ਕੰਪਨੀ ਨਾਲ ਬਿਨਾਂ ਨਿਯਮਾਂ ਅਨੁਸਾਰ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।ਇਸ ਮੌਕੇ ਉਨ੍ਹਾਂ ਨਾਲ ਐੱਸ ਈ ਰਾਜਿੰਦਰ ਚੋਪੜਾ, ਵਾਰਡ ਨੰ. 40 ਤੋਂ ਗੁਰਪ੍ਰੀਤ ਗੁਰੀ, ਵਾਰਡ ਨੰ. 39 ਤੋਂ ਜਯੋਤੀ, ਵਾਰਡ ਨੰ. 50 ਤੋਂ ਐੱਮ ਸੀ ਹਰਮਨ ਸੰਧੂ ਤੋਂ ਇਲਾਵਾ ਇਲਾਕਾ ਨਿਵਾਸੀ ਹਾਜ਼ਰ ਸਨ।

## ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਦਿਵਸ ਨੂੰ ਸਮਰਪਤ ਖ਼ੂਨਦਾਨ ਕੈਂਪ ਤੇ ਸਨਮਾਨ ਸਮਾਰੋਹ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜਨਮ ਦਿਵਸ ਨੂੰ ਸਮਰਪਤ ਖ਼ੂਨਦਾਨ ਕੈਂਪ ਤੇ ਸਨਮਾਨ ਸਮਾਰੋਹ ਦਾ ਸਫਲ ਆਯੋਜਨ ਕੀਤਾ ਗਿਆ।ਇਸ ਸਮਾਰੋਹ ਵਿੱਚ ਸੰਸਥਾ ਦੇ ਕੌਮੀ ਸੇਵਾ ਯੋਜਨਾ ਵਿਭਾਗ (ਐੱਨ.ਐੱਸ.ਐੱਸ.) ਤੇ ਰੈੱਡ ਰਿਬਨ ਕਲੱਬ ਸਮੇਤ ਸਹਾਰਾ ਸਮਾਜ ਸੇਵਾ ਦਾ ਵਿਸ਼ੇਸ਼ ਸਹਿਯੋਗ ਰਿਹਾ।ਕੈਂਪ ਦੌਰਾਨ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਵੱਲੋਂ ਖ਼ੂਨ ਦਾਨ ਕੀਤਾ ਗਿਆ, ਜਦਕਿ ਇਲਾਕੇ ਦੇ ਪ੍ਰਸਿੱਧ ਖ਼ੂਨਦਾਨੀਆਂ ਤੇ ਸਮਾਜ ਸੇਵੀਆਂ ਨੂੰ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ ਲਈ ਸਨਮਾਨਤ ਕੀਤਾ ਗਿਆ। ਸਨਮਾਨਤ ਵਿਅਕਤੀਆਂ ਵਿੱਚ ਮਾਨਵ ਸੇਵਾ ਬਲੱਡ ਡੋਨਰਜ਼ ਸੋਸਾਇਟੀ ਫੂਲ ਟਾਊਨ ਦੇ ਪ੍ਰਧਾਨ ਮੱਖਣ ਸਿੰਘ ਬੁੱਟਰ (58 ਵਾਰ ਖ਼ੂਨ ਦਾਨ), ਸਮਾਜ ਕੀ ਸੇਵਾ ਵੈੱਲਫੇਅਰ ਸੋਸਾਇਟੀ ਪੰਜਾਬ ਦੇ ਪ੍ਰਧਾਨ ਦੇਵਰਾਜ ਗਰਗ (90 ਵਾਰ), ਸੁਰਿੰਦਰ ਗਰਗ (147 ਵਾਰ), ਪਵਨ ਮਹਿਤਾ (132 ਵਾਰ) ਤੇ ਸਮਾਜ ਸੇਵੀ ਪ੍ਰੀਤਮ ਸਿੰਘ ਆਰਟਿਸਟ ਸ਼ਾਮਲ ਹਨ।

ਫਤਿਹ ਗਰੁੱਪ ਦੇ ਚੇਅਰਮੈਨ ਐੱਸ. ਐੱਸ. ਚੱਠਾ ਨੇ ਕਿਹਾ ਕਿ ਖ਼ੂਨਦਾਨ ਸਭ ਤੋਂ ਉੱਚੀ ਮਨੁੱਖਤਾ ਸੇਵਾ ਹੈ।ਅਜਿਹੇ ਕੈਂਪ ਵਿਦਿਆਰਥੀਆਂ ਵਿੱਚ ਸਮਾਜਕ ਜ਼ਿੰਮੇਵਾਰੀ ਦੀ ਭਾਵਨਾ ਮਜ਼ਬੂਤ ਕਰਦੇ ਹਨ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਦਾ ਜੀਵਨ ਬਹਾਦਰੀ, ਸੱਚਾਈ ਤੇ ਪਰਉਪਕਾਰ ਦੀ ਪ੍ਰੇਰਣਾ ਦਿੰਦਾ ਹੈ।ਇਸ ਮੌਕੇ ਪ੍ਰਿੰਸੀਪਲ ਬਘੇਲ ਸਿੰਘ, ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ ਤੇ ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਸਿੱਖਿਆਵਾਂ ਤੇ ਜੀਵਨ ਦਰਸ਼ਨ ਬਾਰੇ ਵਿਚਾਰ ਸਾਂਝੇ ਕੀਤੇ।ਸਮਾਰੋਹ ਵਿੱਚ ਸਹਾਰਾ ਸਮਾਜ ਸੇਵਾ ਰਾਮਪੁਰਾ ਫੂਲ ਦੇ ਪ੍ਰਧਾਨ ਸੰਦੀਪ ਵਰਮਾ ਤੇ ਉਨ੍ਹਾਂ ਦੀ ਟੀਮ ਸੁਖਦੇਵ ਸਿੰਘ, ਜੀਵਨ ਸਿੰਘ, ਬਿੰਦਰ ਸਿੰਘ, ਜਗਸੀਰ ਸਿੰਘ, ਨਿਰਮਲ ਸਿੰਘ, ਸੁੱਖਾ ਕੋਟੜਾ ਕੌੜਾ, ਕੇਵਲ ਸਿੰਘ ਤੇ ਗੁਪਤਾ ਬਲੱਡ ਬੈਂਕ ਬਠਿੰਡਾ ਦੀ ਮਹੱਤਵਪੂਰਨ ਭੂਮਿਕਾ ਰਹੀ।ਅੰਤ ਵਿੱਚ ਐੱਨ.ਐੱਸ.ਐੱਸ. ਕੋਆਰਡੀਨੇਟਰ ਹਰਪ੍ਰੀਤ ਸ਼ਰਮਾ ਤੇ ਕੈਂਪ ਕਨਵੀਨਰ ਪ੍ਰੋ. ਸੋਨਵਿੰਦਰ ਸਿੰਘ ਨੇ ਕੈਂਪ ਦੀ ਸਫਲਤਾ 'ਚ ਯੋਗਦਾਨ ਪਾਉਣ ਵਾਲੇ ਪ੍ਰੋਫੈਸਰ ਸਾਹਿਬਾਨ, ਸਟਾਫ ਮੈਂਬਰ ਤੇ ਖ਼ੂਨਦਾਨੀ ਸੇਵਾਦਾਰਾਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਸਤਿਕਾਰ ਤੇ ਮੁਬਾਰਕਬਾਦ ਦਿੱਤੀ।

## ਕਾਂਗਰਸ ਸ਼ਾਨ ਨਾਲ ਜਿੱਤੇਗੀ ਤਰਨ ਤਾਰਨ ਜ਼ਿਮਨੀ ਚੋਣ : ਆਸ਼ੂ ਬੰਗੜ

*ਕਰਨਵੀਰ ਸਿੰਘ ਬੁਰਜ ਦੇ ਹੱਕ 'ਚ ਚੋਣ ਪ੍ਰਚਾਰ ਲਈ ਟੀਮਾਂ ਦਾ ਗਠਨ*

**ਮਮਦੋਟ (ਜਸਬੀਰ ਸਿੰਘ ਕੰਬੋਜ)**-ਵਿਧਾਨ ਸਭਾ ਹਲਕਾ ਤਰਨਤਾਰਨ ਦੀ 11 ਨਵੰਬਰ ਨੂੰ ਹੋਣ ਵਾਲੀ ਜ਼ਿਮਨੀ ਚੋਣ ਦੌਰਾਨ ਕਾਂਗਰਸੀ ਪਾਰਟੀ ਦੇ ਉਮੀਦਵਾਰ ਕਰਨਵੀਰ ਸਿੰਘ ਬੁਰਜ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਲਈ ਆਸ਼ੂ ਬੰਗੜ ਵੱਲੋਂ ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਵੱਖ ਵੱਖ ਟੀਮਾਂ ਦਾ ਗਠਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਆਸ਼ੂ ਬੰਗੜ ਨੇ ਕਿਹਾ ਕਿ ਹਲਕਾ ਤਰਨਤਾਰਨ ਦੀ ਜ਼ਿਮਨੀ ਚੋਣ ਨੂੰ ਕਾਮਯਾਬ ਕਰਨ ਲਈ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਤੇ ਵਰਕਰ ਜੋਸ਼ ਨਾਲ ਇਕਜੁੱਟਤਾ ਨਾਲ ਕੰਮ ਕਰ ਰਹੀ ਹੈ ਅਤੇ ਕਰਨਵੀਰ ਸਿੰਘ ਬੁਰਜ ਇਹ ਸੀਟ ਬੜੀ ਸ਼ਾਨ ਨਾਲ ਜਿੱਤ ਕੇ ਕਾਂਗਰਸ ਪਾਰਟੀ ਦੀ ਝੋਲੀ ਪਾਉਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਹੀ ਭਾਈਚਾਰਕ ਸਾਂਝ ਤੇ ਜਨਤਾ ਦੀਆਂ ਉਮੀਦਾਂ 'ਤੇ ਖਰਾ ਉਤਰਨ ਵਾਲੀ ਪਾਰਟੀ ਹੈ ਤੇ ਸਾਨੂੰ ਪੂਰਨ ਉਮੀਦ ਹੈ ਕਿ ਹਲਕਾ ਤਰਨਤਾਰਨ ਦੀ ਜਨਤਾ ਕਾਂਗਰਸ ਦੇ ਹੱਕ ਵਿੱਚ ਫ਼ਤਵਾ ਦੇਵੇਗੀ।ਇਸ ਮੌਕੇ ਉਨ੍ਹਾਂ ਨਾਲ ਸਤਨਾਮ ਸਿੰਘ ਢਿੱਲੋਂ ਫਰੀਦੇਵਾਲਾ, ਮਨੀਸ਼ ਕੁਮਾਰ ਸੁਲਹਾਨੀ, ਸੁਲੱਖਣ ਸਿੰਘ ਸੁਲਹਾਨੀ, ਨਛੱਤਰ ਸਿੰਘ ਸੁਰਸਿੰਘ ਵਾਲਾ, ਸਾਹਿਬ ਸਿੰਘ ਸੁਰਸਿੰਘ ਵਾਲਾ, ਕੇਵਲ ਸਿੰਘ ਸੁਰਸਿੰਘ ਵਾਲਾ, ਰਵਿੰਦਰ ਸਿੰਘ ਸੁਰਸਿੰਘ ਵਾਲਾ, ਸਰਪੰਚ ਜੱਸ ਮੋਹਿਤ ਸਿੰਘ ਲੋਹਗੜ੍ਹ, ਪੀ ਏ ਤਰਨ ਬੁੱਟਰ, ਸਰਪੰਚ ਦਵਿੰਦਰ ਸਿੰਘ ਰਹੀਮੇ ਕੇ, ਗੁਰਪ੍ਰੀਤ ਸਿੰਘ ਬਰਾੜ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।



## ਲੈਕਚਰਾਰ ਰਾਜੇਸ਼ ਤੇ ਮੈਨੇਜਰ ਰਾਕੇਸ਼ ਨੂੰ ਸਦਮਾ, ਮਾਤਾ ਸਵਰਗਵਾਸ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਚੱਕ ਬੀੜ ਸਰਕਾਰ ਰੋਡ ਨਿਵਾਸੀ ਰਾਜੇਸ਼ ਕੁਮਾਰ ਸਕੂਲ ਲੈਕਚਰਾਰ ਤੇ ਪੰਜਾਬ ਨੈਸ਼ਨਲ ਬੈਂਕ ਵਿੱਚ ਮੈਨੇਜਰ ਵਜੋਂ ਸੇਵਾਵਾਂ ਨਿਭਾਅ ਰਹੇ ਰਾਕੇਸ਼ ਕੁਮਾਰ 'ਬਿੱਲੂ' ਦੇ ਮਾਤਾ ਸੱਤਿਆ ਰਾਣੀ (83) ਦੋ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ।ਉਹ ਆਪਣੇ ਪਿੱਛੇ ਉਕਤ ਦੋਹਾਂ ਪੁੱਤਰਾਂ ਸਮੇਤ ਅਨੀਤਾ ਰਾਣੀ ਨਰਸਿੰਗ ਸੁਪਰਡੈਂਟ ਤੇ ਮੀਨੂੰ (ਦੋਵੇਂ ਨੂੰਹਾਂ) ਸਮੇਤ ਬੀ.ਐੱਸ.ਸੀ. ਨਰਸਿੰਗ ਦੀ ਪੜ੍ਹਾਈ ਕਰ ਰਹੀ ਪੋਤਰੀ ਮੌਸਿਕੀ ਤੇ ਪੋਤਰੇ ਵਿਭਾਸ਼ ਸਮੇਤ ਕੈਨੇਡਾ ਵਿੱਚ ਪੜ੍ਹਾਈ ਕਰ ਰਹੀ ਪੋਤਰੀ ਮਿਲੀ ਤੇ ਪੋਤੇ ਅਹਿਸਾਸ ਸਮੇਤ ਭਰਿਆ ਪੂਰਾ ਪਰਵਾਰ ਛੱਡ ਗਏ ਹਨ।ਜ਼ਿਕਰਯੋਗ ਹੈ ਕਿ ਸਵ: ਸੱਤਿਆ ਰਾਣੀ ਦੇ ਪਤੀ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਤਾਇਨਾਤ ਜੂਨੀਅਰ ਇੰਜੀਨੀਅਰ ਹੰਸ ਰਾਜ ਕਰੀਬ ਛੇ ਸਾਲ ਪਹਿਲਾਂ ਸਵਰਗ ਸਿਧਾਰ ਗਏ ਸਨ।ਸਵ: ਸੱਤਿਆ ਰਾਣੀ ਦੀਆਂ ਪੁੱਤਰੀਆਂ ਦਰਸ਼ਨਾ ਰਾਣੀ, ਪਤਨੀ ਗੁਲਜ਼ਾਰ ਰਾਏ ਬੈਂਕ ਮੈਨੇਜਰ, ਸੁਰੇਸ਼ ਰਾਣੀ ਲੈਕਚਰਾਰ ਧਰਮ ਪਤਨੀ ਪ੍ਰਦੀਪ ਕੁਮਾਰ ਸੇਵਾਮੁਕਤ ਸਰਕਲ ਸੁਪਰਡੈਂਟ ਤੇ ਕਮਲੇਸ਼ ਰਾਣੀ ਸੀ.ਡੀ.ਪੀ.ਓ. ਧਰਮ ਪਤਨੀ ਅਸ਼ਵਨੀ ਕੁਮਾਰ ਐਕਸੀਅਨ ਸਵ: ਮਾਤਾ-ਪਿਤਾ ਵੱਲੋਂ ਦਿੱਤੇ ਸੰਸਕਾਰਾਂ ਕਾਰਨ ਖੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ।ਖੁਸ਼ਹਾਲ ਤੇ ਪੂਰੇ ਪਰਵਾਰ ਵਿੱਚੋਂ ਮਾਤਾ ਜੀ ਦਾ ਚਲੇ ਜਾਣਾ ਸਮੁੱਚੇ ਪਰਵਾਰ ਲਈ ਬੇਹੱਦ ਦੁਖਦਾਈ ਤੇ ਅਸਹਿ ਸਦਮਾ ਹੈ।ਆਪਣੇ ਮਾਤਾ-ਪਿਤਾ ਵੱਲੋਂ ਮਿਲੇ ਵਧੀਆ ਪਰਵਾਰਕ ਸੰਸਕਾਰਾਂ ਕਾਰਨ ਹੀ ਰਾਜੇਸ਼ ਕੁਮਾਰ ਤੇ ਰਾਕੇਸ਼ ਕੁਮਾਰ ਦੋਵੇਂ ਭਰਾ ਹੀ ਮੁਕਤਸਰ ਵਿਕਾਸ ਮਿਸ਼ਨ ਤੇ ਬੁੱਧ ਵਿਹਾਰ ਵਿਕਾਸ ਕਮੇਟੀ ਦੇ ਸਰਗਰਮ ਸਹਿਯੋਗੀ ਮੈਂਬਰ ਵਜੋਂ ਸਮਾਜ ਸੇਵਾ ਦੇ ਕਾਰਜ ਨਿਭਾਅ ਰਹੇ ਹਨ।ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਸਮੇਤ ਇੰਜ. ਅਸ਼ੋਕ ਕੁਮਾਰ ਭਾਰਤੀ, ਨਿਰੰਜਣ ਸਿੰਘ ਰੱਖਰਾ, ਡਾ. ਸੁਰਿੰਦਰ ਗਿਰਧਰ, ਬਲਜੀਤ ਸਿੰਘ ਕੋਅਪ੍ਰੇਟਿਵ, ਅਮਰ ਨਾਥ ਸੇਰਸੀਆ, ਪ੍ਰੋ. ਕੁਲਵੰਤ ਸ਼ਰਮਾ ਅਤੇ ਨਰਿੰਦਰ ਕਾਕਾ ਨੇ ਰਾਜੇਸ਼-ਰਾਕੇਸ਼ ਪਰਿਵਾਰ ਨਾਲ ਉਨ੍ਹਾਂ ਦੇ ਗ੍ਰਹਿ ਵਿਖੇ ਜਾ ਕੇ ਦੁੱਖ ਸਾਂਝਾ ਕੀਤਾ।ਸਵ: ਸੱਤਿਆ ਰਾਣੀ ਨਮਿਤ ਸ਼ਰਧਾਂਜਲੀ ਸਮਾਗਮ ਤੇ ਅੰਮ੍ਰਿਤ ਬਾਣੀ ਸਤਿਸੰਗ ਆਉਂਦੀ 30 ਅਕਤੂਬਰ ਨੂੰ ਦੁਪਹਿਰ 1:00 ਤੋਂ 2:00 ਵਜੇ ਤੱਕ ਬਠਿੰਡਾ ਰੋਡ ਸਥਿਤ ਸ਼ਾਂਤੀ ਭਵਨ ਵਿਖੇ ਹੋਵੇਗਾ।

## ਮੈਡੀਕਲ ਪ੍ਰੈਕਟੀਸ਼ਨਰ ਭਲਕੇ ਤਰਨ ਤਾਰਨ 'ਚ ਕਰਨਗੇ ਜ਼ਿਲ੍ਹਾ ਪੱਧਰੀ ਕਨਵੈਨਸ਼ਨ : ਗੋਇਲ

**ਮੋਗਾ, (ਇਕਬਾਲ ਸਿੰਘ ਖਹਿਰਾ)**
ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਸੂਬਾ ਜਨਰਲ ਸਕੱਤਰ ਡਾ. ਗੁਰਮੇਲ ਸਿੰਘ ਮਾਛੀਕੇ ਨੇ ਦੱਸਿਆ ਕਿਹਾ ਕਿ ਜ਼ਿਲ੍ਹਾ ਪੱਧਰੀ ਜਥੇਬੰਦਕ ਕਨਵੈਨਸ਼ਨਾਂ ਦੀ ਲੜੀ ਵਜੋਂ ਸੱਤਵੀਂ ਕਨਵੈਨਸ਼ਨ 30 ਅਕਤੂਬਰ ਨੂੰ ਐਨ.ਕੇ, ਪੂਨੀਆ ਪੈਲੇਸ ਗੋਇੰਦਵਾਲ ਬਾਈਪਾਸ ਤਰਨਤਾਰਨ ਵਿਖੇ ਜ਼ਿਲ੍ਹਾ ਪ੍ਰਧਾਨ ਡਾ. ਨਛੱਤਰ ਸਿੰਘ ਚੀਮਾ, ਸੂਬਾ ਸਹਾਇਕ ਸਕੱਤਰ ਡਾ.ਸੁਖਚੈਨ ਸਿੰਘ ਬੋਪਾਰਾਏ ਤੇ ਸੂਬਾ ਕਮੇਟੀ ਮੈਂਬਰ ਗੁਰਜੀਤ ਸਿੰਘ ਦੁਬਲੀ ਦੀ ਅਗਵਾਈ ਹੇਠ ਜਥੇਬੰਦਕ ਸਿਖਿਆ, ਭਰਾਤਰੀ ਸਾਂਝ ਤੇ ਵਿਧਾਨ ਸਭਾ ਦੀ ਜਿਮਨੀ ਚੋਣ ਸਬੰਧੀ ਜ਼ਿਲ੍ਹਾ ਪੱਧਰੀ ਜਥੇਬੰਦਕ ਕਨਵੈਨਸ਼ਨ ਕੀਤੀ ਜਾਵੇਗੀ, ਜਿਸ ਵਿੱਚ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਅਣ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਕਾਨੂੰਨੀ ਮਾਨਤਾ ਦੀ ਮੰਗ ਤੇ ਲੋਕਾਂ ਨਾਲ ਕੀਤੇ ਵਾਅਦਿਆਂ ਪ੍ਰਤੀ ਵੱਖ ਵੱਖ ਸਿਆਸੀ ਪਾਰਟੀਆਂ ਦੇ ਚੋਣ ਲੜ ਰਹੇ ਉਮੀਦਵਾਰਾਂ ਨੂੰ ਸਵਾਲ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਪਿਛਲੇ ਲੰਮੇ ਸਮੇਂ ਤੋਂ ਆਪਣੀ ਕਾਨੂੰਨੀ ਮਾਨਤਾ ਦੀ ਮੰਗ ਨੂੰ ਲੈਕੇ ਲਗਾਤਾਰ ਸੰਘਰਸ਼ ਕਰ ਰਹੇ ਹਨ ਪਰ ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਚੋਣ ਮੈਨੀਫੈਸਟੋ ਵਿੱਚ ਦਰਜ ਕਰਕੇ ਵੀ ਚੋਣਾਂ ਸਮੇਂ ਵਾਅਦੇ ਕੀਤੇ ਗਏ ਪਰ ਵਫ਼ਾ ਨਹੀਂ ਹੋਏ ਪੰਜਾਬ ਵਿੱਚ ਆਮ ਆਦਮੀ ਪਾਰਟੀ ਵੱਲੋਂ ਵੀ 2022 ਵਿਧਾਨ ਸਭਾ ਚੋਣਾਂ ਸਮੇ ਮਾਨਤਾ ਦੇਣ ਦਾ ਵਾਅਦਾ ਕੀਤਾ ਗਿਆ ਸੀ ਅਤੇ ਵਿਧਾਨ ਸਭਾ ਦੇ ਵੱਖ ਵੱਖ ਸ਼ੈਸ਼ਨਾਂ ਦੌਰਾਨ ਆਮਆਦਮੀ ਪਾਰਟੀ ਦੇ ਪੰਜ ਹਲਕਾ ਵਿਧਾਇਕਾਂ ਵੱਲੋਂ ਅਣ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਮਸਲੇ ਨੂੰ ਮਾਨਯੋਗ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਅਤੇ 26 ਨਵੰਬਰ, 2024 ਨੂੰ ਮਾਨਯੋਗ ਸਿਹਤ ਮੰਤਰੀ ਦੀ ਰਹਿਨੁਮਾਈ ਹੇਠ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਸੂਬਾ ਕਮੇਟੀ ਨਾਲ ਪੈਨਲ ਮੀਟਿੰਗ ਵਿੱਚ ਸ਼ਾਰਟ ਟਾਈਮ ਕੋਰਸ ਰਾਹੀਂ ਕਾਨੂੰਨੀ ਮਾਨਤਾ ਦੇਣ ਦਾ ਵਾਅਦਾ ਕੀਤਾ ਸੀ, ਪਰ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਵੀ ਕੋਈ ਵਿਸ਼ੇਸ਼ ਉਪਰਾਲਾ ਨਹੀਂ ਕੀਤਾ ਗਿਆ।

ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਸਮਾਜਿਕ ਮਸਲੇ ਨੂੰ ਕਾਨੂੰਨੀ ਨੁਕਤਾ ਨਜ਼ਰ ਨਾਲ ਦੇਖਣ ਦੀ ਬਜਾਇ ਸਮਾਜਿਕ ਮਸਲੇ ਵਜੋਂ ਹੱਲ ਕੀਤਾ ਜਾਵੇ।ਜੇਕਰ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਅੱਖੋਂ ਪਰੋਖੇ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮੌਜੂਦਾ ਚੋਣ ਸਮੇਂ ਜ਼ਬਰਦਸਤ ਵਿਰੋਧ ਦਾ ਸਾਹਮਣਾ ਕਰਨ ਲਈ ਤਿਆਰ ਰਹੇ।

## ਬੱਸ-ਟਰੇਲਰ ਦੀ ਟੱਕਰ ਨਾਲ 25 ਜ਼ਖਮੀ

**ਖੰਨਾ :** ਨੈਸ਼ਨਲ ਹਾਈਵੇ 'ਤੇ ਪੀ ਆਰ ਟੀ ਸੀ ਬੱਸ ਨੂੰ ਗਲਤ ਪਾਸੇ ਜਾ ਰਹੇ ਟਰੇਲਰ ਨੇ ਟੱਕਰ ਮਾਰ ਦਿੱਤੀ। ਹਾਦਸੇ ਵਿਚ ਦੋਵੇਂ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ ਅਤੇ 25 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਸਵੇਰੇ ਕਰੀਬ 10 ਵਜੇ ਪੀ ਆਰ ਟੀ ਸੀ ਬੱਸ ਲੁਧਿਆਣਾ ਤੋਂ ਪਟਿਆਲਾ ਜਾ ਰਹੀ ਸੀ, ਜਿਸ ਵਿਚ ਲਗਭਗ 40 ਵਿਦਿਆਰਥੀ ਅਤੇ ਔਰਤਾਂ ਸਵਾਰ ਸਨ। ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਡਰਾਈਵਰ ਦਲਜੀਤ ਸਿੰਘ ਤੇ ਕੰਡਕਟਰ ਹਰਸਿਮਰਨ ਸਿੰਘ ਨੇ ਦੱਸਿਆ ਕਿ ਜਦੋਂ ਬੱਸ ਖੰਨਾ ਪ੍ਰਿਸਟਾਈਨ ਮਾਲ ਨੇੜੇ ਪੁੱਜੀ ਤਾਂ ਅਚਾਨਕ ਗਲਤ ਪਾਸੇ ਤੋਂ ਆ ਰਹੇ ਟਰੇਲਰ ਨੇ ਬੱਸ ਨੂੰ ਟੱਕਰ ਮਾਰ ਦਿੱਤੀ। ਉਨ੍ਹਾ ਕਿਹਾ ਕਿ ਰਾਹਗੀਰਾਂ ਦੀ ਮਦਦ ਨਾਲ ਤੁਰੰਤ ਸਵਾਰੀਆਂ ਨੂੰ ਬੱਸ ਵਿਚੋਂ ਬਾਹਰ ਕੱਢ ਕੇ ਨਜ਼ਦੀਕੀ ਹਸਪਤਾਲ ਪਹੁੰਚਾਇਆ ਗਿਆ।

## ਬਾਬਾ ਨੰਦ ਸਿੰਘ ਜੀ ਦੇ ਜਨਮ ਦਿਹਾੜੇ ਨਾਲ ਸੰਬੰਧਤ ਗੁਰਮਤਿ ਸਮਾਗਮ ਅੱਜ-ਭਲਕੇ



**ਜਲਾਲਾਬਾਦ (ਬਲਵਿੰਦਰ ਸਿੰਘ)**-ਧੰਨ-ਧੰਨ ਬਾਬਾ ਨੰਦ ਸਿੰਘ ਜੀ ਦੇ ਚਰਨ ਛੋਹ ਪ੍ਰਾਪਤ ਗੁਰਦੁਆਰਾ ਨਾਨਕਸਰ ਠਾਠ ਪਿੰਡ ਚੱਕ ਦਮਾਲ ਵਿਖੇ ਸਲਾਨਾ ਮਹਾਨ ਗੁਰਮਤਿ ਸਮਾਗਮ ਕਰਾਇਆ ਜਾ ਰਿਹਾ ਹੈ।ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਅਮਰਜੀਤ ਸਿੰਘ ਨੇ ਦੱਸਿਆ ਕਿ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸੱਚਖੰਡ ਵਾਸੀ ਬਾਬਾ ਕੁੰਦਨ ਸਿੰਘ ਜੀ ਦੀ ਪ੍ਰੇਰਣਾ ਸਦਕਾ ਇਹ ਸਮਾਗਮ ਹਰ ਸਾਲ ਕਰਾਇਆ ਜਾਂਦਾ ਹੈ ਤੇ ਧੰਨ ਧੰਨ ਬਾਬਾ ਨੰਦ ਸਿੰਘ ਜੀ ਦੇ ਜਨਮ ਦਿਹਾੜੇ ਨਾਲ ਸੰਬੰਧਤ 28ਵਾਂ ਗੁਰਮਤਿ ਸਮਾਗਮ ਕਰਾਇਆ ਜਾ ਰਿਹਾ ਹੈ, ਜਿਸ ਵਿੱਚ ਸੰਤ ਬਾਬਾ ਗੁਰਚਰਨ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ, ਸੰਤ ਬਾਬਾ ਬਲਜੀਤ ਸਿੰਘ ਜੀ ਨਾਨਕਸਰ ਪਾਤੜਾਂ ਵਾਲੇ, ਸੰਤ ਬਾਬਾ ਅਮਰੀਕ ਸਿੰਘ ਜੀ ਪੰਜ ਭੈਣੀਆਂ ਵਾਲੇ, ਭਾਈ ਸਰਬਜੀਤ ਸਿੰਘ ਜੀ ਨਾਨਕਸਰ ਭਰੋਵਾਲ ਵਾਲੇ, ਭਾਈ ਬਲਪ੍ਰੀਤ ਸਿੰਘ ਜੀ ਲੁਧਿਆਣੇ ਵਾਲੇ ਤੇ ਉਸਤਾਦ ਬਾਬਾ ਸੇਵਾ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ ਪਹੁੰਚ ਰਹੇ ਹਨ।ਉਨ੍ਹਾਂ ਦੱਸਿਆ ਕਿ ਇਹ ਉਹ ਮਹਾਨ ਸਥਾਨ ਹੈ, ਜਿੱਥੇ ਧੰਨ ਧੰਨ ਬਾਬਾ ਨੰਦ ਸਿੰਘ ਜੀ ਨੇ ਮੁੱਢਲੇ ਸਮੇਂ ਵਿੱਚ ਕਿਰਤ ਕਰਦਿਆਂ ਭਗਤੀ ਕਰਨੀ ਸ਼ੁਰੂ ਕੀਤੀ ਸੀ।ਉਨ੍ਹਾਂ ਦੇ ਹੱਥਾਂ ਦੀਆਂ ਬਣੀਆਂ ਹੋਈਆਂ ਜੋੜੀਆਂ, ਛਤੀਰ ਤੇ ਪਵਿੱਤਰ ਸਰੋਵਰ ਵੀ ਗੁਰਦੁਆਰਾ ਨਾਨਕਸਰ ਠਾਠ ਪਿੰਡ ਚੱਕ ਦਮਾਲ ਵਿਖੇ ਮੌਜੂਦ ਹੈ, ਜਿਸ ਵਿੱਚ ਧੰਨ ਧੰਨ ਬਾਬਾ ਨੰਦ ਸਿੰਘ ਜੀ ਇਸ਼ਨਾਨ ਕਰਕੇ ਭਗਤੀ ਕਰਿਆ ਕਰਦੇ ਸਨ, ਜਿਨ੍ਹਾਂ ਦੇ ਦਰਸ਼ਨ ਕਰਨ ਲਈ ਸੰਗਤਾਂ ਦੂਰ ਦੂਰ ਤੋਂ ਪਹੁੰਚਦੀਆਂ ਹਨ ਤੇ ਇੱਥੇ ਹਰ ਸਾਲ ਸੰਗਤਾਂ ਦੇ ਸਹਿਯੋਗ ਨਾਲ ਪਾਠਾਂ ਦੀ ਲੜੀ ਆਰੰਭ ਕੀਤੀ ਜਾਂਦੀ ਹੈ, ਜਿਸ ਦੇ ਭੋਗ ਵੀ 30 ਅਕਤੂਬਰ ਨੂੰ ਪਾਏ ਜਾਣੇ ਹਨ।ਇਸ ਮੌਕੇ ਸੰਗਤਾਂ ਲਈ ਵੱਖ-ਵੱਖ ਪਿੰਡਾਂ ਤੋਂ ਲੰਗਰ ਦਾ ਵੀ ਖਾਸ ਪ੍ਰਬੰਧ ਕੀਤਾ ਜਾਂਦਾ ਹੈ।

## ਰਗਬੀ ਖਿਡਾਰਨ ਅਮਨਦੀਪ ਕੌਰ ਦਾ ਵਿਸ਼ੇਸ਼ ਸਨਮਾਨ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸਰੀਰਕ ਸਿੱਖਿਆ ਵਿਭਾਗ ਵੱਲੋਂ ਐਮ.ਪੀ.ਐਡ. (ਦੋ ਸਾਲਾਂ ਪ੍ਰੋਗਰਾਮ) ਦੀ ਵਿਦਿਆਰਥਣ ਤੇ ਰਗਬੀ ਖਿਡਾਰਣ ਅਮਨਦੀਪ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਅਮਨਦੀਪ ਕੌਰ ਪਿੰਡ ਧੀਰਪੁਰ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਮਲੂਕ ਸਿੰਘ ਦੀ ਸਪੁੱਤਰੀ ਹੈ।ਉਸ ਨੇ ਆਪਣੀ ਮਿਹਨਤ, ਸਮਰਪਣ ਤੇ ਖੇਡ ਪ੍ਰਤੀ ਨਿਸ਼ਠਾ ਨਾਲ ਯੂਨੀਵਰਸਿਟੀ ਤੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ।

ਅਮਨਦੀਪ ਕੌਰ ਨੇ ਚੀਨ ਤੇ ਸ਼੍ਰੀਲੰਕਾ 'ਚ ਆਯੋਜਤ ਏਸ਼ੀਅਨ ਰਗਬੀ ਅਮੀਰਾਤ ਲੀਗ ਵਿੱਚ ਭਾਰਤ ਦੀ ਨੁਮਾਇੰਦਗੀ ਕਰਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ।ਆਪਣੇ ਕੋਚ ਸੰਦੀਪ ਕੁਮਾਰ ਦੀ ਰਹਿਨੁਮਾਈ ਹੇਠ ਉਸਨੇ ਖੇਡ 'ਚ ਵਿਲੱਖਣ ਦ੍ਰਿੜਤਾ, ਅਨੁਸ਼ਾਸਨ ਤੇ ਟੀਮ ਸਪਿਰਿਟ ਦਾ ਪ੍ਰਦਰਸ਼ਨ ਕੀਤਾ।ਇਸ ਉਪਲੱਬਧੀ ਲਈ ਵਾਈਸ ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਨੇ ਆਯੋਜਤ ਸਮਾਰੋਹ ਦੌਰਾਨ ਅਮਨਦੀਪ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ।

ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਧੀਆਂ ਖੇਡਾਂ ਦੇ ਖੇਤਰ 'ਚ ਦੇਸ਼ ਦਾ ਨਾਂਅ ਚਮਕਾ ਰਹੀਆਂ ਹਨ ਤੇ ਅਮਨਦੀਪ ਵਰਗੀਆਂ ਖਿਡਾਰਨਾਂ ਪ੍ਰੇਰਣਾ ਦਾ ਸਰੋਤ ਹਨ।ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਕਿਹਾ ਕਿ ਅਮਨਦੀਪ ਕੌਰ ਦੀ ਸਫ਼ਲਤਾ ਯੂਨੀਵਰਸਿਟੀ ਲਈ ਮਾਣ ਦੀ ਗੱਲ ਹੈ।

ਇਸ ਮੌਕੇ ਡਾ. ਭੁਪਿੰਦਰ ਸਿੰਘ ਘੁੰਮਣ, ਮੁਖੀ ਸਰੀਰਕ ਸਿੱਖਿਆ ਵਿਭਾਗ ਨੇ ਕਿਹਾ ਕਿ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਖੇਡਾਂ 'ਚ ਉੱਚ ਪੱਧਰੀ ਪ੍ਰਦਰਸ਼ਨ ਲਈ ਹਰ ਤਰ੍ਹਾਂ ਦੀ ਸਹੂਲਤ ਤੇ ਮੌਕਾ ਪ੍ਰਦਾਨ ਕਰਦੀ ਹੈ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

29 Oct Page 3.qxd 10/28/2025 9:26 PM Page 1



# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਜਥੇਬੰਦਕ ਕਨਵੈਨਸ਼ਨ ਭਲਕੇ

**ਪੱਟੀ (ਬਲਦੇਵ ਸਿੰਘ ਸੰਧੂ)**- ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਜ਼ਿਲ੍ਹਾ ਤਰਨਤਾਰਨ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਡਾ. ਨਛੱਤਰ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸੂਬਾ ਸਹਾਇਕ ਸਕੱਤਰ ਡਾ. ਸੁਖਚੈਨ ਸਿੰਘ ਝੱਥਾਰਾਵੇਂ ਅਤੇ ਸੂਬਾ ਕਮੇਟੀ ਮੈਂਬਰ ਗੁਰਜੀਤ ਸਿੰਘ ਦੁੱਬਲੀ ਨੇ ਸ਼ਿਰਕਤ ਕੀਤੀ ਅਤੇ ਸੂਬਾ ਕਮੇਟੀ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਅਤੇ ਸੂਬਾ ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲਾ ਪੱਧਰੀ ਕਨਵੈਨਸ਼ਨ ਦੀ ਲੜੀ ਨੂੰ ਜਾਰੀ ਰੱਖਦਿਆਂ ਜ਼ਿਲਾ ਤਰਨਤਾਰਨ ਵਿਖੇ 30 ਅਕਤੂਬਰ ਨੂੰ ਜ਼ਿਲ੍ਹਾ ਪੱਧਰੀ ਜਥੇਬੰਦਕ ਕਨਵੈਨਸ਼ਨ ਕਰਨ ਦਾ ਫੈਸਲਾ ਲਿਆ ਗਿਆ। ਜ਼ਿਕਰਯੋਗ ਹੈ ਕਿ ਜਥੇਬੰਦਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਜਥੇਬੰਦਕ ਸਿੱਖਿਆ, ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਅਤੇ ਹੋ ਰਹੀ ਜ਼ਿਮਨੀ ਚੋਣ ਸਬੰਧੀ ਜਥੇਬੰਦਕ ਕਨਵੈਨਸ਼ਨ ਕੀਤੀ ਜਾਵੇਗੀ ਜਿਸ ਵਿੱਚ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ ਮੁਤਾਬਕ ਅਨਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਕਾਨੂੰਨੀ ਮਾਨਤਾ ਦੀ ਮੰਗ ਪ੍ਰਤੀ ਵੱਖ-ਵੱਖ ਸਿਆਸੀ ਪਾਰਟੀਆਂ ਦੇ ਚੋਣ ਲੜ ਰਹੇ ਉਮੀਦਵਾਰਾਂ ਨੂੰ ਸਵਾਲ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰ ਪਿਛਲੇ ਲੰਮੇ ਸਮੇਂ ਤੋਂ ਆਪਣੀ ਕਾਨੂੰਨੀ ਮਾਨਤਾ ਦੀ ਮੰਗ ਨੂੰ ਲੈ ਕੇ ਲਗਾਤਾਰ ਸੰਘਰਸ਼ ਕਰ ਰਹੀ ਹੈ ਪਰ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਸਮੇਂ ਵਾਅਦੇ ਕੀਤੇ ਗਏ ਅਤੇ ਕੁਝ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਸਮੇਂ ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਮੰਗਾਂ ਨੂੰ ਦਰਜ ਵੀ ਕੀਤਾ ਗਿਆ ਪਰ ਸੱਤਾ ਵਿੱਚ ਆਉਣ ਤੇ ਸਿਵਾਏ ਵਾਅਦਿਆ ਦੇ ਕੁੱਝ ਵੀ ਨਹੀਂ ਕੀਤਾ। ਜੇ ਕਰ ਸਰਕਾਰ ਨੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਅੱਖੋਂ ਪਰੋਖੇ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਮੌਜੂਦਾ ਚੋਣ ਸਮੇਂ ਜ਼ਬਰਦਸਤ ਵਿਰੋਧ ਦਾ ਸਾਹਮਣਾ ਕਰਨ ਲਈ ਤਿਆਰ ਰਹੇ।ਇਸ ਸਮੇਂ ਜ਼ਿਲ੍ਹਾ ਆਗੂ ਡਾ. ਸ਼ਮਸ਼ੇਰ ਸਿੰਘ ਬਾਜਵਾ, ਡਾ. ਦਲਜੀਤ ਸਿੰਘ, ਡਾ. ਬਲਵਿੰਦਰ ਸਿੰਘ ਕੋਟਲੀ, ਡਾ. ਪ੍ਰਭਜੀਤ ਸਿੰਘ ਬਾਠ, ਡਾ. ਜੈਮਲ ਸਿੰਘ ਸੈਦੋ, ਡਾ. ਗੁਰਪਾਲ ਸਿੰਘ ਨਦੋਹਰ, ਡਾ. ਗੁਰਮੇਜ ਸਿੰਘ ਭੈਣੀ ਅਤੇ ਡਾ. ਸੁਖਵਿੰਦਰ ਸਿੰਘ ਬੱਬੂ ਨੇ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਕਨਵੈਨਸ਼ਨ ਵਿੱਚ ਜੋਸ਼ੋ ਖਰੋਸ਼ ਨਾਲ ਸ਼ਾਮਿਲ ਹੋਣ ਦਾ ਸੱਦਾ ਦਿੱਤਾ।



# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਮੌਕੇ ਮੁੰਬਈ 'ਚ ਕਰਵਾਇਆ ਵਿਸ਼ਾਲ ਸਮਾਰੋਹ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਨੌਵੀਂ ਪਾਤਸ਼ਾਹੀ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਰਾਜ ਪੱਧਰੀ ਵਿਸ਼ਾਲ ਸਮਾਗਮ ਦਾ ਆਯੋਜਨ ਮੁੰਬਈ ਦੇ ਦਾਦਰ ਸਥਿਤ ਯੋਗੀ ਹਾਲ 'ਚ ਕੀਤਾ ਗਿਆ।ਮਹਾਰਾਸ਼ਟਰ ਸਰਕਾਰ ਵੱਲੋਂ ਆਯੋਜਿਤ ਇਸ ਸਮਾਰੋਹ ਦੀ ਅਗਵਾਈ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਪ੍ਰਧਾਨ ਸੰਤ ਸਮਾਜ ਨੇ ਕੀਤੀ, ਜਿਸ ਦੌਰਾਨ ਦੌਰਾਨ ਗੁਰੂ ਸਾਹਿਬ ਦੀ ਸ਼ਹਾਦਤ ਤੇ ਜੀਵਨਗਾਥਾ ਨੂੰ ਸਮਰਪਿਤ ਪ੍ਰਸਿੱਧ ਗਾਇਕ ਡਾ. ਸਤਿੰਦਰ ਸਰਤਾਜ ਦਾ ਨਵਾਂ ਗੀਤ ਹਿੰਦ ਦੀ ਚਾਦਰ ਲੋਕ ਸਮਰਪਣ ਕੀਤਾ ਗਿਆ।ਇਸਦੇ ਨਾਲ ਹੀ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ 350ਵਾਂ ਸ਼ਹੀਦੀ ਸਮਾਗਮ ਉਪਰ ਵਿਸ਼ੇਸ਼ ਵਰਕਸ਼ਾਪ ਦੀ ਸ਼ੁਰੂਆਤ ਕੀਤੀ ਗਈ ਤੇ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਸੰਬੰਧਿਤ ਵਿਸ਼ਿਆਂ 'ਤੇ ਆਧਾਰਿਤ ਵਿਸ਼ੇਸ਼ ਵੈੱਬਸਾਈਟ ਅਤੇ ਇਤਿਹਾਸਕ ਪ੍ਰਕਾਸ਼ਨ (ਪੇਪਰ) ਦਾ ਉਦਘਾਟਨ ਵੀ ਕੀਤਾ ਗਿਆ।ਇਸ ਮੌਕੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਸਮਾਗਮ 'ਚ ਸ਼ਾਮਿਲ ਹੋਈਆਂ ਸ਼ਖਸ਼ੀਅਤਾਂ ਤੇ ਬੇਅੰਤ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਮਹਾਰਾਸ਼ਟਰ ਸਰਕਾਰ ਤੇ ਵਿਸ਼ੇਸ਼ ਤੌਰ 'ਤੇ ਮੁੱਖ ਮੰਤਰੀ ਫੜਨਵੀਸ ਵੱਲੋਂ ਗੁਰੂ ਸਾਹਿਬਾਂ ਪ੍ਰਤੀ ਪ੍ਰਗਟਾਈ ਗਈ ਅਟੁੱਟ ਸ਼ਰਧਾ ਅਤੇ ਗੁਰੂ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਨੂੰ ਰਾਜ ਪੱਧਰ 'ਤੇ ਬੇਹਦ ਯਾਦਗਾਰੀ ਤੇ ਪ੍ਰਭਾਵਸ਼ਾਲੀ ਢੰਗ ਨਾਲ ਮਨਾਉਣ ਲਈ ਕੀਤੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਇਹ ਉਪਰਾਲਾ ਸਿੱਖ ਭਾਈਚਾਰੇ ਲਈ ਸਿਰਫ ਵੱਡੇ ਮਾਣ ਦਾ ਵਿਸ਼ਾ ਹੈ,ਉੱਥੇ ਹੀ ਪੂਰੇ ਭਾਰਤ 'ਚ ਧਾਰਮਿਕ ਸਹਿਣਸ਼ੀਲਤਾ, ਆਦਰ ਤੇ ਰਾਸ਼ਟਰੀ ਚੇਤਨਾ ਦੇ ਪ੍ਰਤੀਕ ਵਜੋਂ ਪ੍ਰੇਰਣਾ ਦੇਂਦਾ ਹੈ ਇਸ ਦੌਰਾਨ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਿਰਫ਼ ਸਿੱਖ ਧਰਮ ਦੇ ਨਹੀਂ, ਸਗੋਂ ਸਾਰੇ ਭਾਰਤੀ ਧਰਮਾਂ ਦੇ ਰੱਖਿਅਕ ਸਨ, ਜਿਸ ਲਈ ਉਨ੍ਹਾਂ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ।ਉਨ੍ਹਾਂ ਦੀ ਸ਼ਹਾਦਤ ਨੇ ਜ਼ੁਲਮ ਦੇ ਖਿਲਾਫ ਸੱਚ ਦੀ ਆਵਾਜ਼ ਬੁਲੰਦ ਕੀਤੀ ਤੇ ਖਾਲਸਾ ਪੰਥ ਨੂੰ ਨਵੀਂ ਆਤਮਿਕ ਸ਼ਕਤੀ ਬਖ਼ਸ਼ੀ ਹੈ। ਇਸ ਮੌਕੇ ਵਿਧਾਇਕ ਬਾਬੂ ਸਿੰਘ ਮਹਾਰਾਜ ਰਾਠੌੜ, ਮੰਤਰੀ ਗਿਰੀਸ਼ ਮਹਾਜਨ, ਘੱਟ ਗਿਣਤੀ ਵਿਭਾਗ ਦੇ ਸਕੱਤਰ ਰੁਚੇਸ਼ ਜੈਵੰਸ਼ੀ, ਗਾਇਕ ਡਾ. ਸਤਿੰਦਰ ਸਰਤਾਜ, ਮਹੰਤ ਸੁਨੀਲ ਮਹਾਰਾਜ, ਸਵਾਮੀ ਹੀਰਾਨੰਦ, ਰਾਮੇਸ਼ਵਰ ਨਾਇਕ, ਹੈਪੀ ਸਿੰਘ ਮੈਂਬਰ ਰਾਜ ਘੱਟ ਗਿਣਤੀ ਕਮਿਸ਼ਨ, ਜਸਪਾਲ ਸਿੰਘ ਸਿੱਧੂ ਤਾਲਮੇਲ ਕਮੇਟੀ ਮੁਖੀ ਤੇ ਮਲਕੀਤ ਸਿੰਘ ਬਲ ਚੇਅਰਮੈਨ ਪੰਜਾਬੀ ਅਕੈਡਮੀ ਸਮੇਤ ਕਈ ਸਨਮਾਨਯੋਗ ਹਸਤੀਆਂ ਮੌਜੂਦ ਸਨ।

# ਪਰਾਲੀ ਪ੍ਰੋਟੈਕਸ਼ਨ ਫੋਰਸ ਵੱਲੋਂ ਪਿੰਡ ਗੋਸਲ ਤੇ ਲੱਖਣ ਖੁਰਦ 'ਚ ਕਿਸਾਨਾਂ ਨਾਲ ਮੀਟਿੰਗ



**ਗੁਰਦਾਸਪੁਰ (ਜਨਕ ਮਹਾਜਨ)**- ਆਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਦਿੱਤੀਆਂ ਹਦਾਇਤਾਂ ਤਹਿਤ ਪਰਾਲੀ ਪ੍ਰੋਟੈਕਸ਼ਨ ਫੋਰਸ ਦੀ ਟੀਮਾਂ ਪੂਰੀ ਸਰਗਰਮੀ ਨਾਲ ਫੀਲਡ ਵਿਚ ਜਾ ਕਿ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਅਤੇ ਪਰਾਲੀ ਪ੍ਰਬੰਧਨ ਲਈ ਪ੍ਰੇਰਿਤ ਕਰ ਰਹੀਆਂ ਹਨ।ਐੱਸ. ਡੀ. ਐੱਮ. ਕਲਾਨੌਰ ਜਯੋਤਸਨਾ ਸਿੰਘ ਨੇ ਦੱਸਿਆ ਕਿ 'ਪਰਾਲੀ ਪ੍ਰੋਟੈਕਸ਼ਨ ਫੋਰਸ' ਦੀ ਟੀਮ, ਜਿਸ ਵਿਚ ਤਹਿਸੀਲਦਾਰ, ਨਾਇਬ ਤਹਿਸੀਲਦਾਰ, ਏਡੀਓ., ਪੰਚਾਇਤ ਅਫਸਰ ਅਤੇ ਏ. ਐੱਸ. ਆਈ. ਵੱਲੋਂ ਪਿੰਡ ਗੋਸਲ ਅਤੇ ਲੱਖਣ ਖੁਰਦ ਵਿਖੇ ਜਾ ਕੇ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਅਤੇ ਪਰਾਲੀ ਪ੍ਰਬੰਧਨ ਬਾਰੇ ਜਾਗਰੂਕ ਕੀਤਾ। ਐੱਸ. ਡੀ. ਐੱਮ. ਨੇ ਕਿਹਾ ਕਿ ਜਿਲ੍ਹੇ ਦੇ ਬਹੁਤ ਸਾਰੇ ਕਿਸਾਨਾਂ ਵਲੋਂ ਪ੍ਰਸ਼ਾਸਨ ਨਾਲ ਸਹਿਯੋਗ ਕੀਤਾ ਜਾ ਰਿਹਾ ਹੈ। ਉਨ੍ਹਾਂ ਵਲੋਂ ਪਰਾਲੀ ਦੀਆਂ ਗੱਠਾਂ ਬਣਾਈਆਂ ਜਾ ਰਹੀਆਂ ਹਨ। ਬਹੁਤ ਸਾਰੇ ਕਿਸਾਨ ਫਸਲ ਦੀ ਰਹਿੰਦ ਖੂੰਹਦ ਨੂੰ ਖੇਤੀ ਵਿੱਚ ਵਾਹ ਕੇ ਕਣਕ ਦੀ ਬਿਜਾਈ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜ਼ਿਲ੍ਹੇ ਵਿੱਚ ਪਰਾਲੀ ਪ੍ਰਬੰਧਨ ਲਈ ਲੋੜੀਂਦੀ ਖੇਤੀ ਮਸ਼ੀਨਰੀ ਉਪਲੱਬਧ ਕਰਵਾਈ ਗਈ ਹੈ, ਜਿਸਦੀ ਮੈਪਿੰਗ ਕੀਤੀ ਜਾ ਚੁੱਕੀ ਹੈ। ਲੇਕਿਨ ਫਿਰ ਵੀ ਜੇਕਰ ਕਿਸੇ ਕਿਸਾਨ ਨੂੰ ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਦੀ ਲੋੜ ਹੈ ਤਾਂ ਉਹ ਜ਼ਿਲ੍ਹਾ ਪੱਧਰ ਤੇ ਸਥਾਪਤ ਕੰਟਰੋਲ ਰੂਮ ਦੇ ਫੋਨ ਨੰਬਰ 01874-266376 'ਤੇ ਸੰਪਰਕ ਕਰ ਸਕਦਾ ਹੈ। ਉਸ ਕਿਸਾਨ ਨੂੰ ਪਿੰਡਾਂ ਵਿੱਚ ਤਾਇਨਾਤ ਨੋਡਲ/ਕਲੱਸਟਰ ਅਫਸਰਾਂ ਵਲੋਂ ਖੇਤੀ ਮਸ਼ੀਨਰੀ ਮੁਹੱਈਆ ਕਰਵਾਈ ਜਾਵੇਗੀ।



# ਸੜਕ ਕੰਢੇ ਸੁੱਕੇ ਰੁੱਖ ਦੇ ਰਹੇ ਨੇ ਹਾਦਸਿਆਂ ਨੂੰ ਸੱਦਾ; ਮਹਿਕਮਾ ਸੁੱਤਾ ਕੁੰਭਕਰਨੀ ਨੀਂਦ

**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੇ ਪਿੰਡ ਚਾਵਾ ਨੇੜੇ ਕਿਸਾਨਾਂ ਦੇ ਖੇਤਾਂ ਵਿਚ ਵਣ ਵਿਭਾਗ ਗੁਰਦਾਸਪੁਰ ਵਲੋਂ ਹਨੇਰੀ ਨਾਲ ਡਿੱਗੇ ਰੁੱਖ ਨਹੀਂ ਚੁਕਵਾਏ ਜਾ ਰਹੇ ਅਤੇ ਇਹ ਦਰੱਖਤ ਕਾਫੀ ਲੰਬੇ ਸਮੇਂ ਤੋਂ ਡਿੱਗੇ ਪਏ ਹਨ ਜਿਸ ਨਾਲ ਕਿਸਾਨਾਂ ਦੀ ਜ਼ਮੀਨ ਦਾ ਭਾਰੀ ਨੁਕਸਾਨ ਜਿੱਥੇ ਹੋ ਰਿਹਾ ਹੈ ਉੱਥੇ ਸਰਕਾਰ ਨੂੰ ਵੀ ਕਾਫੀ ਨੁਕਸਾਨ ਪਹੁੰਚ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਲੰਬੜਦਾਰ ਜਗੀਰ ਸਿੰਘ ਅਤੇ ਸਾਹਿਬ ਸਿੰਘ ਨੇ ਦੱਸਿਆ ਕਿ ਰੁੱਖਾਂ ਨੂੰ ਚੁਕਵਾਉਣ ਵਾਸਤੇ ਮਹਿਕਮੇ ਨੂੰ ਲਿਖਤੀ ਅਤੇ ਜੁਬਾਨੀ ਤੌਰ 'ਤੇ ਕਹਿ ਚੁੱਕੇ ਹਾਂ ਅਤੇ ਕਈ ਵਾਰ ਅਖਬਾਰਾਂ ਵਿਚ ਵੀ ਖਬਰਾਂ ਛਪਵਾ ਚੁੱਕੇ ਹਾਂ ਪਰ ਫਿਰ ਵੀ ਮਹਿਕਮਾ ਇਸ ਪਾਸੇ ਧਿਆਨ ਨਹੀਂ ਦੇ ਰਿਹਾ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਤੋਂ ਮੰਗ ਕੀਤੀ ਕਿ ਸੁੱਕੇ ਤੇ ਡਿੱਗੇ ਰੁੱਖਾਂ ਨੂੰ ਕਟਵਾਉਣ ਵਾਸਤੇ ਮਹਿਕਮੇ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਜਿਸ ਨਾਲ ਲੋਕਾਂ ਦਾ ਜਾਨੀ ਤੇ ਮਾਲੀ ਨੁਕਸਾਨ ਹੋਣ ਤੋਂ ਬਚਾਅ ਹੋ ਸਕੇ।

# ਕਿਸਾਨ ਜਥੇਬੰਦੀਆਂ ਨੇ ਹੜ੍ਹ ਪੀੜਤਾਂ ਨੂੰ ਮੁਫਤ ਡੀਏਪੀ ਖਾਦ ਵੰਡੀ

**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) 'ਚ ਕੰਮ ਕਰਦੀਆਂ ਕਿਸਾਨ ਜੱਥੇਬੰਦੀਆਂ ਜਮੂਹਰੀ ਕਿਸਾਨ ਸਭਾ ਪੰਜਾਬ, ਕਿਰਤੀ ਕਿਸਾਨ ਯੂਨੀਅਨ ਪੰਜਾਬ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਮੁੱਖ ਆਗੂਆਂ ਡਾ. ਸਤਨਾਮ ਸਿੰਘ ਅਜਨਾਲਾ, ਧਨਵੰਤ ਸਿੰਘ ਖਤਰਾਏ ਕਲਾਂ, ਸੁੱਚਾ ਸਿੰਘ ਅਜਨਾਲਾ ਅਤੇ ਕਿਸਾਨ ਆਗੂਆਂ ਕਾਬਲ ਸਿੰਘ ਤੇ ਹਰਪਾਲ ਸਿੰਘ ਛੀਨਾ, ਗੁਰਨਾਮ ਸਿੰਘ ਉਮਰਪੁਰਾ ਤੇ ਸਵਿੰਦਰ ਸਿੰਘ ਮੀਰਾਂਕੋਟ ਦੀ ਅਗਵਾਈ ਹੇਠ ਐੱਸਕੇਐੱਮ ਦੇ ਕੈਂਪ ਮਹਿਲ ਬੁਖ਼ਾਰੀ-ਗੁਰਦੁਆਰਾ ਟੱਕਰ ਸਾਹਿਬ ਵਿਖੇ ਅੱਤ ਦੇ ਹੜ੍ਹ ਪੀੜਤਾਂ ਨੂੰ ਸਮੇਂ ਸਿਰ ਕਣਕ ਦੀ ਬਿਜਾਈ ਕਰਨ ਲਈ ਡੀਏਪੀ ਖਾਦ ਦੀਆਂ 120 ਬੋਰੀਆਂ ਮੁਫ਼ਤ ਵੰਡੀਆਂ ਅਤੇ ਹੜ੍ਹ ਪੀੜਤਾਂ ਨੂੰ ਯਕੀਨ ਦਿਵਾਇਆ ਕਿ ਅੱਗੇ ਤੋਂ ਇਸ ਤਰ੍ਹਾਂ ਸਾਡੀਆਂ ਜਥੇਬੰਦੀਆਂ ਵੱਲੋਂ ਆਪਣੀ ਸਮਰੱਥਾ ਅਨੁਸਾਰ ਹੜ੍ਹ ਪੀੜਤਾਂ ਨੂੰ ਆਪਣੇ ਪੈਰਾਂ ਸਿਰ ਖੜ੍ਹੇ ਕਰਨ ਲਈ ਹਰ ਸੰਭਵ ਸਹਾਇਤਾ ਕਰਦੀਆਂ ਰਹਿਣਗੀਆਂ! ਉਕਤ ਆਗੂਆਂ ਨੇ ਪੰਜਾਬ ਅਤੇ ਕੇਂਦਰ ਸਰਕਾਰਾਂ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਹੜ੍ਹ ਪੀੜਤਾਂ ਦੇ 25 ਹਜ਼ਾਰ ਕਰੋੜ ਰੁਪਏ ਦੇ ਹੋਏ ਨੁਕਸਾਨ ਵਿੱਚੋਂ ਅਜੇ ਤੱਕ ਕੋਈ ਯੋਗ ਸਹਾਇਤਾ ਨਹੀਂ ਕੀਤੀ ਸਿਰਫ ਫੋਕੇ ਐਲਾਨ ਕਰੀ ਜਾ ਰਹੇ ਹਨ! ਸਮੂਹ ਆਗੂਆਂ ਨੇ ਅੱਗੇ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਦਾ ਸ਼ਰੇਆਮ ਆਨੇ ਬਿਹਾਨੇ ਸਿੱਲ ਦੇ ਨਾਂ ਤੇ ਵੱਡੇ ਕੱਟ ਲਗਾਏ ਜਾ ਰਹੇ ਹਨ ਪਹਿਲਾਂ ਹੜ੍ਹਾਂ ਨਾਲ ਫ਼ਸਲਾਂ ਬਰਬਾਦ ਹੋ ਗਈਆਂ। ਦੂਜਾ ਐੱਸਕੇਐੱਮ ਦੇ ਅਨੁਮਾਨ ਅਨੁਸਾਰ ਹਰੇਕ ਏਕੜ ਪਿੱਛੇ 8 ਕੁਇੰਟਲ ਝਾੜ ਘੱਟ ਗਿਆ ਹੈ ਜਿਸ ਦੀ ਪੰਜਾਬ ਤੇ ਕੇਂਦਰ ਸਰਕਾਰ ਪੂਰੀ ਪੂਰੀ ਭਰਪਾਈ ਕਰੇ! ਹੜ੍ਹ ਪੀੜਤਾਂ ਸਮੇਤ ਪੰਜਾਬ ਦੇ ਲੋਕਾਂ ਵੱਲੋਂ ਪੁਰਜ਼ੋਰ ਮੰਗ ਕੀਤੀ ਜਾ ਰਹੀ ਹੈ ਕਿ ਲੋਕ ਵਿਰੋਧੀ (ਖਪਤਕਾਰ) ਬਿਜਲੀ ਬਿੱਲ 2025 ਵਾਪਸ ਲਿਆ ਜਾਵੇ!



# ਡੀਸੀ ਉੱਪਲ ਦੀ ਰਾਸ਼ਟਰੀ ਪੁਰਸਕਾਰ ਪ੍ਰਾਪਤ ਰੋਮੇਸ਼ ਮਹਾਜਨ ਨਾਲ ਰਸਮੀ ਮੁਲਾਕਾਤ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਡਿਪਟੀ ਕਮਿਸ਼ਨਰ ਗੁਰਦਾਸਪੁਰ ਅਦਿਤਿਆ ਉਪਲ ਆਈਏਐੱਸ ਨਾਲ਼ ਜ਼ਿਲ੍ਹਾ ਬਾਲ ਭਲਾਈ ਕੌਂਸਲ (ਡੀਸੀਡਬਲਿਊਸੀ) ਦੇ ਆਨਰੇਰੀ ਸਕੱਤਰ ਅਤੇ ਰਾਸ਼ਟਰੀ ਪੁਰਸਕਾਰ ਪ੍ਰਾਪਤ ਰੋਮੇਸ਼ ਮਹਾਜਨ ਵੱਲੋਂ ਸ਼ਿਸ਼ਟਾਚਾਰ ਮੁਲਾਕਾਤ ਕੀਤੀ ਗਈ।ਮੁਲਾਕਾਤ ਦੇ ਸ਼ੁਰੂ 'ਚ ਮਹਾਜਨ ਨੇ ਅਦਿੱਤਿਆ ਉਪਲ ਨੂੰ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਦਾ ਅਹੁਦਾ ਸੰਭਾਲਣ ਲਈ ਹਾਰਦਿਕ ਮੁਬਾਰਕਬਾਦ ਦਿੱਤੀ।ਇਸ ਮੌਕੇ ਉਨ੍ਹਾਂ ਨੇ ਮਾਨਯੋਗ ਡਿਪਟੀ ਕਮਿਸ਼ਨਰ ਨੂੰ ਇੱਕ ਸੋਵੀਨਾਰ ਭੇਟ ਕੀਤਾ, ਜਿਸ ਵਿੱਚ ਜ਼ਿਲ੍ਹਾ ਬਾਲ ਭਲਾਈ ਕੌਂਸਲ ਵੱਲੋਂ ਬੱਚਿਆਂ ਦੀ ਭਲਾਈ ਲਈ ਚਲਾਏ ਜਾ ਰਹੇ ਵੱਖ-ਵੱਖ ਪ੍ਰੋਜੈਕਟਾਂ ਅਤੇ ਗਤੀਵਿਧੀਆਂ ਦੀ ਜਾਣਕਾਰੀ ਦਰਸਾਈ ਗਈ ਹੈ। ਇਹ ਸੋਵੀਨਾਰ ਹਾਲ ਹੀ ਵਿੱਚ ਮਾਨਯੋਗ ਮੁੱਖ ਸਕੱਤਰ ਪੰਜਾਬ ਕੇ. ਏ. ਪੀ. ਸਿਨਹਾ, ਆਈਏਐੱਸ ਵੱਲੋਂ ਰਲੀਜ਼ ਕੀਤਾ ਗਿਆ ਸੀ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਬਾਲ ਭਲਾਈ ਕੌਂਸਲ ਵੱਲੋਂ ਕੀਤੇ ਜਾ ਰਹੇ ਸਮਾਜਿਕ ਭਲਾਈ ਦੇ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀ ਅਤੇ ਰੋਮੇਸ਼ ਮਹਾਜਨ ਅਤੇ ਉਨ੍ਹਾਂ ਦੀ ਟੀਮ ਨੂੰ ਉਨ੍ਹਾਂ ਦੇ ਸਰਾਹੁਣਯੋਗ ਯਤਨਾਂ ਲਈ ਵਧਾਈ ਦਿੱਤੀ।ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਜਲਦੀ ਹੀ ਕੌਂਸਲ ਵੱਲੋਂ ਚਲਾਏ ਜਾ ਰਹੇ ਪ੍ਰੋਜੈਕਟਾਂ ਦਾ ਨਿਰੀਖਣ ਕਰਨ ਲਈ ਦੌਰਾ ਕਰਨਗੇ। ਇਸ ਮੌਕੇ ਬਖ਼ਸ਼ੀ ਰਾਜ, ਕੋਆਰਡੀਨੇਟਰ, ਜ਼ਿਲ੍ਹਾ ਬਾਲ ਭਲਾਈ ਕੌਂਸਲ ਗੁਰਦਾਸਪੁਰ ਵੀ ਹਾਜ਼ਰ ਸਨ।



# ਮੌਂਟੈਸਰੀ ਸਕੂਲ ਵੱਲੋਂ ਗ੍ਰੀਨ ਪੈਟਲਜ਼ ਟਰੱਸਟ ਇੰਟਰ ਸਕੂਲ ਨਿਬੰਧ ਪ੍ਰਤੀਯੋਗਤਾ 'ਚ ਸ਼ਾਨਦਾਰ ਪ੍ਰਦਰਸ਼ਨ



**ਪਠਾਨਕੋਟ (ਦਵਿੰਦਰ ਸਿੰਘ)**- ਮੌਂਟੈਸਰੀ ਕੈਂਬ੍ਰਿਜ ਸਕੂਲ ਪਠਾਨਕੋਟ ਨੇ ਗ੍ਰੀਨ ਪੈਟਲਜ਼ ਟਰਸਟ ਇੰਟਰ-ਸਕੂਲ ਨਿਬੰਧ ਪ੍ਰਤੀਯੋਗਤਾ 2025 ਵਿੱਚ ਆਪਣੇ ਵਿਦਿਆਰਥੀਆਂ ਦੀ ਸ਼ਾਨਦਾਰ ਪ੍ਰਾਪਤੀਆਂ ਦੀ ਘੋਸ਼ਣਾ ਕੀਤੀ ਹੈ।ਇਸ ਪ੍ਰਤੀਯੋਗਤਾ ਵਿੱਚ ਐੱਮਸੀਐੱਸ ਦੇ ਕਈ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੀ ਰਚਨਾਤਮਕਤਾ, ਜਾਗਰੂਕਤਾ ਅਤੇ ਭਾਸ਼ਾ ਉਤੇ ਮਜ਼ਬੂਤ ਕਾਬੂ ਦਾ ਪ੍ਰਦਰਸ਼ਨ ਕੀਤਾ। ਸਕੂਲ ਵੱਲੋਂ ਮਿਲੇ ਜ਼ਬਰਦਸਤ ਪ੍ਰਤੀਕਿਰਿਆ ਨੂੰ ਦੇਖਦੇ ਹੋਏ, ਜੱਜਾਂ ਦੀ ਟੀਮ ਨੇ ਐੱਮਸੀਐੱਸ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਉਚ ਗੁਣਵੱਤਾ ਅਤੇ ਮੌਲਿਕਤਾ ਵਾਲੀਆਂ ਪ੍ਰਵਿਸ਼ਟੀਆਂ ਦੀ ਪ੍ਰਸ਼ੰਸਾ ਕੀਤੀ ਅਤੇ ਆਮ ਸਮੂਹ-ਅਧਾਰਿਤ ਸ਼੍ਰੇਣੀਆਂ ਦੀ ਬਜਾਏ ਕਲਾਸ-ਵਾਈਜ਼ ਇਨਾਮ ਦੇਣ ਦਾ ਫ਼ੈਸਲਾ ਕੀਤਾ।ਸਕੂਲ ਪ੍ਰਬੰਧਨ ਪ੍ਰਧਾਨ ਵਿਨੋਦ ਮਹਾਜਨ, ਉਪ ਪ੍ਰਧਾਨ ਆਕਾਸ਼ ਮਹਾਜਨ ਅਤੇ ਪ੍ਰਿੰਸੀਪਲ ਰਸ਼ਮੀ ਅਹਲੂਵਾਲੀਆ ਨੇ ਅਧਿਆਪਕਾਂ ਅਤੇ ਸਟਾਫ਼ ਨਾਲ ਮਿਲ ਕੇ ਸਾਰੇ ਜੇਤੂਆਂ ਨੂੰ ਉਨ੍ਹਾਂ ਦੀ ਮਿਹਨਤ, ਮੌਲਿਕਤਾ ਅਤੇ ਸਾਹਿਤਕ ਪ੍ਰਤਿਭਾ ਲਈ ਦਿਲੋਂ ਵਧਾਈ ਦਿੱਤੀ। ਮੌਂਟੈਸਰੀ ਕੈਂਬ੍ਰਿਜ ਸਕੂਲ ਵਿਦਿਆਰਥੀਆਂ ਨੂੰ ਆਲੋਚਨਾਤਮਕ ਸੋਚ, ਰਚਨਾਤਮਕ ਲੇਖਨ ਅਤੇ ਕਲਾਸਰੂਮ ਤੋਂ ਬਾਹਰ ਸ਼੍ਰੇਸ਼ਠਤਾ ਹਾਸਲ ਕਰਨ ਲਈ ਪ੍ਰੇਰਿਤ ਕਰਨ ਵਾਲਾ ਮੰਚ ਪ੍ਰਦਾਨ ਕਰਦਾ ਰਹੇਗਾ।

# ਸਿੱਕੀ ਨੇ ਪੰਜਵੜ ਖੁਰਦ ਤੇ ਪੰਜਵੜ ਕਲਾਂ 'ਚ ਕੀਤਾ ਕਾਂਗਰਸ ਦੇ ਹੱਕ 'ਚ ਚੋਣ ਪ੍ਰਚਾਰ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੀ ਅਗਵਾਈ ਹੇਠ ਕਰਨਬੀਰ ਸਿੰਘ ਬੁਰਜ ਦੇ ਹੱਕ 'ਚ ਪੰਜਵੜ ਖ਼ੁਰਦ ਤੇ ਪੰਜਵੜ ਕਲਾਂ 'ਚ ਚੋਣ ਪ੍ਰਚਾਰ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਂਗਰਸ ਪਾਰਟੀ ਪੰਜਾਬ ਦੇ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ ਨੇ ਕਿਹਾ ਕਿ ਪੰਜਵੜ ਕਲਾਂ ਤੇ ਖੁਰਦ ਵਿੱਚ ਚੋਣ ਪ੍ਰਚਾਰ ਕੀਤਾ ਗਿਆ। ਇਸ ਸਮੇਂ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਆਪਣੀ ਟੀਮ ਸਮੇਤ ਹਲਕਾ ਤਰਨਤਾਰਨ 'ਚ ਦਿਨ ਰਾਤ ਪ੍ਰਚਾਰ ਕਰ ਰਹੇ ਹਨ।ਪੱਖੋਕੇ ਨੇ ਆਪਣੀ ਟੀਮ ਸਮੇਤ ਜਗਬੀਰ ਸਿੰਘ ਪੰਜਵੜ੍ਹ ਨੂੰ ਨਾਲ ਲੈ ਕੇ ਘਰ-ਘਰ ਜਾ ਕੇ ਪ੍ਰਚਾਰ ਕੀਤਾ। ਪੱਖੋਕੇ ਨੇ ਕਿਹਾ ਕਿ ਆਪ ਦੀ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ ਤੇ ਅਕਾਲੀ ਦਲ ਤਾਂ ਕਿਸੇ ਲਾਈਨ ਵਿੱਚ ਹੀ ਨਹੀਂ। ਸਭ ਤੋਂ ਘੱਟ ਵੋਟਾਂ ਅਕਾਲੀ ਦਲ ਨੂੰ ਪੈਣਗੀਆ ਕਿਉਂਕਿ ਇਹ ਜਿਹੜਾ ਧੱਕਾ ਕਰਦੇ ਰਹੇ ਹਨ, ਮਾਝੇ ਵਾਲੇ ਕਦੇ ਵੀ ਭੁੱਲ ਨਹੀਂ ਸਕਦੇ ਤੇ ਅਕਾਲੀ ਦਲ ਨੂੰ ਇਸ ਚੋਣ ਵਿਚ ਲੋਕ ਮੂੰਹ ਨਹੀਂ ਲਾਉਣਗੇ।ਇਸ ਮੌਕੇ ਜਗਬੀਰ ਸਿੰਘ ਪੰਜਵੜ, ਭਰਪੂਰ ਸਿੰਘ ਮੈਹਣੀਆ, ਨੰਬਰਦਾਰ ਕੁਲਦੀਪ ਸਿੰਘ ਪੱਖੋਕੇ, ਕਿਸ਼ਨ ਸਿੰਘ ਪੱਖੋਕੇ, ਮਨਜਿੰਦਰ ਸਿੰਘ ਮੱਲ੍ਹੀ, ਕਰਤਾਰ ਸਿੰਘ ਕੱਲਾ, ਪ੍ਰਭਜੀਤ ਸਿੰਘ ਦੁੱਗਲਵਾਲ, ਕੇਵਲ ਸਿੰਘ ਬਾਠ, ਯੁਵਰਾਜ ਸਿੰਘ ਬਾਠ, ਸੁਬੇਗ ਸਿੰਘ ਮਾਲਚੱਕ, ਗੋਗਾ ਪਹਿਲਵਾਨ ਬਾਣੀਆਂ ਆਦਿ ਹਾਜ਼ਰ ਸਨ।

# 'ਆਪ' ਸਰਕਾਰ ਕਿਸਾਨਾਂ ਤੇ ਵਾਤਾਵਰਣ ਦੀ ਰਾਖੀ ਲਈ ਵਚਨਬੱਧ : ਹਰਮੀਤ ਸਿੰਘ ਸੰਧੂ

**ਤਰਨਤਾਰਨ (ਪ੍ਰਿਤਪਾਲ ਸਿੰਘ)**- ਆਪ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਤਰਨਤਾਰਨ ਜ਼ਿਲ੍ਹੇ ਵਿੱਚ ਕੀਤੀਆਂ ਲੋਕ-ਪੱਖੀ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਹੈ।ਉਨ੍ਹਾਂ ਕਿਹਾ ਕਿ ਆਪ ਸਰਕਾਰ ਦੀਆਂ ਨੀਤੀਆਂ ਸਦਕਾ ਨਾ ਸਿਰਫ਼ ਵਾਤਾਵਰਣ ਸੁਧਾਰ ਵਿੱਚ ਵੱਡੀ ਸਫ਼ਲਤਾ ਮਿਲੀ ਹੈ, ਸਗੋਂ ਕਿਸਾਨਾਂ ਦੀ ਆਰਥਿਕ ਮਦਦ ਅਤੇ ਲੋਕਾਂ ਦੀ ਸਿਹਤ ਸੰਭਾਲ ਲਈ ਵੀ ਇਤਿਹਾਸਕ ਕਦਮ ਚੁੱਕੇ ਗਏ ਹਨ।ਸੰਧੂ ਨੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਸਾਂਝੇ ਯਤਨਾਂ ਸਦਕਾ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਿੱਚ ਰਿਕਾਰਡ ਕਮੀ ਆਈ ਹੈ। ਉਨ੍ਹਾਂ ਦੱਸਿਆ ਕਿ ਜਿੱਥੇ ਸਾਲ 2023-24 ਵਿੱਚ ਇਹ ਘਟਨਾਵਾਂ 2,026 ਸਨ, ਉੱਥੇ ਹੀ ਮਾਨ ਸਰਕਾਰ ਕਿਸਾਨਾਂ ਨੂੰ ਜਾਗਰੂਕ ਕਰਨ ਸਦਕਾ ਸਾਲ 2024-25 ਵਿੱਚ ਇਹ ਘਟ ਕੇ ਸਿਰਫ਼ 876 ਰਹਿ ਗਈਆਂ ਹਨ।ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਕਿਸਾਨਾਂ ਨੂੰ ਪਰਾਲੀ ਦੀ ਸਾਂਭ-ਸੰਭਾਲ ਲਈ ਲੋੜੀਂਦੇ ਬਦਲ ਵੀ ਦੇ ਰਹੀ ਹੈ। ਸੰਧੂ ਨੇ ਦੱਸਿਆ ਕਿ ਇਸੇ ਲੜੀ ਤਹਿਤ ਸਾਲ 2025-26 ਦੌਰਾਨ ਜ਼ਿਲ੍ਹੇ ਦੇ ਕਿਸਾਨਾਂ ਨੂੰ 807 ਆਧੁਨਿਕ ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ ਹਨ, ਜਿਨ੍ਹਾਂ 'ਤੇ ਸਰਕਾਰ ਵੱਲੋਂ 13 ਕਰੋੜ ਰੁਪਏ ਦੀ ਵੱਡੀ ਸਬਸਿਡੀ ਜਾਰੀ ਕੀਤੀ ਗਈ ਹੈ।ਹਰਮੀਤ ਸਿੰਘ ਸੰਧੂ ਨੇ ਕਿਹਾ ਕਿ ਸਰਕਾਰ ਦਾ ਧਿਆਨ ਸਿਰਫ਼ ਖੇਤੀ ਤੇ ਵਾਤਾਵਰਣ ਤੇ ਹੀ ਨਹੀਂ, ਸਗੋਂ ਆਮ ਲੋਕਾਂ ਦੀ ਸਿਹਤ ਤੇ ਵੀ ਕੇਂਦਰਿਤ ਹੈ।ਜ਼ਿਲ੍ਹਾ ਤਰਨ ਤਾਰਨ ਵਿੱਚ 18 ਯੋਗ ਅਧਿਆਪਕ ਕਲਾਸਾਂ ਲਗਾ ਰਹੇ ਹਨ।ਇਸ ਤੋਂ ਇਲਾਵਾ 58 ਯੋਗ ਵਿਦਿਆਰਥੀ ਡਿਪਲੋਮਾ ਕਰ ਰਹੇ ਹਨ ਅਤੇ ਨਾਲ-ਨਾਲ ਕਲਾਸਾਂ ਵੀ ਲੈ ਰਹੇ ਹਨ।ਉਨ੍ਹਾਂ ਦੱਸਿਆ ਕਿ ਇਸ ਸਮੇਂ ਜ਼ਿਲ੍ਹੇ ਵਿੱਚ ਕੁੱਲ 180 ਯੋਗ ਕਲਾਸਾਂ ਨਿਰੰਤਰ ਚੱਲ ਰਹੀਆਂ ਹਨ, ਜਿਨ੍ਹਾਂ ਦਾ ਲਾਭ ਬਜ਼ੁਰਗ, ਬੱਚੇ ਅਤੇ ਨੌਜਵਾਨ ਬਰਾਬਰ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਅੰਕੜੇ ਸਾਬਤ ਕਰਦੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫਰੰਟ ਤੇ ਕੰਮ ਕਰਕੇ ਲੋਕਾਂ ਨੂੰ ਬਦਲਾਅ ਮਹਿਸੂਸ ਕਰਵਾ ਰਹੀ ਹੈ।



# ਇੰਟਰ ਕਾਲਜ ਵੁਸ਼ੂ ਮੁਕਾਬਲਿਆਂ 'ਚ ਵੱਖ-ਵੱਖ ਤਮਗੇ ਜਿੱਤੇ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਚੱਲ ਰਹੇ ਜੀ. ਜੀ. ਐੱਸ. ਬਾਕਸਿੰਗ ਕਲੱਬ ਦੇ ਖਿਡਾਰੀਆਂ ਨੇ ਇੰਟਰ ਕਾਲਜ ਵੁਸ਼ੂ ਮੁਕਾਬਲਿਆਂ ਵਿੱਚ ਸੋਨੇ ਅਤੇ ਕਾਂਸੇ ਦੇ ਤਮਗੇ ਜਿੱਤ ਕੇ ਆਪਣੇ ਮਾਤਾ ਪਿਤਾ, ਸਕੂਲ ਅਤੇ ਕਲੱਬ ਦਾ ਨਾਮ ਰੌਸ਼ਨ ਕੀਤਾ ਹੈ। ਇਸ ਬਾਬਤ ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਕਰਵਾਏ ਗਏ ਇੰਟਰ ਕਾਲਜ ਵੁਸ਼ੂ ਚੈਂਪੀਅਨਸ਼ਿਪ ਵਿੱਚ 48-52 ਕਿਲੋ ਭਾਰ ਵਰਗ ਵਿੱਚ ਕਲੱਬ ਦੀ ਖਿਡਾਰਨ ਮਨਜੀਤ ਕੌਰ ਨੇ ਗੋਲਡ ਮੈਡਲ ਅਤੇ 56-60 ਕਿਲੋ ਭਾਰ ਵਰਗ ਵਿੱਚ ਕਲੱਬ ਦੇ ਖਿਡਾਰੀ ਅਭੇਦੀਪ ਸਿੰਘ ਨੇ ਸਿਲਵਰ ਮੈਡਲ ਪ੍ਰਾਪਤ ਕੀਤਾ ਹੈ। ਇਨ੍ਹਾਂ ਖਿਡਾਰੀਆਂ ਦਾ ਕਲੱਬ ਪਹੁੰਚਣ ਤੇ ਸਮੂਹ ਸਟਾਫ, ਕੋਚ ਅਤੇ ਸਮੂਹ ਖਿਡਾਰੀਆਂ ਨੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਸਕੂਲ ਡਾਇਰੈਕਟਰ ਡਾ: ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਰਣਜੀਤ ਕੌਰ, ਪ੍ਰਿੰਸੀਪਲ ਮੇਜਰ ਸਿੰਘ ਚਾਹਲ ਅਤੇ ਮੈਡਮ ਸੁਖਮੀਤ ਕੌਰ ਨੇ ਇਨ੍ਹਾਂ ਜੇਤੂ ਬੱਚਿਆਂ ਅਤੇ ਕੋਚ ਨਵਤੇਜ ਸਿੰਘ ਨੂੰ ਮੁਬਾਰਕਬਾਦ ਦਿੱਤੀ ਅਤੇ ਅਗਾਂਹ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਖਾਲਸਾ ਕਾਲਜ ਗੁਰਦਾਸਨੰਗਲ 'ਚ ਮਨਾਇਆ ਜਾਵੇਗਾ ਪੰਜਾਬੀ ਹਫਤਾ: ਡਾ. ਗੁਰਜੀਤ ਸਿੰਘ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਅਤੇ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਦੀ ਦੇਖ-ਰੇਖ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਇਸ ਵਾਰ 1 ਨਵੰਬਰ ਤੋਂ ਮਨਾਇਆ ਜਾਣ ਵਾਲਾ ਪੰਜਾਬੀ ਹਫਤਾ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸਤਾਬਦੀ ਨੂੰ ਸਮਰਪਿਤ ਹੋਵੇਗਾ। ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਤਾਬਦੀ ਨੂੰ ਸਮਰਪਿਤ 1 ਨਵੰਬਰ ਨੂੰ ਕਾਲਜ ਵਿਖੇ ਅੰਤਰ- ਰਾਸ਼ਟਰੀ ਸੈਮੀਨਾਰ ਕਰਵਾਇਆ ਜਾਵੇਗਾ। ਅਗਲੇ ਦਿਨਾਂ ਵਿੱਚ 'ਚਾਂਦਨੀ ਚੌਕ ਤੋਂ ਸਰਹੰਦ ਤੱਕ ਨਾਟਕ ਦਾ ਮੰਚਨ ਹੋਵੇਗਾ। ਇਸ ਤੋਂ ਇਲਾਵਾ ਭਾਸ਼ਣ, ਕਵਿਤਾ ਉਚਾਰਨ, ਸੁੰਦਰ ਲਿਖਾਈ ਅਤੇ ਪ੍ਰਸ਼ਨੋਤਰੀ ਮੁਕਾਬਲੇ ਆਦਿ ਗਤੀਵਿਧੀਆਂ ਇਸੇ ਹਫਤੇ ਵਿੱਚ ਕਰਵਾਈਆਂ ਜਾਣਗੀਆਂ। ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਕਿਹਾ ਕਿ ਪੰਜਾਬੀ ਹਫਤਾ ਮਨਾਉਣ ਦਾ ਉਦੇਸ਼ ਜਿੱਥੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨਾ ਹੈ ਉਥੇ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਬਾਣੀ ਅਤੇ ਸ਼ਹਾਦਤ ਦੇ ਸੰਦਰਭ ਵਿੱਚ ਮਨੁੱਖਤਾ ਲਈ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਤੋਂ ਨਵੀਂ ਪੀੜ੍ਹੀ ਨੂੰ ਜਾਗਰੂਕ ਕਰਨਾ ਹੈ।



# ਸਿਮਰਨਜੀਤ ਕੌਰ ਦਾ ਜ਼ਿਲ੍ਹਾ ਪੱਧਰ 'ਤੇ ਸਨਮਾਨ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਜ਼ਿਲ੍ਹਾ ਸਿੱਖਿਆ ਵਿਭਾਗ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਗੁਰਦਾਸਪੁਰ ਪਰਮਜੀਤ ਦੀ ਅਗਵਾਈ ਵਿੱਚ ਜ਼ਿਲ੍ਹਾ ਪੱਧਰੀ ਸਨਮਾਨ ਸਮਾਰੋਹ ਦੌਰਾਨ ਪੰਜਵੀਂ ਜਮਾਤ ਦੇ ਨਤੀਜੇ ਵਿੱਚ ਬਲਾਕ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਸਮਾਰੋਹ ਵਿੱਚ ਬੀਪੀਈਓ ਬਲਵਿੰਦਰ ਸਿੰਘ ਗਿੱਲ ਦੀ ਅਗਵਾਈ ਸਦਕਾ ਪੰਜਵੀਂ ਜਮਾਤ ਵਿੱਚੋਂ ਬਲਾਕ ਧਾਰੀਵਾਲ -1 ਵਿੱਚੋਂ ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੀ ਸਰਕਾਰੀ ਪ੍ਰਾਇਮਰੀ ਸਕੂਲ ਫੱਜੂਪੁਰ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੂੰ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਪਰਮਜੀਤ ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥਣ ਸਿਮਰਨਜੀਤ ਕੌਰ ਨਾਲ ਉਸਦੇ ਪਿਤਾ ਨਰਿੰਦਰਜੀਤ ਸਿੰਘ ਲੇਹਲ ਅਤੇ ਮਾਤਾ ਲਖਵਿੰਦਰ ਕੌਰ ਵੀ ਮੌਜੂਦ ਸਨ। ਇਸ ਸਮਾਰੋਹ ਦੌਰਾਨ ਸਕੂਲ ਦੇ ਮੁੱਖ ਅਧਿਆਪਕ ਜਗਜੀਤ ਸਿੰਘ ਨੂੰ ਸ਼ਾਨਦਾਰ ਕਾਰਗੁਜ਼ਾਰੀ ਅਤੇ ਵਿਦਿਆਰਥਣ ਦੇ ਵਿੱਦਿਅਕ ਵਿਕਾਸ ਵਿੱਚ ਉਤਕ੍ਰਿਸ਼ਟ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਮਾਰੋਹ ਦੌਰਾਨ ਬੀਪੀਈਓ ਬਲਵਿੰਦਰ ਸਿੰਘ ਗਿੱਲ, ਕੁਆਰਡੀਨੇਟਰ ਗੁਰਨਾਮ ਸਿੰਘ, ਜ਼ਿਲ੍ਹੇ ਦੇ ਹੋਰ ਬਲਾਕਾਂ ਦੇ ਬੀਪੀਈਓ ਵੀ ਹਾਜ਼ਰ ਸਨ।

# 69ਵਾਂ ਅੰਤਰ ਜ਼ਿਲ੍ਹਾ ਰਾਜ ਪੱਧਰੀ ਟੇਬਲ ਟੈਨਿਸ ਮੁਕਾਬਲਾ ਸ਼ੁਰੂ

**ਠਾਕੁਰ ਅਮਿਤ ਸਿੰਘ ਮੰਟੂ ਅਤੇ ਐੱਸਡੀਐੱਮ ਮੇਜਰ ਡਾ. ਸੁਮਿਤ ਮੁੱਦ ਨੇ ਕੀਤਾ ਉਦਘਾਟਨ**

**ਪਠਾਨਕੋਟ (ਦਵਿੰਦਰ ਸਿੰਘ)**- ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਪ੍ਰੈਜ਼ੈਂਟੇਸ਼ਨ ਪਬਲਿਕ ਸਕੂਲ ਵਿਖੇ 69ਵਾਂ ਅੰਤਰ-ਜ਼ਿਲ੍ਹਾ ਰਾਜ-ਪੱਧਰੀ ਟੇਬਲ ਟੈਨਿਸ ਮੁਕਾਬਲਾ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ) ਰਾਜੇਸ਼ ਕੁਮਾਰ ਦੀ ਪ੍ਰਧਾਨਗੀ ਅਤੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਅਰੁਣ ਕੁਮਾਰ ਦੀ ਦੇਖ ਰੇਖ ਹੇਠ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਲਈ ਪ੍ਰੈਜ਼ੈਂਟੇਸ਼ਨ ਪਬਲਿਕ ਸਕੂਲ ਵਿਖੇ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਆਪ ਦੇ ਹਲਕਾ ਇੰਚਾਰਜ ਠਾਕੁਰ ਅਮਿਤ ਸਿੰਘ ਮੰਟੂ ਅਤੇ ਐੱਸਡੀਐੱਮ ਮੇਜਰ ਡਾ. ਸੁਮਿਤ ਮੁੱਦ ਮੁੱਖ ਮਹਿਮਾਨ ਅਤੇ ਚੇਅਰਮੈਨ ਡਾ. ਅਮਿਤ ਭਾਰਦਵਾਜ, ਡੀਈਓ ਪ੍ਰਾਇਮਰੀ ਕਮਲਦੀਪ ਕੌਰ, ਡਿਪਟੀ ਡੀਈਓ ਪ੍ਰਾਇਮਰੀ ਡੀਜੀ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ।ਪ੍ਰੋਗਰਾਮ ਦੌਰਾਨ ਪ੍ਰੈਜ਼ੈਂਟੇਸ਼ਨ ਪਬਲਿਕ ਸਕੂਲ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਡੀ. ਪੀ. ਸ਼ਰਮਾ, ਚੇਅਰਪਰਸਨ ਰੇਣੂ ਸ਼ਰਮਾ, ਵਾਈਸ ਚੇਅਰਪਰਸਨ ਨਿਵੇਦਿਤਾ ਸੰਧੂ, ਜਗਬੀਰ ਸੰਧੂ, ਪ੍ਰਿੰਸੀਪਲ ਰਵਿੰਦਰ ਕੌਰ ਅਤੇ ਵਾਈਸ ਪ੍ਰਿੰਸੀਪਲ ਰੇਣੂਕਾ ਤ੍ਰਿਖਾ ਨੇ ਗੁਲਦਸਤੇ ਭੇਟ ਕਰਕੇ ਮਹਿਮਾਨਾਂ ਦਾ ਸਵਾਗਤ ਕੀਤਾ। ਸਭ ਤੋਂ ਪਹਿਲਾਂ ਮਹਿਮਾਨਾਂ ਨੇ ਸ਼ਮ੍ਹਾ ਰੌਸ਼ਨ ਕੀਤੀ ਅਤੇ ਫਿਰ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਖਿਡਾਰੀਆਂ ਨਾਲ ਜਾਣ-ਪਛਾਣ ਕਰਵਾਈ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਮਾਰਚ ਪਾਸਟ ਕਰਕੇ ਸਲਾਮੀ ਦਿੱਤੀ ਉਪਰੰਤ ਪ੍ਰੈਜ਼ੈਂਟੇਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਤੋਂ ਬਾਅਦ ਮਹਿਮਾਨਾਂ ਵੱਲੋਂ ਹਵਾ ਵਿੱਚ ਗੁਬਾਰੇ ਛੱਡ ਕੇ ਖੇਡ ਮੁਕਾਬਲੇ ਦੀ ਸ਼ੁਰੂਆਤ ਕੀਤੀ ਗਈ। ਜਾਣਕਾਰੀ ਦਿੰਦੇ ਹੋਏ ਆਪ ਦੇ ਹਲਕਾ ਇੰਚਾਰਜ ਠਾਕੁਰ ਅਮਿਤ ਸਿੰਘ ਮੰਟੂ ਅਤੇ ਐੱਸਡੀਐੱਮ ਮੇਜਰ ਡਾ. ਸੁਮਿਤ ਮੁੱਦ ਨੇ ਦੱਸਿਆ ਕਿ ਇਸ ਰਾਜ ਪੱਧਰੀ ਮੁਕਾਬਲੇ ਵਿੱਚ 23 ਜ਼ਿਲ੍ਹਿਆਂ ਦੇ ਲਗਭਗ 500 ਖਿਡਾਰੀ ਹਿੱਸਾ ਲੈ ਰਹੇ ਹਨ ਅਤੇ 28 ਅਕਤੂਬਰ ਤੋਂ 2 ਨਵੰਬਰ ਤੱਕ ਸਿੱਖਿਆ ਵਿਭਾਗ ਵੱਲੋਂ ਪ੍ਰੈਜ਼ੈਂਟੇਸ਼ਨ ਪਬਲਿਕ ਸਕੂਲ, ਪਠਾਨਕੋਟ ਵਿਖੇ ਲੜਕਿਆਂ ਅਤੇ ਲੜਕੀਆਂ ਲਈ ਰਾਜ ਪੱਧਰੀ ਅੰਡਰ-14, ਅੰਡਰ-17, ਅੰਡਰ-19 ਟੇਬਲ ਟੈਨਿਸ ਮੈਚ ਕਰਵਾਏ ਜਾਣਗੇ।ਉਨ੍ਹਾਂ ਦੱਸਿਆ ਕਿ 28 ਅਕਤੂਬਰ ਤੋਂ 30 ਅਕਤੂਬਰ ਤੱਕ ਲੜਕਿਆਂ ਦੇ ਮੈਚ ਅਤੇ 31 ਅਕਤੂਬਰ ਤੋਂ 2 ਨਵੰਬਰ ਤੱਕ ਲੜਕੀਆਂ ਦੇ ਮੈਚ ਹੋਣਗੇ।



# ਸ਼ਾਲਾ ਪੁਲਸ ਵੱਲੋਂ ਕੁੱਟਮਾਰ ਕਰਨ ਵਾਲੇ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਪੁਲਸ ਸਟੇਸ਼ਨ ਪੁਰਾਣਾ ਸ਼ਾਲਾ ਅੰਦਰ ਪੈਂਦੇ ਪਿੰਡ ਕਰਵਾਲ ਵਿੱਚ ਪੁਰਾਣੀ ਰੰਜਿਸ਼ ਤਹਿਤ ਇਕ ਵਿਅਕਤੀ ਦੀ ਨਜਾਇਜ਼ ਤੌਰ 'ਤੇ ਕੁੱਟਮਾਰ ਕਰਨ ਦੇ ਦੋਸ਼ਾਂ ਹੇਠ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਏਐੱਸਆਈ ਦੇਸ ਰਾਜ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਯਸਪਾਲ ਪੁੱਤਰ ਓਮ ਪ੍ਰਕਾਸ਼ ਵਾਸੀ ਕਰਵਾਲ ਨੇ ਕਿਹਾ ਕਿ 16 ਅਕਤੂਬਰ ਨੂੰ ਮੈਂ ਆਪਣੇ ਪੁਰਾਣੇ ਘਰ ਵੱਲ ਫੇਰਾ ਮਾਰਨ ਜਾ ਰਿਹਾ ਸੀ ਕਿ ਸਵੇਰੇ ਵਜੇ ਦੇ ਕਰੀਬ ਜਦੋਂ ਆਪਣੇ ਗੜਿਆਂ ਦੇ ਨੇੜੇ ਪੁੱਜਾ ਤਾਂ ਪ੍ਰਦੀਪ ਕੁਮਾਰ ਪੁੱਤਰ ਰਾਜ ਕੁਮਾਰ, ਰਾਜ ਕੁਮਾਰ ਪੁੱਤਰ ਬੰਸੀ ਲਾਲ, ਚੰਚਲ ਕੁਮਾਰੀ ਪਤਨੀ ਰਾਜ ਕੁਮਾਰ ਵਾਸੀ ਕਰਵਾਲ ਨੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਜਖਮੀ ਕਰ ਦਿੱਤਾ। ਪੀੜਤ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਜੇਰੇ ਇਲਾਜ ਹੈ। ਝਗੜੇ ਦੀ ਵਜਾ ਰੰਜਿਸ਼ ਦੱਸੀ ਜਾ ਰਹੀ ਹੈ। ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ 118, 27-10-2025 ਜੁਰਮ 115 (2), 118 (1), 351 (2), 3 (5) ਬੀ.ਐੱਨ.ਐੱਸ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਐਮਾ ਕਲਾਂ ਵਿਖੇ ਸਕੂਲ 'ਚ ਐੱਨ ਸੀ ਸੀ ਸੀਨੀਅਰ ਵਿੰਗ ਦਾ ਕੈਂਪ ਲਗਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਦਸਮੇਸ਼ ਪਰਿਵਾਰ ਇੰਟਰਨੈਸ਼ਨਲ ਸਕੂਲ ਐਮਾ ਕਲਾਂ ਤਰਨ ਤਾਰਨ ਵਿਖੇ ਐੱਨਸੀਸੀ ਸੀਨੀਅਰ ਵਿੰਗ ਦਾ ਕੈਂਪ ਲਗਾਇਆ ਗਿਆ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਐੱਨਸੀਸੀ ਦੇ ਬੱਚਿਆਂ ਨੇ ਭਾਗ ਲਿਆ।ਬੱਚਿਆਂ ਨੂੰ ਸਵੇਰੇ ਪੀ ਟੀ ਤੋਂ ਬਾਅਦ ਮਾਰਚ ਪਾਸਟ ਬਾਰੇ ਸਿਖਲਾਈ ਦਿੱਤੀ ਗਈ।ਆਏ ਹੋਏ ਐੱਨਸੀਸੀ ਦੇ ਬੱਚਿਆਂ ਨੂੰ ਰਾਈਫਲ ਸ਼ੂਟਿੰਗ ਦੀ ਸਿਖਲਾਈ ਵੀ ਦਿੱਤੀ ਗਈ।ਸਕੂਲ ਦੇ ਚੇਅਰਮੈਨ ਜਸਵੰਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਐੱਨਸੀਸੀ ਸਾਨੂੰ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਂਦੀ ਹੈ।ਸਾਨੂੰ ਸਮਾਜ ਵਿੱਚ ਇੱਕ ਆਪਣੀ ਪਹਿਚਾਣ ਬਣਾਉਣ ਦਾ ਮੌਕਾ ਦਿੰਦੀ ਹੈ।ਉਨ੍ਹਾਂ ਕਿਹਾ ਕਿ ਅੱਜ ਤੁਹਾਡੇ ਕੋਲ ਮੌਕਾ ਹੈ ਕਿ ਤੁਸੀਂ ਆਪਣੇ ਐੱਨਸੀਸੀ ਅਫਸਰਾਂ ਵੱਲੋਂ ਦਿੱਤੇ ਗਏ ਲੈਕਚਰ ਅਤੇ ਟ੍ਰੇਨਿੰਗ ਨਾਲ ਆਪਣੇ ਜੀਵਨ ਨੂੰ ਬਦਲ ਸਕਦੇ ਹੋ। ਇਸ ਮੌਕੇ ਸਕੂਲ ਦੇ ਚੇਅਰਮੈਨ ਜਸਵੰਤ ਸਿੰਘ ਅਤੇ ਕੈਪਟਨ ਹਰਜੀਤ ਸਿੰਘ 11 ਪੀਬੀ ਐੱਸਸੀਬੀਐੱ ਤੇ ਸੂਬੇਦਾਰ ਮੇਜਰ ਸਿੰਘ, ਤਰਸੇਮ ਸਿੰਘ, ਸੂਬੇਦਾਰ ਸੰਤੋਸ਼ ਕੁਮਾਰ, ਹੌਲਦਾਰ ਵਿਕਰਾਂਤ ਸਿੰਘ, ਹੌਲਦਾਰ ਦੀਪਕ ਕੁਮਾਰ ਹਾਜ਼ਰ ਸਨ।ਇਸ ਮੌਕੇ ਦਸਮੇਸ਼ ਪਰਿਵਾਰ ਇੰਟਰਨੈਸ਼ਨਲ ਸਕੂਲ ਐਮਾ ਕਲਾਂ ਦੇ ਡਾਇਰੈਕਟਰ ਮੈਡਮ ਰੁਪਿੰਦਰ ਕੌਰ ਨੇ ਸਾਰੇ ਬੱਚਿਆਂ ਨੂੰ ਦੇਸ਼ ਪ੍ਰਤੀ ਆਪਣੀ ਵਫਾਦਾਰੀ ਅਤੇ ਜਜ਼ਬੇ ਨੂੰ ਉਤਸ਼ਾਹਿਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਇਹ ਬੱਚੇ ਹੀ ਸਾਡੇ ਦੇਸ਼ ਦਾ ਭਵਿੱਖ ਹਨ।

# ਬਲਬੀਰ ਸਿੰਘ ਬੇਲੀ ਦੀ ਕਿਤਾਬ 'ਸ਼੍ਰੋਮਣੀ ਭਗਤ ਨਾਮਦੇਵ ਜੀ' ਲੋਕ ਅਰਪਣ

**ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ)**- ਪੰਜਾਬੀ ਸਾਹਿਤ ਸਭਾ ਅਤੇ ਸੱਭਿਆਚਾਰਕ ਕੇਂਦਰ ਤਰਨਤਾਰਨ ਵੱਲੋਂ ਸਭਾ ਦੇ ਸਰਪਰਸਤ ਸ: ਬਲਬੀਰ ਸਿੰਘ ਭੈਲ ਦੀ ਪ੍ਰਧਾਨਗੀ ਹੇਠ ਇੱਕ ਸਾਹਿਤਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਉੱਘੇ ਸਾਹਿਤਕਾਰ ਬਲਬੀਰ ਸਿੰਘ ਬੇਲੀ ਦੀ ਕਿਤਾਬ 'ਕਵੀਸ਼ਰੀ ਪ੍ਰਸੰਗ ਜੀਵਨ-ਬ੍ਰਿਤਾਂਤ ਸ਼੍ਰੋਮਣੀ ਭਗਤ ਨਾਮਦੇਵ ਜੀ' ਲੋਕ ਅਰਪਣ ਕੀਤੀ ਗਈ ਜਿਸ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਭਗਤ ਨਾਮਦੇਵ ਜੀ ਦੇ ਪ੍ਰਧਾਨ ਗੁਰਮੀਤ ਸਿੰਘ ਬਾਊ, ਮੈਨੇਜਰ ਹਰਭਜਨ ਸਿੰਘ ਮੈਨੇਜਰ ਅਤੇ ਸਮੁੱਚੀ ਟੀਮ ਵਿਸ਼ੇਸ਼ ਤੌਰ 'ਤੇ ਪੁੱਜੀ ।ਇਸ ਮੌਕੇ ਸੁਖਵੰਤ ਸਿੰਘ ਧਾਮੀ ਪ੍ਰਧਾਨ ਸਿਟੀਜ਼ਨ ਕੌਂਸਲ ਅਤੇ ਅਤੇ ਸਰਪ੍ਰਸਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਤਰਨਤਾਰਨ, ਡਾ: ਸੁਖਦੇਵ ਸਿੰਘ ਲੋਹੁਕਾ ਸਾਬਕਾ ਕੌਂਸਲਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਬਲਬੀਰ ਸਿੰਘ ਬੇਲੀ ਦੀ ਮਿਹਨਤ, ਲਗਨ ਅਤੇ ਹਿੰਮਤ ਦੀ ਸਰਾਹਨਾ ਕਰਦੇ ਹੋਏ ਉਨ੍ਹਾਂ ਦੀ ਲਿਖੀ ਗਈ ਕਿਤਾਬ ਨੂੰ ਹਰ ਪ੍ਰਾਣੀ ਨੂੰ ਪੜ੍ਹਨ ਦੀ ਅਪੀਲ ਕੀਤੀ ।ਇਸ ਤੋਂ ਬਾਅਦ ਸਭਾ ਵੱਲੋਂ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ., ਪੱਟੀ, ਜੰਡਿਆਲਾ ਗੁਰੂ, ਤਰਨ ਤਾਰਨ, ਚੁਗਾਵਾਂ ਅਤੇ ਅੰਮ੍ਰਿਤਸਰ ਦੇ ਸਾਹਿਤਕਾਰਾਂ ਨੇ ਇਹ ਸਮਾਗਮ ਵਿੱਚ ਭਾਗ ਲਿਆ।ਇਸ ਮੌਕੇ ਕਰਵਾਏ ਕਵੀ ਦਰਬਾਰ ਵਿੱਚ ਮਲਕੀਅਤ ਸਿੰਘ ਸੋਚ ਪੱਟੀ, ਸੁਖਵਿੰਦਰ ਸਿੰਘ ਖਾਰਾ, ਜਸਵਿੰਦਰ ਸਿੰਘ ਝਬਾਲ, ਗੁਰਮੀਤ ਸਿੰਘ ਨੂਰਦੀ, ਕੀਰਤ ਪ੍ਰਤਾਪ ਸਿੰਘ ਪੰਨੂ, ਹਰਦਰਸ਼ਨ ਸਿੰਘ ਕਮਲ, ਧਰਮਿੰਦਰ ਸਿੰਘ ਔਲਖ, ਗੁਲਜਾਰ ਸਿੰਘ ਖੇੜਾ, ਹਰਭਜਨ ਸਿੰਘ ਭਗਰੱਥ, ਅਵਤਾਰ ਸਿੰਘ ਗੋਇੰਦਵਾਲ, ਗੁਰਿੰਦਰਪਾਲ ਸਿੰਘ, ਅਜੀਤ ਸਿੰਘ ਨਬੀਪੁਰੀ, ਦਲਜੀਤ ਸਿੰਘ, ਨਾਨਕ ਚੰਦ ਵਿਰਲੀ, ਬਾਬਾ ਬਕਾਲਾ ਸਾਹਿਬ ਤੋਂ ਮਾ: ਮਨਜੀਤ ਸਿੰਘ ਵਸੀ, ਕਾਲੇ ਸ਼ਾਹ ਟਾਂਗਰਾ, ਮੱਖਣ ਸਿੰਘ ਭੈਣੀਵਾਲ, ਰਾਜਵਿੰਦਰ ਕੌਰ ਰਾਜ, ਕਰਮਜੀਤ ਸਿੰਘ ਬਾਸਰਕੇ, ਜਸਵਿੰਦਰ ਸਿੰਘ ਚਾਹਲ, ਬਲਬੀਰ ਸਿੰਘ ਲਹਿਰੀ, ਹਰਿ ਕੀਰਤ ਸਿੰਘ ਕਵੀਆਂ ਨੇ ਆਪਣੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ । ਭਾਈ ਮੋਹਨ ਸਿੰਘ ਵੈਦ ਯਾਦਗਰੀ ਲਾਇਬ੍ਰੇਰੀ ਤਰਨ ਤਾਰਨ ਦੇ ਇੰਚਾਰਜ ਦੀਦਾਰ ਸਿੰਘ ਨੇ ਲੇਖਕਾਂ ਤੇ ਪਾਠਕਾਂ ਨੂੰ ਅਪੀਲ ਕੀਤੀ ਉਹ ਆਪ ਅਤੇ ਆਪਣੇ ਬੱਚਿਆਂ ਨੂੰ ਲਾਇਬ੍ਰੇਰੀ ਨਾਲ ਜੋੜਨ ਨਵੀਆਂ ਨਵੀਆਂ ਕਿਤਾਬਾਂ ਆਪ ਅਤੇ ਬੱਚਿਆਂ ਨੂੰ ਪੜ੍ਹਾਉਣ ।ਸਟੇਜ ਦੀ ਸੇਵਾ ਜਸਵਿੰਦਰ ਸਿੰਘ ਢਿੱਲੋਂ ਨੇ ਨਿਭਾਈ ।



# ਜੁਗਾੜੂ ਮੋਟਰਸਾਈਕਲ ਮਜ਼ਦੂਰ ਯੂਨੀਅਨ ਵੱਲੋਂ ਪੰਜ ਮੈਂਬਰੀ ਕਮੇਟੀ ਦਾ ਗਠਨ

**ਬਟਾਲਾ (ਤਰਲੋਕ ਬੱਗਾ)**- ਜੁਗਾੜੂ ਮੋਟਰਸਾਈਕਲ ਮਜ਼ਦੂਰ ਯੂਨੀਅਨ ਦੀ ਹੰਗਾਮੀ ਬੈਠਕ ਦੀਨਾ ਨਗਰ ਵਿਖੇ ਘਰੋਟਾ ਰੋਡ ਤੇ ਹੋਈ ਜਿਸ ਦੀ ਪ੍ਰਧਾਨਗੀ ਸੂਬਾ ਆਗੂ ਦਲਬੀਰ ਸਿੰਘ ਭੱਟੀ ਝਿੱਤ ਨੇ ਕੀਤੀ ਜਿਸ ਵਿੱਚ ਪੰਜ ਮੈਂਬਰੀ ਕਮੇਟੀ ਦਾ ਗਠਿਤ ਕੀਤਾ ਗਿਆ। ਯੂਨੀਅਨ ਦਾ ਦੀਨਾਨਗਰ ਦਾ ਪ੍ਰਧਾਨ ਤਰਸੇਮ ਲਾਲ ਜਨਰਲ ਸਕੱਤਰ, ਜਗਦੀਸ਼ ਰਾਜ ਸੀਨੀਅਰ ਮੀਤ ਪ੍ਰਧਾਨ ਸਰਵਨ ਸਿੰਘ ਮੀਤ ਪ੍ਰਧਾਨ ਅਸ਼ਵਨੀ ਕੁਮਾਰ ਅਤੇ ਖਜਾਨਚੀ ਸੰਦੀਪ ਸਿੰਘ ਖਾਲਸਾ ਅਤੇ ਤਾਰਾਗੜ੍ਹ ਦਾ ਪ੍ਰਧਾਨ ਪ੍ਰੇਮ ਚੰਦ ਨੂੰ ਥਾਪਿਆ ਗਿਆ ਤੇ ਇਨ੍ਹਾਂ ਸਾਰਿਆਂ ਨੇ ਕਿਹਾ ਕਿ ਅਸੀਂ ਯੂਨੀਅਨ ਦੇ ਸੰਵਿਧਾਨ ਦੀ ਪਾਲਣਾ ਕਰਾਂਗੇ ਅਤੇ ਆਪਣੇ ਹੱਕਾਂ ਲਈ ਅਸੀਂ ਇੱਕਮੁੱਠ ਹੋਕੇ ਲੜਾਂਗੇ ਜਿਸ ਨੂੰ ਸੰਬੋਧਨ ਕਰਦੇ ਯੂਨੀਅਨ ਦੇ ਸੂਬਾ ਸਕੱਤਰ ਕਾਮਰੇਡ ਮਨਜੀਤ ਰਾਜ ਬਟਾਲਾ ਨੇ ਕਿਹਾ ਕੀ ਜੁਗਾੜੂ ਮੋਟਰਸਾਈਕਲ ਰੇਹੜੀ ਵਾਲੇ ਬੜੀ ਮੁਸ਼ਕਿਲ ਨਾਲ ਆਪਣੇ ਪਰਿਵਾਰਾਂ ਦਾ ਪੇਟ ਪਾਲ ਰਹੇ ਹਨ ਪਰ ਸਰਕਾਰ ਤੇ ਪੁਲਸ ਇਨ੍ਹਾਂ ਜੁਗਾੜੂ ਰੇਹੜੀਆਂ ਨੂੰ ਬੰਦ ਕਰਾਉਣਾ ਚਾਹੁੰਦੀ ਹੈ ਪਰ ਇਹ ਕਿਸੇ ਹਾਲ ਅਸੀਂ ਨਹੀਂ ਹੋਣ ਦਿਆਂਗੇ। ਉਨ੍ਹਾਂ ਕਿਹਾ ਕਿ ਮਹਿੰਗਾਈ, ਬੇਰੁਜ਼ਗਾਰੀ ਅਤੇ ਨਸ਼ਾਖੋਰੀ ਇੰਨੀ ਵੱਧ ਹੈ ਪਰ ਸਰਕਾਰ ਦੀ ਸਿਰ ਤੇ ਜੂੰ ਨਹੀਂ ਸਰਕਦੀ ਜਿਨਾਂ ਮੁੱਦਿਆਂ 'ਤੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਮੁੱਦਿਆਂ ਨੂੰ ਸਰਕਾਰ ਧਿਆਨ ਨਹੀਂ ਦਿੰਦੀ ਅਤੇ ਮਜ਼ਦੂਰ ਵਿਰੋਧੀ ਨੀਤੀਆਂ ਵੱਲ ਸਰਕਾਰ ਧਿਆਨ ਦਿੰਦੀ ਹੈ ਕਿਉਂਕਿ ਜੇ ਬੇਰੁਜ਼ਗਾਰੀ ਵੱਲ ਸਰਕਾਰ ਖਿਆਲ ਦੇਵੇ ਤਾਂ ਉਨ੍ਹਾਂ ਨੂੰ ਜੁਗਾੜੂ ਰੇਹੜੀ ਚਲਾਉਣ ਦੀ ਲੋੜ ਨਹੀਂ। ਉਨ੍ਹਾਂ ਨੇ ਕਿਹਾ ਕਿ ਸਰਕਾਰ ਮਹਿੰਗਾਈ, ਬੇਰੁਜ਼ਗਾਰੀ ਅਤੇ ਨਸ਼ਾਖੋਰੀ ਦੇ ਮੁੱਦਿਆਂ ਤੇ ਧਿਆਨ ਦੇਵੇ ਅਤੇ ਮਜ਼ਦੂਰ ਵਿਰੋਧੀ ਨੀਤੀਆਂ ਛੱਡ ਕੇ ਸਰਕਾਰ ਮਜ਼ਦੂਰਾਂ ਦਾ ਸਾਥ ਦੇਵੇ। ਇਸ ਮੌਕੇ ਸਾਥੀ ਮੱਖਣ ਸਿੰਘ, ਦਰਸ਼ਨ ਕੁਮਾਰ , ਧਰਮਾ, ਬਚਨ, ਅਸ਼ਵਨੀ ਆਦਿ ਹਾਜ਼ਰ ਸਨ।



## ਲੁਟੇਰਾ ਔਰਤ ਦੀ ਵਾਲੀ ਝਪਟ ਕੇ ਫਰਾਰ: ਘਟਨਾ ਸੀਸੀਟੀਵੀ ਕੈਮਰੇ 'ਚ ਕੈਦ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੁਲਸ ਥਾਣਾ ਕਾਦੀਆਂ ਅਧੀਨ ਬਟਾਲਾ ਕਾਦੀਆਂ ਰੋਡ 'ਤੇ ਔਰਤ ਦੀ ਵਾਲੀ ਖੋਹ ਕੇ ਮੋਪਡ ਸਵਾਰ ਫਰਾਰ ਹੋਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦੋ ਔਰਤਾਂ ਮੋਪਡ ਤੇ ਸਵਾਰ ਹੋ ਕੇ ਕਾਦੀਆਂ ਤੋਂ ਬਟਾਲਾ ਵਾਲੀ ਸਾਈਡ ਨੂੰ ਜਾ ਰਹੀਆਂ ਸਨ।ਮੌਜੂਦ ਕੁਝ ਲੋਕਾਂ ਨੇ ਲੁਟੇਰੇ ਦਾ ਪਿੱਛਾ ਕੀਤਾ ਪਰ ਲੁਟੇਰਾ ਭੱਜਣ ਵਿੱਚ ਕਾਮਯਾਬ ਹੋ ਗਿਆ।ਇਹ ਸਾਰੀ ਘਟਨਾ ਨਜ਼ਦੀਕ ਦੁਕਾਨ ਦੇ ਬਾਹਰ ਲੱਗੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਜਿਸ ਵਿੱਚ ਲੁਟੇਰਾ ਔਰਤ ਦੀ ਵਾਲੀ ਝਪਟ ਕੇ ਫਰਾਰ ਹੁੰਦਾ ਦਿਖਾਈ ਦੇ ਰਿਹਾ ਹੈ।ਇਸ ਸਾਰੀ ਘਟਨਾ ਸਬੰਧੀ ਪੁਲਸ ਨੂੰ ਸੂਚਨਾ ਦੇ ਦਿੱਤੀ ਗਈ ।ਉਧਰ ਦੂਜੇ ਪਾਸੇ ਕੁਝ ਸਥਾਨਕ ਲੋਕਾਂ ਨੇ ਦੱਸਿਆ ਹੈ ਕਿ ਦਿਨ ਦਿਹਾੜੇ ਸੜਕਾਂ ਦੇ ਉਪਰ ਘੁੰਮਦੇ ਅਜਿਹੇ ਲੁਟੇਰੇ ਪੁਲਸ ਦੇ ਨੱਕ ਹੇਠਾਂ ਬੇਖੌਫ ਹੋ ਕੇ ਅਜਿਹੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ ਜਿਸ ਨਾਲ ਆਮ ਲੋਕਾਂ ਦਾ ਘਰਾਂ ਤੋਂ ਬਾਹਰ ਨਿਕਲਣਾ ਮੁਸ਼ਕਿਲ ਹੋਇਆ ਪਿਆ ਹੈ।ਉਥੇ ਹੀ ਕੁਝ ਸਮਾਜ ਸੇਵੀ ਲੋਕਾਂ ਦੇ ਵੱਲੋਂ ਵੀ ਮੰਗ ਕੀਤੀ ਗਈ ਹੈ ਕਿ ਅਜਿਹੇ ਲੁਟੇਰਿਆਂ ਦੇ ਉਪਰ ਪੁਲਸ ਪ੍ਰਸ਼ਾਸਨ ਨੂੰ ਨਕੇਲ ਕੱਸਣੀ ਚਾਹੀਦੀ ਹੈ ਤਾਂ ਜੋ ਅਜਿਹੀਆਂ ਵਾਰਦਾਤਾਂ ਨੂੰ ਠੱਲ੍ਹ ਪੈ ਸਕੇ ।

ਨਵਾਂ ਜ਼ਮਾਨਾ
ਬੁੱਧਵਾਰ, 29 ਅਕਤੂਬਰ 2025

# ਖੱਬਿਆਂ ਦਾ ਸਹਾਰਾ

ਬਿਹਾਰ ਵਿੱਚ ਕਦੇ ਚੰਗੀ ਪਕੜ ਰੱਖਣ ਵਾਲੀਆਂ ਖੱਬੀਆਂ ਪਾਰਟੀਆਂ ਦਾ ਇਸ ਵਾਰ ਮਹਾਂ-ਗੱਠਬੰਧਨ ਦੀ ਸਰਕਾਰ ਬਣਾਉਣ ਵਿੱਚ ਖਾਸ ਯੋਗਦਾਨ ਰਹਿਣ ਦੀ ਸੰਭਾਵਨਾ ਹੈ। ਇੱਕ ਜ਼ਮਾਨੇ ਵਿੱਚ ਲਾਲੂ ਪ੍ਰਸਾਦ ਨੇ ਖੱਬੀਆਂ ਪਾਰਟੀਆਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਹੁਣ ਉਨ੍ਹਾ ਦਾ ਬੇਟਾ ਤੇ ਮੁੱਖ ਮੰਤਰੀ ਚਿਹਰਾ ਤੇਜਸਵੀ ਯਾਦਵ ਉਨ੍ਹਾਂ ਦੇ ਸਹਾਰੇ ਹੀ ਸੱਤਾ ਵਿੱਚ ਆਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਐਤਕੀਂ ਨਿਤੀਸ਼ ਕੁਮਾਰ ਦੇ ਜਨਤਾ ਦਲ (ਯੂ), ਭਾਜਪਾ ਤੇ ਕੁਝ ਹੋਰ ਪਾਰਟੀਆਂ ਦੇ ਐੱਨ ਡੀ ਏ ਅਤੇ ਰਾਜਦ, ਕਾਂਗਰਸ, ਵੀ ਆਈ ਪੀ ਤੇ ਖੱਬੀਆਂ ਪਾਰਟੀਆਂ ਦੇ ਮਹਾਂ-ਗੱਠਬੰਧਨ ਵਿਚਾਲੇ ਗਹਿਗਚ ਮੁਕਾਬਲਾ ਹੈ, ਹਾਲਾਂਕਿ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਉਰਫ ਪੀ ਕੇ ਦੀ ਜਨ ਸੁਰਾਜ ਪਾਰਟੀ ਵੀ ਪਹਿਲੀ ਵਾਰ ਕਿਸਮਤ ਅਜ਼ਮਾ ਰਹੀ ਹੈ।

243 ਸੀਟਾਂ ਵਾਲੀ ਅਸੈਂਬਲੀ ਦੀ ਚੋਣ ਲਈ ਖੱਬੀਆਂ ਪਾਰਟੀਆਂ ਮਹਾਂ-ਗੱਠਬੰਧਨ ਦੀ ਜਿੱਤ ਲਈ ਨਾ ਸਿਰਫ ਵਿਚਾਰਧਾਰਕ ਆਧਾਰ ਮੁਹੱਈਆ ਕਰ ਰਹੀਆਂ ਹਨ, ਸਗੋਂ ਰਣਨੀਤਕ ਤੌਰ 'ਤੇ ਵੀ ਫੈਸਲਾਕੁੰਨ ਭੂਮਿਕਾ ਵਿੱਚ ਹਨ। ਖੱਬੀਆਂ ਪਾਰਟੀਆਂ ਕਿਸਾਨਾਂ, ਬੇਜ਼ਮੀਨੇ ਮਜ਼ਦੂਰਾਂ, ਦਲਿਤਾਂ ਤੇ ਨੌਜਵਾਨਾਂ ਲਈ ਆਵਾਜ਼ ਉਠਾਉਂਦੀਆਂ ਰਹੀਆਂ ਹਨ ਅਤੇ ਭਾਜਪਾ ਦੇ ਫਿਰਕੂ ਏਜੰਡੇ ਦਾ ਵੀ ਡਟ ਕੇ ਮੁਕਾਬਲਾ ਕਰਦੀਆਂ ਆ ਰਹੀਆਂ ਹਨ। ਖੱਬੀਆਂ ਪਾਰਟੀਆਂ ਮਗਧ ਤੇ ਸ਼ਾਹਬਾਦ ਵਰਗੇ ਗੜ੍ਹਾਂ ਵਿੱਚ ਕਾਫੀ ਸਰਗਰਮ ਹਨ। ਬੇਗੂਸਰਾਏ ਵਿੱਚ ਸੀ ਪੀ ਆਈ ਦੀ ਕਿਸੇ ਵੇਲੇ ਮਜ਼ਬੂਤ ਪਕੜ ਹੋਇਆ ਕਰਦੀ ਸੀ ਤੇ ਅੱਜ ਵੀ ਉਹ ਆਪਣੀ ਹੋਂਦ ਦਾ ਅਹਿਸਾਸ ਕਰਾ ਰਹੀ ਹੈ। ਖੱਬੀਆਂ ਪਾਰਟੀਆਂ ਨੇ ਰਾਜਦ ਤੇ ਕਾਂਗਰਸ ਵਿਚਾਲੇ ਤਣਾਅ ਨੂੰ ਘਟਾਉਣ 'ਚ ਵੀ ਅਹਿਮ ਭੂਮਿਕਾ ਨਿਭਾਈ ਹੈ। ਐੱਨ ਡੀ ਏ ਵਿਰੋਧੀਆਂ, ਖਾਸਕਰ ਗੈਰ-ਯਾਦਵਾਂ, ਅਤਿਅੰਤ ਪਛੜਾ ਵਰਗ ਅਤੇ ਨਿਤੀਸ਼ ਸ਼ਾਸਨ ਤੋਂ ਨਿਰਾਸ਼ ਸ਼ਹਿਰੀ ਨੌਜਵਾਨਾਂ ਨੂੰ ਮਹਾਂ-ਗੱਠਬੰਧਨ ਦੇ ਹੱਕ ਵਿੱਚ ਭੁਗਤਾਉਣ 'ਚ ਖੱਬੀਆਂ ਪਾਰਟੀਆਂ ਦਾ ਅਹਿਮ ਯੋਗਦਾਨ ਰਹਿਣ ਵਾਲਾ ਹੈ।

ਇਨ੍ਹਾਂ ਚੋਣਾਂ ਵਿੱਚ ਖੱਬੀਆਂ ਪਾਰਟੀਆਂ ਲਈ ਛੱਡੀਆਂ ਗਈਆਂ ਲਗਭਗ 30 ਸੀਟਾਂ ਰਾਜਦ ਦੀਆਂ 143 ਤੇ ਕਾਂਗਰਸ ਦੀਆਂ 61 ਸੀਟਾਂ ਦੀ ਤੁਲਨਾ ਵਿੱਚ ਬਹੁਤ ਘੱਟ ਹਨ, ਫਿਰ ਵੀ ਉਨ੍ਹਾਂ ਦਾ ਭਾਗੀਦਾਰੀ ਸਹਿਯੋਗ ਮਹਾਂ-ਗੱਠਬੰਧਨ ਨੂੰ ਸੱਤਾ ਤੱਕ ਪਹੁੰਚਾਉਣ ਵਿੱਚ ਕਾਫੀ ਸਹਾਈ ਹੋਵੇਗਾ। ਖੱਬੀਆਂ ਪਾਰਟੀਆਂ ਜਿੱਥੇ ਨਹੀਂ ਲੜ ਰਹੀਆਂ, ਉਨ੍ਹਾਂ ਹਲਕਿਆਂ ਵਿੱਚ ਉਨ੍ਹਾਂ ਦੇ ਵੋਟਰ ਮਹਾਂ-ਗੱਠਬੰਧਨ ਨੂੰ ਕਾਫੀ ਮਜ਼ਬੂਤੀ ਪ੍ਰਦਾਨ ਕਰਨਗੇ, ਕਿਉਂਕਿ ਇਹ ਪਾਰਟੀਆਂ ਗੱਠਬੰਧਨ ਧਰਮ ਨਿਭਾਉਣ ਵਾਲੀਆਂ ਹਨ। 2020 ਵਿੱਚ ਇਨ੍ਹਾਂ ਪਾਰਟੀਆਂ ਨੇ 29 ਸੀਟਾਂ ਲੜੀਆਂ ਸਨ। ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਨੇ 12 ਅਤੇ ਸੀ ਪੀ ਆਈ ਤੇ ਸੀ ਪੀ ਆਈ (ਐੱਮ) ਨੇ 2-2 ਸੀਟਾਂ ਜਿੱਤੀਆਂ ਸਨ। ਐਤਕੀਂ ਇਹ ਨਿਸਚੇ ਹੀ ਇਸ ਰਿਕਾਰਡ ਨੂੰ ਸੁਧਾਰਨਗੀਆਂ।

## ਦੋ-ਦੋ ਤਾਜਪੋਸ਼ੀਆਂ ?

ਸ਼੍ਰੋਮਣੀ ਗੁਲਾਮ ਹੋਈ ਵੱਡੇ ਘਰ ਵਾਲਿਆਂ ਦੀ,
ਤਦੇ ਗੱਲਾਂ ਹੋਈ ਜਾਣ ਆਏ ਦਿਨ ਹੋਛੀਆਂ।
ਕਿਸੇ ਨੂੰ ਬਣਾ ਦਿੰਦੇ ਨੇ ਅੱਧੀ ਰਾਤੀਂ ਜਥੇਦਾਰ,
ਲੋਈ ਹੀ ਉਤਾਰੀ ਹੋਈ ਕੌਮ ਦਿਆਂ ਦੋਸ਼ੀਆਂ ।
ਫੂਲਾ ਸਿੰਘ ਵਾਲੀ ਪਦਵੀ ਦਾ ਹੁਣ ਹਾਲ ਦੇਖੋ,
ਕਿਵੇਂ 'ਜਥੇਦਾਰੀਆਂ' ਨੇ ਜਾਂਦੀਆਂ ਪਰੋਸੀਆਂ।
ਹੋਰ ਗੁੱਸਾ ਚੜ੍ਹਦਾ ਐ ਲੋਕਾਂ ਨੂੰ ਨਕਾਰਿਆਂ 'ਤੇ,
ਪੜ੍ਹ-ਸੁਣ ਮੀਡੀਏ 'ਚ ਆਈਆਂ ਸਰਗੋਸ਼ੀਆਂ।
ਦੇਸੀ ਤੇ ਵਿਦੇਸ਼ੀ ਭਾਈ 'ਮੱਥੇ ਹੱਥ' ਮਾਰਦੇ ਐ,
ਪੰਥਕ ਹਾਲਾਤ ਦੇਖ ਆਉਂਦੀਆਂ ਨਮੋਸ਼ੀਆਂ।
ਬੁੱਧੀਜੀਵੀ ਤਬਕਾ ਵੀ ਦੇਖ ਪ੍ਰੇਸ਼ਾਨ ਹੋਇਆ,
ਇੱਕੋ ਸਿੰਘ ਸਾਹਬ ਦੀਆਂ ਦੋ-ਦੋ ਤਾਜਪੋਸ਼ੀਆਂ।

-ਤਰਲੋਚਨ ਸਿੰਘ ਦੁਪਾਲਪੁਰ, 001-408-915-1268

# ਜੀਵਨ ਕਾਫਲੇ ਦੇ ਨਾਲ-ਨਾਲ ਚਲਦਿਆਂ



ਗੁਰਚਰਨ ਸਿੰਘ ਨੂਰਪੁਰ

ਆਦਿ-ਜੁਗਾਦਿ ਤੋਂ ਧਰਤੀ 'ਤੇ ਜੀਵਨ ਦਾ ਪ੍ਰਵਾਹ ਚੱਲ ਰਿਹਾ ਹੈ ਤੇ ਚਲਦਾ ਰਹੇਗਾ। ਅਸੀਂ ਸਾਰੇ ਇਸ ਸਮੇਂ ਇਸ ਕਾਫਲੇ ਦੇ ਨਾਲ-ਨਾਲ ਚੱਲਣ ਵਾਲੇ ਧਰਤੀ ਦੇ ਯਾਤਰੀ ਹਾਂ। ਇੱਕ ਸੀਮਤ ਸਮੇਂ ਤੱਕ ਅਸੀਂ ਇੱਥੇ ਰਹਿਣ ਲਈ ਆਏ ਹਾਂ ਅਤੇ ਇੱਕ ਖਾਸ ਸਮੇਂ ਬਾਅਦ ਅਸੀਂ ਇੱਥੋਂ ਵਿਦਾ ਹੋ ਜਾਣਾ ਹੈ, ਇਹੋ ਜੀਵਨ ਦੀ ਚਿੱਟੇ ਦਿਨ ਵਰਗੀ ਸੱਚਾਈ ਹੈ।

ਕੁਝ ਮਨੋਵਿਗਿਆਨਕ ਕਾਰਨਾਂ ਕਰਕੇ ਜੀਵਨ ਪ੍ਰਵਾਹ ਦੇ ਨਾਲ-ਨਾਲ ਚੱਲਦਿਆਂ, ਵਿਚਰਦਿਆਂ, ਸਾਡਾ ਵਿਹਾਰ ਅਜਿਹਾ ਬਣ ਜਾਂਦਾ ਹੈ, ਜਿਵੇਂ ਅਸੀਂ ਇਸ ਧਰਤੀ 'ਤੇ ਸਦੀਵੀਂ ਹਾਂ, ਪਰ ਸਾਨੂੰ ਹਰ ਪਲ ਜੀਵਨ ਤੇ ਮੌਤ ਸੰਬੰਧੀ ਜਾਗਰੂਕ ਰਹਿਣ ਦੀ ਲੋੜ ਹੁੰਦੀ ਹੈ।

ਡਾਰਵਿਨ ਅਨੁਸਾਰ ਜੀਵਾਂ ਨੂੰ ਜਿਉਂਦੇ ਰਹਿਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਜੋ ਇਸ ਸੰਘਰਸ਼ ਚੋਂ ਜੇਤੂ ਹੋ ਕੇ ਨਿਕਲਦੇ ਹਨ, ਕੁਦਰਤ ਉਹਨਾਂ ਨੂੰ ਜੀਵਨ ਦੇ ਮੌਕੇ ਪ੍ਰਦਾਨ ਕਰਦੀ ਹੈ। ਇਸ ਚੋਣ ਨੂੰ ਡਾਰਵਿਨ ਨੇ ਕੁਦਰਤੀ ਚੋਣ (ਨੈਚਰੂਲ ਸਿਲੈਕਸ਼ਨ) ਦਾ ਨਾਂਅ ਦਿੱਤਾ। ਇਸ ਹਿਸਾਬ ਨਾਲ ਅਸੀਂ ਕੁਦਰਤ ਦੁਆਰਾ ਚੁਣੇ ਹੋਏ ਲੋਕ ਹਾਂ, ਜੋ ਇਸ ਧਰਤੀ 'ਤੇ ਵਿਚਰ ਰਹੇ ਹਾਂ।

ਜੀਵਨ ਦੇ ਇਸ ਕਾਫਲੇ ਨਾਲ ਵਿਚਰਦਿਆਂ ਧਰਤੀ 'ਤੇ ਆਪਣੀ ਹਾਜ਼ਰੀ ਦੌਰਾਨ ਅਸੀਂ ਬੜਾ ਕੁਝ ਅਜਿਹਾ ਕਰਦੇ ਹਾਂ, ਜਿਸ ਨਾਲ ਜੀਵਨ ਦਾ ਵੱਡਾ ਹਿੱਸਾ ਬਰਬਾਦ ਹੀ ਨਹੀਂ ਹੁੰਦਾ, ਬਲਕਿ ਜੀਵਨ ਜਿਊਣ ਦੀ ਕਲਾ ਸਾਡੇ ਕੋਲੋਂ ਗਵਾਚ ਜਾਂਦੀ ਹੈ। ਕਈ ਵਾਰ ਦੋ ਅਣਜਾਣ ਵਿਅਕਤੀਆਂ ਦੇ ਵਾਹਨ ਅਚਾਨਕ ਆਪਸ ਵਿੱਚ ਟਕਰਾਅ ਜਾਂਦੇ ਹਨ। ਇਸ ਸਥਿਤੀ ਵਿੱਚ ਇਹ ਵੀ ਹੋ ਸਕਦਾ ਹੈ ਕਿ ਇਹ ਦੋਵੇਂ ਇੱਕ-ਦੂਜੇ ਨੂੰ ਸੰਭਾਲਦੇ ਤੇ ਇੱਕ-ਦੂਜੇ ਤੋਂ ਖਿਮਾਂ ਮੰਗਦੇ ਆਪਣੇ-ਆਪਣੇ ਘਰ ਚਲੇ ਜਾਣ। ਆਪਣੇ ਹੋਏ ਛੋਟੇ-ਮੋਟੇ ਨੁਕਸਾਨ ਦੀ ਆਪ ਭਰਪਾਈ ਕਰ ਲੈਣ ਤੇ ਆਪਣੇ ਕਾਰ-ਵਿਹਾਰ ਨੂੰ ਨਿਰੰਤਰ ਕਰਨ ਲੱਗ ਜਾਣ। ਦੂਜੇ ਪਾਸੇ ਅਸੀਂ ਦੇਖਦੇ ਹਾਂ ਕਿ ਕਿਸੇ ਗਲੀ-ਗਵਾਂਢ ਵਿੱਚ ਹੋਏ ਬੋਲ ਬੁਲਾਰੇ ਨੂੰ ਲੈ ਕੇ ਕੁਝ ਲੋਕ ਥਾਣਿਆਂ, ਕਚਹਿਰੀਆਂ, ਅਦਾਲਤਾਂ ਦੇ ਅਜਿਹੇ ਚੱਕਰ ਵਿੱਚ ਉਲਝਦੇ ਹਨ ਕਿ ਦੂਜੇ ਨੂੰ ਨੀਵਾਂ ਵਿਖਾਉਣਾ ਹੀ ਉਹਨਾਂ ਦੀ ਜ਼ਿੰਦਗੀ ਦਾ ਮਕਸਦ ਬਣ ਜਾਂਦਾ ਹੈ। ਅਜਿਹੀ ਹਾਲਤ ਵਿੱਚ ਸਾਨੂੰ ਸੋਚਣਾ ਚਾਹੀਦਾ ਹੈ ਕਿ ਸਾਡਾ ਜੀਵਨ ਇਸ ਲਈ ਨਹੀਂ ਕਿ ਅਸੀਂ ਕਿਸੇ ਇੱਕ ਬੰਦੇ 'ਤੇ ਆਪਣੇ ਜੀਵਨ ਦੀ ਸਾਰੀ ਐਨਰਜੀ ਖਤਮ ਕਰ ਦੇਈਏ, ਅਸੀਂ ਆਪਣੇ ਜੀਵਨ ਦੌਰਾਨ ਹੋਰ ਵੀ ਬਹੁਤ ਕੁਝ ਕਰਨਾ ਹੈ। ਅੱਜਕੱਲ੍ਹ ਸੋਸ਼ਲ ਮੀਡੀਆ ਦਾ ਦੌਰ ਹੈ, ਕੁਝ ਲੋਕਾਂ ਦੀ ਇਹ ਆਦਤ ਬਣ ਗਈ ਹੈ ਕਿ ਉਹ ਕਿਸੇ ਇੱਕ ਵਿਅਕਤੀ ਨਾਲ ਆਪਣੇ ਆਪ ਨੂੰ ਠੀਕ ਸਾਬਤ ਕਰਨ ਲਈ ਕਈ-ਕਈ ਦਿਨ ਬਹਿਸਾਂ ਕਰਦੇ ਹਨ। ਇਹਨਾਂ ਬਹਿਸਾਂ ਵਿੱਚ ਫਿਰ ਹੋਰ ਵੀ ਲੋਕ ਸ਼ਾਮਲ ਹੁੰਦੇ ਹਨ ਜਾਂ ਹੋਰ ਲੋਕਾਂ ਨੂੰ ਸ਼ਾਮਲ ਕਰਕੇ ਆਪਣੇ-ਆਪ ਨੂੰ ਠੀਕ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਹੈ। ਕਈ ਵਾਰ ਇਹ ਬਹਿਸਾਂ ਇੱਕ-ਦੂਜੇ 'ਤੇ ਨਿੱਜੀ ਤੌਰ 'ਤੇ ਸ਼ਬਦੀ ਹਮਲਿਆਂ ਦਾ ਕਾਰਨ ਵੀ ਬਣ ਜਾਂਦੀਆਂ ਹਨ।

ਜੀਵਨ ਦੀ ਮਹੱਤਤਾ ਨੂੰ ਭੁੱਲ ਕੇ ਦੁਨੀਆ ਦੇ ਵੱਡੀ ਗਿਣਤੀ ਲੋਕ ਹਰ ਦੌਰ ਵਿੱਚ ਸੰਤਾਪ ਭੋਗਦੇ ਹਨ। ਇਹ ਬਿਨਾਂ ਵਜ੍ਹਾ ਲੜਾਈਆਂ ਝਗੜੇ, ਜੇਲ੍ਹਾਂ, ਥਾਣਿਆਂ, ਅਦਾਲਤਾਂ, ਕੇਸਾਂ-ਮੁਕੱਦਮਿਆਂ ਦੇ ਚੱਕਰਾਂ ਵਿੱਚ ਉਲਝੇ ਰਹਿੰਦੇ ਹਨ। ਕੁਝ ਲੋਕ ਆਪਣੀ ਹਉਮੈਂ ਨੂੰ ਪੱਠੇ ਪਾਉਣ ਲਈ ਲੋਕ ਵੱਡੇ ਵੱਡੇ ਚਕਲਿਆਂ 'ਤੇ ਅਕਸਰ ਵੱਡੇ-ਵੱਡੇ ਪਾਪੜ ਵੇਲਣ ਦੀ ਕੋਸ਼ਿਸ਼ ਕਰਦੇ ਹਨ। ਮਾਣ-ਸਨਮਾਨ ਲਈ ਤਰਲੋਮੱਛੀ ਹੁੰਦੇ ਹਨ, ਗੱਲ-ਗੱਲ 'ਤੇ ਗੁੱਸਾ, ਆਪਣੀ ਹੈਸੀਅਤ ਤੋਂ ਵੱਧ ਖਰਚ ਕਰਨਾ, ਦੂਜੇ ਨੂੰ ਡਰਾਉਣਾ-ਧਮਕਾਉਣਾ, ਦੁਸ਼ਮਣੀ, ਈਰਖਾ, ਦੂਜੇ ਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼, ਇਹ ਕੋਸ਼ਿਸ਼ ਕਰਨੀ ਕਿ ਹਰ ਪਾਸੇ ਸਾਡਾ ਹੀ ਗੁਣਗਾਣ ਹੋਵੇ, ਆਪਣੀ ਅਮੀਰੀ ਦਾ ਵਿਖਾਵਾ ਕਰਨਾ, ਕਰਜ਼ਾ ਚੁੱਕ ਕੇ ਵਿਆਹਾਂ-ਸ਼ਾਦੀਆਂ ਅਤੇ ਕਾਰਾਂ ਕੋਠੀਆਂ 'ਤੇ ਖਰਚ ਕਰਨਾ, ਆਪਣੀ ਚੌਧਰ ਲਈ ਹਰ ਹੀਲਾ ਵਰਤਣਾ ਆਦਿ ਅਜਿਹੀਆਂ ਪ੍ਰਵਿਰਤੀਆਂ ਹਨ, ਜੋ ਪਿਛਲੇ ਕੁਝ ਅਰਸੇ ਤੋਂ ਪੰਜਾਬੀ ਸਮਾਜ ਵਿੱਚ ਪਨਪ ਰਹੀਆਂ ਹਨ। ਜਦੋਂ ਅਸੀਂ ਆਪਣੇ ਜੀਵਨ ਦੇ ਮੁੱਲ ਨੂੰ ਦੂਜਿਆਂ ਅਨੁਸਾਰ ਮਿਣਨ ਲੱਗਦੇ ਹਾਂ ਤਾਂ ਅਸੀਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦੇ ਸ਼ਿਕਾਰ ਬਣ ਜਾਂਦੇ ਹਾਂ। ਸਾਡਾ ਵਿਹਾਰ ਅਜਿਹਾ ਬਣ ਜਾਂਦਾ ਹੈ ਕਿ ਜਿਵੇਂ ਇਹ ਜੀਵਨ ਕੁਝ ਕੁ ਲੋਕਾਂ ਜੋ ਸਾਡੇ ਆਸ-ਪਾਸ, ਪਿੰਡ, ਗਲੀ-ਮੁਹੱਲੇ, ਵਾਕਫਕਾਰਾਂ ਅਤੇ ਰਿਸ਼ਤੇਦਾਰਾਂ ਦੇ ਵਿਖਾਉਣ ਲਈ ਹੈ ਅਤੇ ਇਹਨਾਂ ਵਿੱਚ ਅਸੀਂ ਹਰ ਹਾਲਤ ਵਿੱਚ ਆਪਣਾ ਦਬਦਬਾ ਬਣਾ ਕੇ ਰੱਖਣਾ ਹੈ। ਅਜਿਹੀ ਮਾਨਸਿਕਤਾ ਤੋਂ ਸਾਨੂੰ ਬਚਣਾ ਚਾਹੀਦਾ ਹੈ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਸ ਧਰਤੀ 'ਤੇ ਪੈਦਾ ਹੋਇਆ ਹਰ ਮਨੁੱਖ ਆਪਣੇ ਆਪ ਵਿੱਚ ਵਿਲੱਖਣ ਹੈ।

ਇੱਕ ਅਧਿਆਪਕ ਸਕੂਲ ਤੋਂ ਆਪਣੇ ਘਰ ਮੁੜਦਾ ਤਾਂ ਇੱਕ ਵਿਅਕਤੀ, ਜਿਸ ਦਾ ਘਰ ਅਧਿਆਪਕ ਦੇ ਰਸਤੇ ਵਿੱਚ ਸੀ, ਉਸ ਨਾਲ ਈਰਖਾ ਰੱਖਦਾ ਸੀ ਅਤੇ ਚਾਹੁੰਦਾ ਸੀ ਕਿਵੇਂ ਨਾ ਕਿਵੇਂ ਉਸ ਨਾਲ ਲੜਾਈ-ਝਗੜੇ ਵਿੱਚ ਉਲਝੇ। ਉਹ ਉਹਦੇ ਰਸਤੇ ਵਿੱਚ ਅਕਸਰ ਪਾਣੀ ਡੋਹਲ ਦਿੰਦਾ। ਅਧਿਆਪਕ ਸਿਆਣਾ ਬੰਦਾ ਸੀ, ਉਹ ਚਿੱਕੜ ਤੋਂ ਬਚ ਕੇ ਆਪਣੇ ਘਰ ਚਲਾ ਜਾਂਦਾ। ਆਸ-ਪਾਸ ਦੇ ਲੋਕ ਮਹੀਨਿਆਂ ਤੋਂ ਇਹ ਸਭ ਕੁਝ ਦੇਖਦੇ ਆ ਰਹੇ ਸਨ। ਇੱਕ ਦਿਨ ਇੱਕ ਵਿਅਕਤੀ ਨੇ ਅਧਿਆਪਕ ਨੂੰ ਕਿਹਾ ਤੁਸੀਂ ਉਸ ਵਿਅਕਤੀ ਨੂੰ ਸਬਕ ਕਿਉਂ ਨਹੀਂ ਸਿਖਾਉਂਦੇ ਉਹ ਆਏ ਦਿਨ ਤੁਹਾਡੇ ਨਾਲ ਦੁਰਵਿਹਾਰ ਕਰਦਾ ਹੈ। ਸ਼ਾਂਤ ਚਿੱਤ ਅਧਿਆਪਕ ਨੇ ਕਿਹਾ, 'ਤਕਲੀਫ ਵਿੱਚ ਉਹ ਹੈ, ਮੈਂ ਨਹੀਂ ਹਾਂ। ਵੇਖੋ ਉਹ ਵਿਚਾਰਾ ਕਿੰਨਾ ਤਰੱਦਦ ਕਰਦਾ ਹੈ।'

ਸਾਡਾ ਜੀਵਨ ਇਸ ਲਈ ਅਣਮੁੱਲਾ ਹੈ, ਕਿਉਂਕਿ ਇਹ ਸੀਮਤ ਹੈ। ਇਹ ਕਿਸੇ ਇੱਕ ਵਿਅਕਤੀ ਨਾਲ ਉਲਝਣ ਲਈ ਨਹੀਂ। ਦੁਨੀਆਂ ਭਰ ਦੇ ਵਿਦਵਾਨ ਇਹ ਮੰਨਦੇ ਹਨ ਕਿ ਜੀਵਨ ਦਾ ਆਪਣੇ ਆਪ ਵਿੱਚ ਕੋਈ ਮਨੋਰਥ ਨਹੀਂ ਹੁੰਦਾ। ਇਹ ਮਨੋਰਥ ਮਨੁੱਖ ਨੂੰ ਆਪ ਘੜਨਾ ਪੈਂਦਾ ਹੈ। ਜੇਕਰ ਆਪਣੇ ਜੀਵਨ ਦੇ ਮਨੋਰਥ ਨੂੰ ਮਨੁੱਖ ਆਪਣੀਆਂ ਰੁਚੀਆਂ ਅਨੁਸਾਰ ਢਾਲ ਲਵੇ ਤਾਂ ਇਹ ਸੋਨੇ 'ਤੇ ਸੁਹਾਗੇ ਵਰਗੀ ਗੱਲ ਹੋ ਨਿੱਬੜਦੀ ਹੈ। ਆਪਣੇ ਜੀਵਨ ਦੀ ਰੁਚੀ ਦੀ ਤਲਾਸ਼ ਕਰਨ ਨੂੰ ਜਾਪਾਨ ਦੇ ਲੋਕ ਇਕਾਗਾਈ ਆਖਦੇ ਹਨ। ਇਕਾਗਾਈ 'ਤੇ ਬਹੁਤ ਸਾਰਾ ਜਾਪਾਨੀ ਸਾਹਿਤ ਹੈ, ਜਿਸ ਨੂੰ ਪੜ੍ਹ ਕੇ ਅਸੀਂ ਇਸ ਵਿਸ਼ੇ ਦੀ ਮਹੱਤਤਾ ਨੂੰ ਸਮਝ ਸਕਦੇ ਹਾਂ। ਹੁਣ ਤਾਂ ਪੰਜਾਬੀ ਭਾਸ਼ਾ ਵਿੱਚ ਵੀ ਇਕਾਗਾਈ ਸੰਬੰਧੀ ਕਿਤਾਬਾਂ ਪ੍ਰਕਾਸ਼ਤ ਹੋ ਗਈਆਂ ਹਨ, ਜੋ ਸਾਨੂੰ ਪੰਜਾਬੀਆਂ ਨੂੰ ਪੜ੍ਹਨੀਆਂ ਚਾਹੀਦੀਆਂ ਹਨ। ਇਸ ਦਾ ਅਰਥ ਸੰਖੇਪ ਵਿੱਚ ਇਹ ਹੁੰਦਾ ਹੈ, ਹਰ ਬੰਦੇ ਦੀ ਕਿਸੇ ਨਾ ਕਿਸੇ ਚੀਜ਼ ਵਿੱਚ ਗਹਿਰੀ ਰੁਚੀ ਹੁੰਦੀ ਹੈ, ਜੋ ਅਕਸਰ ਉਸ ਨੂੰ ਆਪ ਨੂੰ ਵੀ ਨਹੀਂ ਪਤਾ ਹੁੰਦਾ। ਜਿਵੇਂ ਕਿਸੇ ਨੂੰ ਰੁੱਖ ਜਾਂ ਫੁੱਲ-ਬੂਟੇ ਲਾਉਣ ਵਿੱਚ ਰੁਚੀ ਹੈ, ਕਿਸੇ ਨੂੰ ਲਿਖਣ ਵਿੱਚ, ਕਿਸੇ ਨੂੰ ਪੜ੍ਹਨ ਵਿੱਚ, ਕਿਸੇ ਨੂੰ ਚਿੱਤਰਕਾਰੀ ਵਿੱਚ, ਕਿਸੇ ਨੂੰ ਗਾਉਣ, ਐਕਟਿੰਗ ਕਰਨ, ਕਿਸੇ ਨੂੰ ਖਾਣਾ ਬਣਾਉਣ ਜਾਂ ਡਰਾਇਵਿੰਗ ਕਰਨ ਵਿੱਚ ਇਸ ਤਰ੍ਹਾਂ ਜਿਸ ਕੰਮ ਨੂੰ ਕਰਦਿਆਂ ਅਸੀਂ ਉਸ ਵਿੱਚ ਲੀਨ ਹੋ ਜਾਈਏ ਅਤੇ ਇਹ ਕੰਮ ਕਰਨ ਤੋਂ ਬਾਅਦ ਸਾਡਾ ਮਨ ਸ਼ਾਂਤੀ ਅਤੇ ਅਨੰਦ ਦਾ ਅਨੁਭਵ ਕਰੇ। ਉਹ ਸਾਡੀ ਇਕਾਗਾਈ ਹੁੰਦੀ ਹੈ।

ਦੁਨੀਆ ਦੇ ਵੱਡੇ ਫਿਲਾਸਫਰ ਪਲੈਟੋ ਅਨੁਸਾਰ ਜੀਵਨ ਦਾ ਉਦੇਸ਼ ਨੈਤਿਕ ਆਚਾਰ, ਗਿਆਨ ਅਤੇ ਸੱਚਾਈ ਦੀ ਨਿਰੰਤਰ ਖੋਜ ਕਰਦੇ ਰਹਿਣ ਵਿੱਚ ਹੈ, ਜੋ ਮਨੁੱਖ ਨੂੰ ਗਿਆਨਵਾਨ ਅਵਸਥਾ ਤੱਕ ਲੈ ਕੇ ਜਾਣ। ਇਸੇ ਤਰ੍ਹਾਂ ਆਧੁਨਿਕ ਵਿਚਾਰਕ ਇਮੈਨੂਅਲ ਕਾਂਟ ਆਖਦਾ ਹੈ-ਮਨੁੱਖ ਨੂੰ ਅਜਿਹਾ ਕੰਮ ਕਰਨਾ ਚਾਹੀਦਾ ਹੈ, ਜੋ ਜਗਤ ਲਈ ਸਰਵਜਨਕ ਤੌਰ 'ਤੇ ਮਾਣ ਕਰਨ ਯੋਗ ਹੋਵੇ ਅਤੇ ਮਾਨਵਤਾ ਇਸ 'ਤੇ ਮਾਣ ਅਤੇ ਫਖਰ ਮਹਿਸੂਸ ਕਰ ਸਕੇ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਵਿਚਾਰ ਬੜੀ ਵੱਡੀ ਮਹੱਤਤਾ ਰੱਖਦੇ ਹਨ, ਉਹ ਪੁਰਾਤਨ ਰੂੜ੍ਹੀਵਾਦੀ ਕਰਮ ਕਾਂਡਾਂ ਨੂੰ ਛੱਡ ਕੇ, ਨੀਵੇਂ ਰਹਿ ਕੇ, ਸੱਚੀ-ਸੁੱਚੀ ਕਿਰਤ ਕਰਨ ਅਤੇ ਵੰਡ ਛਕਣ ਨੂੰ ਤਰਜੀਹ ਦਿੰਦੇ ਹਨ। ਗੁਰੂ ਸਾਹਿਬ, ਕੁਦਰਤ ਦੇ ਇਸ ਪਸਾਰੇ ਵਿੱਚ ਵਿਚਰਦਿਆਂ ਮਨੁੱਖ ਨੂੰ ਕੁਦਰਤ ਦਾ ਸਤਿਕਾਰ ਕਰਨ ਦੀ ਵੀ ਤਾਗੀਦ ਕਰਦੇ ਹਨ।

ਫ੍ਰੈਡਰਿਕ ਨੀਤਸ਼ੇ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ:-ਪੁਰਾਣੀਆਂ ਰੂੜ੍ਹੀਵਾਦੀਆਂ ਘੜੀਆਂ-ਘੜਾਈਆਂ ਧਾਰਨਾਵਾਂ ਮਨੁੱਖ ਨੂੰ ਉਸ ਦੀ ਅਸਲ ਸ਼ਕਤੀ ਨਾਲ ਵਾਕਫ ਨਹੀਂ ਹੋਣ ਦਿੰਦੀਆਂ। ਉਸ ਨੇ ਮਨੁੱਖ ਨੂੰ ਮਹਾਂਮਾਨਵ ਦਾ ਸੰਕਲਪ ਦਿੱਤਾ, ਜੋ ਆਪਣੇ ਬਲਬੂਤੇ 'ਤੇ ਜੀਵਨ ਨੂੰ ਸੰਘਰਸ਼ ਅਤੇ ਸਿਰਜਣਾਤਮਿਕਤਾ ਨਾਲ ਜਿਉਂਦਾ ਹੈ। ਨੀਤਸ਼ੇ ਲਈ ਜੀਵਨ ਦਾ ਮਕਸਦ ਦੁੱਖਾਂ, ਸੰਕਟਾਂ ਦੇ ਬਾਵਜੂਦ ਸੰਘਰਸ਼ ਕਰਦਿਆਂ ਰਚਨਾਤਮਿਕ ਵਿਕਾਸ ਕਰਨਾ ਹੈ।

ਅਸੀਂ ਆਪਣੇ ਜੀਵਨ ਨੂੰ ਸਮਝਦਿਆਂ-ਜਾਣਦਿਆਂ ਕੁਝ ਅਜਿਹਾ ਕਰਨ ਦੀ ਕੋਸ਼ਿਸ਼ ਕਰੀਏ, ਜੋ ਸਮੁੱਚੀ ਮਾਨਵਤਾ ਲਈ ਫਖਰ ਕਰਨ ਯੋਗ ਹੋਵੇ। ਅਜਿਹਾ ਅਸੀਂ ਇੱਕ ਦਰੱਖਤ ਲਗਾ ਕੇ ਵੀ ਕਰ ਸਕਦੇ ਹਾਂ, ਕਿਸੇ ਗਰੀਬ ਦੀ ਮਦਦ ਕਰਕੇ ਵੀ ਕਰ ਸਕਦੇ ਹਾਂ, ਕਿਸੇ ਨਿਤਾਣੇ ਬੰਦੇ ਦਾ ਇਲਾਜ ਕਰਵਾ ਕੇ ਵੀ ਕਰ ਸਕਦੇ ਹਾਂ, ਕਿਸੇ ਬੱਚੇ ਨੂੰ ਪੜ੍ਹਾਈ ਵਿੱਚ ਉਸ ਦੀ ਮਦਦ ਕਰਕੇ ਵੀ ਕਰ ਸਕਦੇ ਹਾਂ। ਸਾਡੀ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਅਸੀਂ ਇਸ ਧਰਤੀ 'ਤੇ ਕੁਝ ਸਮੇਂ ਲਈ ਆਏ ਹਾਂ ਤਾਂ ਹਰ ਸਮੇਂ ਕੁਝ ਨਾ ਕੁਝ ਚੰਗਾ ਕਰ, ਸਿਰਜ ਕੇ ਜਾਈਏ।

ਜੀਵਨ ਦਾ ਅਨੰਦ ਮਾਨਣ ਲਈ ਰੁੱਖਾਂ, ਪੰਛੀਆਂ, ਫੁੱਲਾਂ-ਬੂਟਿਆਂ ਨਾਲ ਦੋਸਤੀ ਕਰੀਏ, ਅੰਬਰ ਨੂੰ ਨਿਹਾਰਨਾ ਸਿੱਖੀਏ, ਉਸ ਮਿੱਟੀ ਦੇ ਸ਼ੁਕਰਗੁਜ਼ਾਰ ਹੋਈਏ, ਜੋ ਸਾਡੇ ਲਈ ਅੰਨ ਪੈਦਾ ਕਰਦੀ ਹੈ। ਮਨੁੱਖੀ ਸੱਭਿਅਤਾ ਦੌਰਾਨ ਧਰਤੀ ਦੇ ਉਹਨਾਂ ਸਭ ਲੋਕਾਂ, ਜਿਹਨਾਂ ਨੇ ਜੀਵਨ ਨੂੰ ਚੰਗਾ ਬਣਾਉਣ ਵਿੱਚ ਆਪਣਾ ਹੁਣ ਤੱਕ ਯੋਗਦਾਨ ਦਿੱਤਾ ਹੈ, ਉਹਨਾਂ ਦਾ ਧੰਨਵਾਦ ਕਰਨਾ ਸਿੱਖੀਏ। ਆਪਣੇ ਜੀਵਨ ਦੌਰਾਨ ਇਹ ਕੋਸ਼ਿਸ਼ ਕਰੀਏ ਕਿ ਧਰਤੀ 'ਤੇ ਭਵਿੱਖ ਵਿੱਚ ਜੀਵਨ ਪਹਿਲਾਂ ਨਾਲੋਂ ਵੀ ਵੱਧ ਸਫਲਤਾ ਨਾਲ ਵਿਗਸਦਾ, ਮੌਲਦਾ ਅਤੇ ਪ੍ਰਫੁਲਤ ਹੁੰਦਾ ਰਹੇ।

# ਸੰਪਰਕ : 98550-51099

# ਕੰਨ ਪਾੜਵੀਂ ਆਵਾਜ਼ ਦੇ ਮਾੜੇ ਪ੍ਰਭਾਵਾਂ ਤੋਂ ਸੁਚੇਤ ਹੋਣ ਦੀ ਲੋੜ

ਮੇਜਰ ਸਿੰਘ ਨਾਭਾ

ਕੰਨ ਪਾੜਵੀਂ ਆਵਾਜ਼ ਸ਼ਾਇਦ ਹੀ ਕੋਈ ਪਸੰਦ ਕਰਦਾ ਹੋਵੇ। ਇਸ ਨਾਲ ਕੰਨਾਂ ਦੇ ਪਰਦੇ ਖਰਾਬ ਹੋਣ ਦਾ ਡਰ ਰਹਿੰਦਾ ਹੈ। ਦਿਲ ਦੇ ਮਰੀਜ਼ਾਂ ਲਈ ਵੀ ਖਤਰਨਾਕ ਹੈ। ਕਈ ਪਰਵਾਰਾਂ ਵਿੱਚ ਦਿਲ ਦੇ ਜਾਂ ਹੋਰ ਬਿਮਾਰੀਆਂ ਦੇ ਮਰੀਜ਼ ਹੁੰਦੇ ਹਨ, ਦੀਵਾਲੀ ਵਾਲੇ ਦਿਨ ਆਪਣੇ ਗੁਆਂਢੀ ਦੇ ਪਰਿਵਾਰਕ ਮੈਂਬਰਾਂ ਵਿੱਚ ਮਰੀਜ਼ਾਂ ਬਾਰੇ ਅਸੀਂ ਨਹੀਂ ਸੋਚਦੇ ਕਿ ਵੱਡੇ-ਵੱਡੇ ਪਟਾਕਿਆਂ ਦੀ ਉੱਚੀ ਆਵਾਜ਼ ਨੂੰ ਉਹ ਕਿਵੇਂ ਬਰਦਾਸ਼ਤ ਕਰਦੇ ਹਨ । ਕਈ ਮੂਰਖ ਤਾਂ ਪਟਾਕੇ ਨੂੰ ਅੱਗ ਲਾ ਕੇ ਦੂਜੇ ਦੇ ਘਰ ਮੂਹਰੇ ਸੁੱਟ ਦਿੰਦੇ ਹਨ, ਜਿਨ੍ਹਾਂ ਦੀ ਉੱਚੀ ਆਵਾਜ਼ ਬੱਚਿਆਂ ਅਤੇ ਬਜ਼ੁਰਗਾਂ ਨੂੰ ਦਹਿਲਾ ਦੇਂਦੀ ਹੈ ।

ਵਹੀਕਲਾਂ ਦੇ ਹਾਰਨ ਉੱਚੀ ਆਵਾਜ਼ ਵਾਲੇ ਅਤੇ ਪਟਾਕੇ ਵਜਾਉਣ ਵਾਲੇ ਲਾ ਕੇ ਰਾਹਗੀਰਾਂ ਨੂੰ ਡਰ ਦਾ ਮਾਹੌਲ ਪੈਦਾ ਕਰਕੇ ਤੰਗ ਕੀਤਾ ਜਾਂਦਾ ਹੈ, ਪਰ ਵਿਆਹ-ਸ਼ਾਦੀ ਅਤੇ ਜਨਮ-ਦਿਨ ਪਾਰਟੀਆਂ 'ਤੇ ਆਮ ਤੌਰ ਤੇ ਉੱਚੀ ਆਵਾਜ਼ 'ਚ ਸਾਊਂਡ ਸਿਸਟਮ ਫਿਰ ਵੀ ਲਾਇਆ ਜਾਂਦਾ ਹੈ। ਮੁਹੱਲਿਆਂ 'ਚ ਵਸਤਾਂ ਵੇਚਣ ਵਾਲੇ ਉੱਚੀ ਆਵਾਜ਼ 'ਚ ਰਿਕਾਰਡਿੰਗ ਕਰਵਾ ਚੀਜ਼ਾਂ ਵੇਚਣ ਦੇ ਹੋ ਕੇ ਲਾਊਡ ਸਪੀਕਰਾਂ ਰਾਹੀਂ ਦੇ ਕੇ ਮਹੱਲੇ ਦੇ ਮਾਹੌਲ ਦੀ ਜਿਥੇ ਸ਼ਾਂਤੀ ਤਾਂ ਭੰਗ ਕਰਦੇ ਹੀ ਹਨ, ਸਗੋਂ ਕਈ ਵਾਰੀ ਇੱਕੋ ਥਾਂ ਖੜ੍ਹ ਕੇ ਇਹ ਆਵਾਜ਼ਾਂ ਸੁਣਾ ਕੇ ਘਰਾਂ ਵਾਲਿਆਂ ਲਈ ਆਪਸੀ ਕੋਈ ਗੱਲ ਸੁਣਨ ਤੋਂ ਵੀ ਤੰਗ ਕਰ ਦਿੰਦੇ ਹਨ। ਪੰਜਾਬ ਅੰਦਰ ਵਾਤਾਵਰਣ ਦੀ ਸੁਰੱਖਿਆ ਲਈ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਦੀ ਸਥਾਪਨਾ 1975 ਵਿੱਚ ਹੋਈ। ਇਸ ਦਾ ਮੁੱਖ ਦਫਤਰ ਪਟਿਆਲਾ ਵਿਖੇ ਕੰਮ ਕਰ ਰਿਹਾ ਹੈ। ਵੱਖ-ਵੱਖ ਪ੍ਰਕਾਰ ਦੇ ਪ੍ਰਦੂਸ਼ਨ 'ਤੇ ਕੰਟਰੋਲ ਕਰਨ ਲਈ ਸਮੇਂ ਦੀ ਲੋੜ ਮੁਤਾਬਕ ਨਵੇਂ ਨਵੇਂ ਕਾਨੂੰਨ ਹੋਂਦ 'ਚ ਆਉਂਦੇ ਰਹਿੰਦੇ ਹਨ। ਇਨ੍ਹਾਂ ਨੂੰ ਲਾਗੂ ਕਰਵਾਉਣ ਦਾ ਕੰਮ ਪ੍ਰਦੂਸ਼ਨ ਬੋਰਡ ਦਾ ਹੈ। ਇਹ ਕਿੰਨੇ ਕੁ ਲਾਗੂ ਹੋ ਰਹੇ ਹਨ, ਇਹ ਸਭ ਜਾਣਦੇ ਹਨ। ਆਵਾਜ਼ ਦਾ ਪ੍ਰਦੂਸ਼ਨ ਵੱਖ-ਵੱਖ ਥਾਵਾਂ, ਸਮੇਂ 'ਤੇ ਭਿੰਨ ਹੋ ਸਕਦਾ ਹੈ। ਨਿਸਚਤ ਆਵਾਜ਼ ਤੋਂ ਉੱਪਰ ਦੇ ਆਵਾਜ਼ ਪੱਧਰ ਦੇ ਸਰੀਰਕ ਤੌਰ 'ਤੇ ਮਾੜੇ ਪ੍ਰਭਾਵ ਪੈ ਸਕਦੇ ਹਨ। ਆਵਾਜ਼ ਪੈਦਾ ਹੋਣ ਦੇ ਬਹੁਤ ਸਾਰੇ ਕਾਰਨ ਹਨ । ਸੋ ਮਜਬੂਰੀਵਸ ਕਈਆਂ ਨੂੰ ਉੱਚੀ ਆਵਾਜ਼ ਪੈਦਾ ਕਰਨ ਵਾਲੀਆਂ ਥਾਵਾਂ 'ਤੇ ਕੰਮ ਕਰਨਾ ਪੈਂਦਾ ਹੈ। ਕਈਆਂ ਦੇ ਕੰਮ ਆਵਾਜ਼ ਪੈਦਾ ਕਰਨ ਵਾਲੇ ਹੁੰਦੇ ਹਨ। ਇਲੈਕਟਰੋਨਿਕ ਟੈਕਨਾਲੋਜੀ ਨੇ ਚਾਰ ਦਹਾਕੇ ਪਹਿਲਾਂ ਦੇ ਸਾਊਂਡ ਸਿਸਟਮ ਨੂੰ ਕਿਤੇ ਪਿਛਾਂਹ ਛੱਡ ਦਿੱਤਾ ਹੈ।

ਜਿਥੇ ਸਾਨੂੰ ਸੰਵਿਧਾਨਿਕ ਤੌਰ 'ਤੇ ਮੁਢਲੇ ਅਧਿਕਾਰਾਂ ਅਨੁਸਾਰ ਆਪਣੀਆਂ ਮਰਜ਼ੀਆਂ ਕਰਨ ਦੀ ਖੁੱਲ੍ਹ /ਆਜ਼ਾਦੀ ਹੈ, ਉੱਥੇ ਸਾਨੂੰ ਇਨ੍ਹਾਂ ਅਧਿਕਾਰਾਂ ਨੂੰ ਮਾਣਨ ਸਮੇਂ ਆਪਣੇ ਫਰਜ਼ਾਂ ਦਾ ਵੀ ਧਿਆਨ ਰੱਖਣਾ ਹੁੰਦਾ ਹੈ, ਤਾਂ ਜੋ ਕਿਸੇ ਹੋਰ ਨੂੰ ਆਪਣੀ ਆਜ਼ਾਦੀ ਸਦਕਾ ਕਿਸੇ ਹੋਰ ਨੂੰ ਕਿਸੇ ਕਿਸਮ ਦੀ ਤਕਲੀਫ ਨਾ ਹੋਵੇ, ਜੋ ਕਿ ਅਕਸਰ ਰੱਖਿਆ ਨਹੀਂ ਜਾਂਦਾ। ਗਲੀਆਂ, ਮੁਹੱਲਿਆਂ ਵਿੱਚ ਆਮ ਤੌਰ 'ਤੇ ਛੋਟੇ ਸਮਾਗਮ, ਜਿਵੇਂ ਜਾਗੋ ਕੱਢਣੀ, ਜਨਮ ਦਿਨ ਪਾਰਟੀ, ਮੰਗਣੀ ਦੀ ਰਸਮ ਆਦਿ ਟੈਂਟ ਲਾ ਕੇ ਮਨਾਏ ਜਾਂਦੇ ਹਨ। ਸਮਾਗਮ ਕਰਾਉਣ ਵਾਲਾ ਆਪਣੇ-ਆਲੇ ਦੁਆਲੇ ਦੇ ਘਰਾਂ ਦੇ ਮੱਥਿਆਂ ਨੂੰ ਟੈਂਟ ਲਾ ਕੇ ਆਪਣੇ ਅਧਿਕਾਰ ਹੇਠ ਲੈ ਲੈਂਦੇ ਹਨ। ਥੋੜ੍ਹੀ ਜਿਹੀ ਜਗ੍ਹਾ ਵਿੱਚ ਹੀ ਵੱਡੇ ਸਪੀਕਰ ਰੱਖ ਕੇ ਡੀ ਜੇ ਜਾਂ ਕੋਈ ਹੋਰ ਗੀਤ ਮੰਡਲੀ ਆਦਿ ਐਨੀ ਉੱਚੀ ਆਵਾਜ਼ ਕਰਨ ਲੱਗਦੇ ਹਨ, ਜਿਵੇਂ ਕਿਸੇ ਹੋਰ ਮੁਹੱਲੇ ਤੱਕ ਆਵਾਜ਼ ਪਹੁੰਚਾਉਣੀ ਜ਼ਰੂਰੀ ਹੋਵੇ। ਰਾਤ ਦੇ ਪ੍ਰੋਗਰਾਮ 'ਚ ਗੁਆਂਢੀਆਂ ਦਾ ਸੌਣਾ ਤਾਂ ਇੱਕ ਪਾਸੇ ,ਉਂਝ ਹੀ ਐਨੀ ਉੱਚੀ ਧਮਕ ਦੇ ਨਾਲ ਘਬਰਾਹਟ ਪੈਦਾ ਹੋ ਜਾਂਦੀ ਹੈ। ਰੱਬ ਨਾ ਕਰੇ ਜੇਕਰ ਕੋਈ ਦਿਲ ਦਾ ਮਰੀਜ਼ ਗੁਆਂਢ 'ਚ ਹੋਵੇ ਤਾਂ ਉਹ ਭਲਾ ਇਸ ਮਾਹੌਲ 'ਚ ਰਹਿ ਸਕੇਗਾ । ਸੰਗੀਤ ਰੂਹ ਦੀ ਖੁਰਾਕ ਹੈ। ਸਭ ਨੂੰ ਕੋਈ ਨਾ ਕੋਈ ਸੰਗੀਤ ਪਸੰਦ ਹੁੰਦਾ ਹੈ। ਮੈਰਿਜ ਪੈਲੇਸਾਂ ਵਿੱਚ ਵਿਆਹਾਂ ਸਮੇਂ ਚਿਰਾਂ ਤੋਂ ਮਿਲਣ ਉਪਰੰਤ ਹਰੇਕ ਦਾ ਗੱਲਬਾਤ ਕਰਨ ਨੂੰ ਜੀਅ ਤਾਂ ਕਰਦਾ ਹੁੰਦਾ, ਪਰ ਸਾਊਂਡ ਸਿਸਟਮ ਦੀ ਉੱਚੀ ਧਮਕ ਵਾਲੀ ਆਵਾਜ਼ ਸਾਹਮਣੇ ਬੇਬਸ ਹੋਣਾ ਪੈਂਦਾ ਹੈ। ਹੁਣ ਤਾਂ ਸਿਰਫ ਖਾਣ-ਪੀਣ ਹੀ ਰਹਿ ਗਿਆ, ਪਹਿਲਾਂ ਦੀ ਤਰ੍ਹਾਂ ਨਿੱਘੇ ਰਿਸ਼ਤੇ ਦਿਖਾਈ ਨਹੀਂ ਦਿੰਦੇ। ਸਾਨੂੰ ਆਪਣੀ ਆਜ਼ਾਦੀ ਨੂੰ ਮਾਣਦੇ ਹੋਏ ਦੂਜਿਆਂ ਦੀ ਆਜ਼ਾਦੀ 'ਚ ਵਿਘਨ ਪਾਉਣ ਦਾ ਕੋਈ ਹੱਕ ਨਹੀਂ, ਪਰ ਕਿਤੇ ਨਾ ਕਿਤੇ ਅਸੀਂ ਅਵੇਸਲੇ ਹੋ ਕੇ ਦੂਜਿਆ ਦੇ ਠੋਸੇ, ਪਰੋਸੇ ਨੂੰ ਸਵੀਕਾਰ ਕਰ ਲੈਂਦੇ ਹਾਂ। ਉੱਚੀ ਆਵਾਜ਼ ਅਤੇ ਅਸ਼ਲੀਲ ਗੀਤਾਂ ਬਾਰੇ ਜੇਕਰ ਅਸੀਂ ਇਨ੍ਹਾਂ ਡੀ ਜੇਵਾਲਿਆਂ ਅਤੇ ਬੇਸਮਝ ਲੋਕਾਂ ਨੂੰ ਨਹੀਂ ਰੋਕਾਂਗੇ ਤਾਂ ਇਹ ਇਸੇ ਤਰ੍ਹਾਂ ਮਨਮਰਜ਼ੀਆਂ ਕਰਦੇ ਰਹਿਣਗੇ। ਆਪਣੇ ਬੱਚਿਆਂ ਦੀ ਖੁਸ਼ੀ ਲਈ ਜੇਕਰ ਇਹੋ ਜਿਹੇ ਸਮਾਗਮ ਕਰਨੇ ਵੀ ਹਨ ਤਾਂ ਹਰ ਫੈਸਲਾ ਬੱਚਿਆਂ 'ਤੇ ਵੀ ਨਾ ਛੱਡੋ, ਆਪਣੇ ਜ਼ਿੰਦਗੀ ਦੇ ਤਜਰਬੇ ਉਨ੍ਹਾਂ ਨਾਲ ਸਾਂਝੇ ਕਰ ਕੇ ਉਨ੍ਹਾਂ ਨੂੰ ਸਮਝਾ ਕੇ ਆਪਣੀ ਸੀਮਾ ਵਿੱਚ ਰਹਿ ਕੇ ਸਮਾਗਮ ਕਰਨ ਲਈ ਰਾਜ਼ੀ ਕੀਤਾ ਜਾਵੇ। ਸਾਨੂੰ ਹਰੇਕ ਸਮਾਜਿਕ ਸਮਾਗਮ ਸਮੇਂ ਧਿਆਨ ਰੱਖਣਾ ਚਾਹੀਦਾ ਹੈ ਕਿ ਕਿਤੇ ਅਸੀਂ ਸਮਾਜਿਕ ਚੰਗਿਆਈਆਂ ਨੂੰ ਬੁਰਾਈਆਂ 'ਚ ਤਾਂ ਨਹੀਂ ਬਦਲ ਰਹੇ।

# ਸੰਪਰਕ : 94635-53962

# ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਰੋਸ ਮੁਜ਼ਾਹਰੇ



ਮੁਹੰਮਦ ਅੱਬਾਸ ਧਾਲੀਵਾਲ

ਅਮਰੀਕੀ ਰਾਸ਼ਟਰਪਤੀ ਟਰੰਪ ਆਪਣੀ ਪਹਿਲੀ ਟਰਮ ਦੇ ਮੁਕਾਬਲੇ ਦੂਜੇ ਕਾਰਜਕਾਲ ਵਿੱਚ ਵਧੇਰੇ ਵਿਵਾਦਾਂ 'ਚ ਘਿਰੇ ਹੋਏ ਹਨ। ਜਦੋਂ ਤੋਂ ਟਰੰਪ ਨੇ ਆਪਣੀ ਦੂਜੀ ਟਰਮ ਦਾ ਹਲਫ਼ ਲਿਆ ਹੈ, ਉਦੋਂ ਤੋਂ ਉਹ ਆਪਣੇ ਵਿਵਾਦਤ ਬਿਆਨਾਂ ਕਾਰਨ ਲਗਾਤਾਰ ਮੀਡੀਆ ਦੀਆਂ ਸੁਰਖੀਆਂ 'ਚ ਬਣਦੇ ਚਲੇ ਆ ਰਹੇ ਹਨ। ਚਾਹੇ ਗੱਲ ਟੈਰਿਫ਼ ਦੀ ਹੋਵੇ ਜਾਂ ਵੱਖ-ਵੱਖ ਦੇਸ਼ਾਂ ਵਿਚਕਾਰ ਜੰਗਾਂ ਰੁਕਵਾਉਣ ਦੇ ਸੰਬੰਧੀ ਆਪਣੇ ਖੁਦ ਦੇ ਦਿੱਤੇ ਬਿਆਨਾਂ ਦੀ ਹੋਵੇ, ਟਰੰਪ ਘਰੇਲੂ ਤੇ ਅੰਤਰਰਾਸ਼ਟਰੀ ਮੀਡੀਆ ਦੋਵਾਂ ਵਿੱਚ ਚਰਚਾਵਾਂ ਵਿੱਚ ਬਣੇ ਰਹਿੰਦੇ ਹਨ ।

ਵੱਖ-ਵੱਖ ਨਿਊਜ਼ ਰਿਪੋਰਟਾਂ ਮੁਤਾਬਕ ਟਰੰਪ ਦੀਆਂ ਨੀਤੀਆਂ ਦੇ ਵਿਰੋਧ 'ਚ ਪਿਛਲੇ ਦਿਨੀਂ ਅਮਰੀਕਾ ਦੇ ਕਈ ਸ਼ਹਿਰਾਂ ਵਿੱਚ ਹਜ਼ਾਰਾਂ ਲੋਕ ਸੜਕਾਂ 'ਤੇ ਉਤਰ ਆਏ। ਇਹ ਪ੍ਰਦਰਸ਼ਨ ਰਾਜਧਾਨੀ ਵਾਸ਼ਿੰਗਟਨ ਡੀ ਸੀ, ਨਿਊਯਾਰਕ, ਸ਼ਿਕਾਗੋ, ਮਿਆਮੀ ਅਤੇ ਲਾਸ ਐਂਜਲਿਸ ਵਰਗੇ ਸ਼ਹਿਰਾਂ ਵਿੱਚ ਹੋਏ।ਨਿਊ ਯਾਰਕ ਸਿਟੀ ਦੇ ਪ੍ਰਸਿੱਧ ਟਾਈਮਜ਼ ਸਕਵੇਅਰ 'ਤੇ ਬੀਤੇ ਦਿਨੀਂ ਅਜਿਹੀ ਹੀ ਇੱਕ ਰੈਲੀ ਦੀ ਜਦੋਂ ਸ਼ੁਰੂਆਤ ਹੋਈ ਤਾਂ ਕੁਝ ਹੀ ਸਮੇਂ 'ਚ ਹਜ਼ਾਰਾਂ ਲੋਕ ਇਸ ਨਾਲ ਜੁੜ ਗਏ। ਸੜਕਾਂ ਅਤੇ ਸਬ-ਵੇ ਲੋਕਾਂ ਨਾਲ ਭਰੀਆਂ ਪਈਆਂ ਸਨ । ਲੋਕਾਂ ਦੇ ਹੱਥਾਂ 'ਚ ਤਖ਼ਤੀਆਂ ਸਨ, ਜਿਨ੍ਹਾਂ 'ਤੇ ਲਿਖਿਆ ਸੀ:

'ਲੋਕਤੰਤਰ ਰਾਜਤੰਤਰ ਨਹੀਂ ਹੈ ਅਤੇ ਸੰਵਿਧਾਨ ਕੋਈ ਇਖ਼ਤਿਆਰੀ ਚੀਜ਼ ਨਹੀਂ ਹੈ।' ਪ੍ਰਦਰਸ਼ਨਾਂ ਤੋਂ ਪਹਿਲਾਂ ਟਰੰਪ ਦੇ ਹਮਾਇਤੀਆਂ ਨੇ ਦੋਸ਼ ਲਾਇਆ ਕਿ ਪ੍ਰਦਰਸ਼ਨਕਾਰੀਆਂ ਦਾ ਸੰਬੰਧ ਬਾਈਂ ਪੱਖੀ ਗਰੁੱਪ ਐਂਟੀਫਾ (Antifa) ਨਾਲ ਹੈ। ਟਰੰਪ ਦੇ ਸਮਰਥਕਾਂ ਨੇ ਇਨ੍ਹਾਂ ਪ੍ਰਦਰਸ਼ਨਾਂ ਨੂੰ ਅਮਰੀਕਾ ਨਾਲ ਨਫ਼ਰਤ ਦੀ ਰੈਲੀ ਕਰਾਰ ਦਿੰਦੇ ਹੋਏ ਇਸ ਦੀ ਨਿੰਦਾ ਕੀਤੀ।

ਪ੍ਰਦਰਸ਼ਨਕਾਰੀਆਂ ਅਤੇ ਆਯੋਜਕਾਂ ਨੇ ਕਿਹਾ ਕਿ ਸਾਰੇ ਪ੍ਰਦਰਸ਼ਨ ਅਮਨਮਈ ਢੰਗ ਨਾਲ ਹੋਏ।ਆਯੋਜਕ ਗਰੁੱਪ ਨੇ ਆਪਣੀ ਵੈੱਬਸਾਈਟ 'ਤੇ ਲਿਖਿਆ ਕਿ 'ਨੋ ਕਿੰਗਜ਼' ਪ੍ਰਦਰਸ਼ਨਾਂ ਦਾ ਮੁੱਖ ਸਿਧਾਂਤ ਅਹਿੰਸਾ ਹੈ । ਉਨ੍ਹਾਂ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਸੰਭਾਵਤ ਝਗੜੇ ਤੋਂ ਬਚਣ ਦੀ ਕੋਸ਼ਿਸ਼ ਕਰਨ ।ਨਿਊ ਯਾਰਕ ਵਿਚ ਕਈ ਥਾਵਾਂ 'ਤੇ ਭੀੜ ਲਗਾਤਾਰ ਨਾਅਰੇ ਲਗਾ ਰਹੀ ਸੀ:

'ਇਹੀ ਹੈ ਅਸਲੀ ਲੋਕਤੰਤਰ ਦੀ ਤਸਵੀਰ ।' ਇਸ ਦੌਰਾਨ ਡੋਲ, ਘੰਟੀਆਂ ਅਤੇ ਹੋਰ ਆਵਾਜ਼ਾਂ ਦੀ ਗੂੰਜ ਸੁਣਾਈ ਦੇ ਰਹੀ ਸੀ। ਅਸਮਾਨ ਵਿੱਚ ਹੈਲੀਕਾਪਟਰ ਤੇ ਡਰੋਨ ਉੱਡ ਰਹੇ ਸਨ, ਜਦਕਿ ਪੁਲਸ ਸੜਕਾਂ ਦੇ ਕਿਨਾਰੇ ਤਾਇਨਾਤ ਸੀ।

ਨਿਊ ਯਾਰਕ ਪੁਲਸ ਵਿਭਾਗ ਦੇ ਅਨੁਸਾਰ ਵੱਖ-ਵੱਖ ਥਾਵਾਂ 'ਤੇ ਹੋਏ ਪ੍ਰਦਰਸ਼ਨਾਂ ਵਿੱਚ ਕੁੱਲ ਇੱਕ ਲੱਖ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਇਹ ਪ੍ਰਦਰਸ਼ਨ ਪੂਰੀ ਤਰ੍ਹਾਂ ਸ਼ਾਂਤੀਪੂਰਨ ਰਹੇ ਅਤੇ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ।ਟਾਈਮਜ਼ ਸਕਵੇਅਰ 'ਤੇ ਮੌਜੂਦ ਇੱਕ ਪੁਲਸ ਅਧਿਕਾਰੀ ਨੇ ਅੰਦਾਜ਼ਾ ਲਗਾਇਆ ਕਿ ਲਗਭਗ 20 ਹਜ਼ਾਰ ਲੋਕ 7ਵੇਂ ਐਵੇਨਿਊ 'ਤੇ ਮਾਰਚ ਕਰ ਰਹੇ ਸਨ।ਫ੍ਰੀਲਾਂਸ ਲੇਖਕਾ ਬੇਥ ਜ਼ਾਸਲਾਫ਼ ਨੇ ਕਿਹਾ ਕਿ ਉਹ ਇਸ ਪ੍ਰਦਰਸ਼ਨ ਵਿੱਚ ਇਸ ਲਈ ਸ਼ਾਮਲ ਹੋਈ, ਕਿਉਂਕਿ ਉਹ ਟਰੰਪ ਪ੍ਰਸ਼ਾਸਨ ਵਿੱਚ ਹੋ ਰਹੀਆਂ ਤਬਦੀਲੀਆਂ ਨਾਲ ਅਸੰਤੁਸ਼ਟ ਹਨ ਅਤੇ ਚਿੰਤਤ ਵੀ । ਉਨ੍ਹਾ ਦਾ ਕਹਿਣਾ ਸੀ ਕਿ ਟਰੰਪ ਸਰਕਾਰ ਦੀਆਂ ਇਹ ਤਬਦੀਲੀਆਂ ਫਾਸ਼ਿਜ਼ਮ ਅਤੇ ਤਾਨਾਸ਼ਾਹੀ ਰਾਜ ਵੱਲ ਇੱਕ ਕਦਮ ਹਨ।ਉਨ੍ਹਾਂ ਕਿਹਾ-ਮੈਨੂੰ ਨਿਊਯਾਰਕ ਸਿਟੀ ਦੀ ਬਹੁਤ ਚਿੰਤਾ ਹੈ । ਇੱਥੇ ਏਨੇ ਸਾਰੇ ਲੋਕਾਂ ਦੇ ਨਾਲ ਹੋਣਾ ਮੈਨੂੰ ਆਸ ਦਿੰਦਾ ਹੈ। ਇਹ ਵੀ ਯਾਦ ਰਹੇ ਕਿ ਵ੍ਹਾਈਟ ਹਾਊਸ ਵਾਪਸੀ ਤੋਂ ਬਾਅਦ ਟਰੰਪ ਨੇ ਰਾਸ਼ਟਰਪਤੀ ਅਧਿਕਾਰਾਂ ਦਾ ਇਸਤੇਮਾਲ ਕਰਦੇ ਹੋਏ ਕਈ ਐਗਜ਼ੀਕਿਊਟਿਵ ਆਰਡਰ ਜਾਰੀ ਕੀਤੇ ਹਨ।

ਉਨ੍ਹਾਂ ਕਾਂਗਰਸ ਤੋਂ ਪਾਸ ਕੀਤੇ ਫੰਡ ਰੋਕ ਦਿੱਤੇ, ਕੇਂਦਰ ਸਰਕਾਰ ਵਿੱਚ ਕਟੌਤੀ ਕੀਤੀ, ਕਈ ਦੇਸ਼ਾਂ 'ਤੇ ਵੱਡੇ ਵਪਾਰਕ ਟੈਰਿਫ਼ ਲਗਾਏ। ਹਾਲ ਹੀ ਦਿਨਾਂ ਵਿੱਚ ਉਨ੍ਹਾਂ ਰਾਜਪਾਲਾਂ ਦੀ ਵਿਰੋਧਤਾ ਦੇ ਬਾਵਜੂਦ ਕਈ ਸ਼ਹਿਰਾਂ ਵਿੱਚ ਨੈਸ਼ਨਲ ਗਾਰਡਜ਼ ਤਾਇਨਾਤ ਕੀਤੇ। ਰਾਸ਼ਟਰਪਤੀ ਟਰੰਪ ਦਾ ਕਹਿਣਾ ਹੈ ਕਿ ਉਨ੍ਹਾ ਦੇ ਇਹ ਕਦਮ ਸੰਕਟਗ੍ਰਸਤ ਦੇਸ਼ ਦੇ ਮੁੜ ਨਿਰਮਾਣ ਲਈ ਜ਼ਰੂਰੀ ਹਨ ।

ਇਸ ਮੌਕੇ 68 ਸਾਲਾ ਮਾਸੀਮੋ ਮਸਕੋਲੀ, ਜੋ ਨਿਊ ਜਰਸੀ ਦੇ ਰਹਿਣ ਵਾਲੇ ਇਕ ਰਿਟਾਇਰਡ ਇੰਜੀਨੀਅਰ ਹਨ ਅਤੇ ਜਿਨ੍ਹਾਂ ਦਾ ਜਨਮ ਇਟਲੀ ਵਿਚ ਹੋਇਆ ਸੀ, ਕਹਿੰਦੇ ਹਨ ਕਿ ਉਹ ਟਰੰਪ ਦੇ ਖਿਲਾਫ਼ ਇਸ ਲਈ ਪ੍ਰਦਰਸ਼ਨ ਕਰ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਅਮਰੀਕਾ ਵੀ ਉਹੀ ਰਸਤਾ ਅਪਣਾ ਰਿਹਾ ਹੈ, ਜੋ ਪਿਛਲੀ ਸਦੀ ਵਿਚ ਇਟਲੀ ਨੇ ਅਪਣਾਇਆ ਸੀ।

ਉਨ੍ਹਾ ਕਿਹਾ: ਮੈਂ ਇਟਲੀ ਦੇ ਇਕ ਹੀਰੋ ਦਾ ਭਤੀਜਾ ਹਾਂ, ਜਿਸ ਨੇ ਮੁਸੋਲਿਨੀ ਦੀ ਫੌਜ ਛੱਡ ਕੇ ਉਸ ਦੇ ਵਿਰੁੱਧ ਲੜਾਈ ਕੀਤੀ ਸੀ। ਫਾਸਿਸਟਾਂ ਨੇ ਉਸ ਨੂੰ ਤਸ਼ੱਦਦ ਕਰਕੇ ਮਾਰ ਦਿੱਤਾ ਸੀ। ਹੁਣ 80 ਸਾਲ ਬਾਅਦ, ਮੈਂ ਕਦੇ ਨਹੀਂ ਸੋਚਿਆ ਸੀ ਕਿ ਮੈਨੂੰ ਅਮਰੀਕਾ ਵਿਚ ਮੁੜ ਫਾਸ਼ਿਜ਼ਮ ਦੇਖਣਾ ਪਵੇਗਾ। ਮਸਕੋਲੀ ਖ਼ਾਸ ਤੌਰ 'ਤੇ ਟਰੰਪ ਸਰਕਾਰ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ, ਵਪਾਰਕ ਟੈਰਿਫ਼ਾਂ, ਸ਼ਹਿਰਾਂ ਵਿੱਚ ਨੈਸ਼ਨਲ ਗਾਰਡਜ਼ ਦੀ ਤਾਇਨਾਤੀ ਅਤੇ ਲੱਖਾਂ ਅਮਰੀਕੀਆਂ ਲਈ ਸਿਹਤ ਸਹੂਲਤਾਂ ਵਿੱਚ ਕਟੌਤੀ ਨੂੰ ਲੈ ਕੇ ਚਿੰਤਤ ਹਨ।

ਉਹ ਕਹਿੰਦੇ ਹਨ : ਅਸੀਂ ਹੁਣ ਸੁਪਰੀਮ ਕੋਰਟ, ਸਰਕਾਰ ਜਾਂ ਕਾਂਗਰਸ 'ਤੇ ਭਰੋਸਾ ਨਹੀਂ ਕਰ ਸਕਦੇ। ਕਾਨੂੰਨ ਬਣਾਉਣ ਵਾਲਾ, ਪ੍ਰਸ਼ਾਸਨ ਅਤੇ ਨਿਆਂ ਪ੍ਰਣਾਲੀ — ਤਿੰਨੇ ਹੀ ਅੱਜ ਅਮਰੀਕੀ ਜਨਤਾ ਦੇ ਵਿਰੁੱਧ ਖੜੇ ਹਨ। ਇਸ ਲਈ ਅਸੀਂ ਲੜ ਰਹੇ ਹਾਂ। ਸੈਨੇਟ ਵਿਚ ਘੱਟ ਗਿਣਤੀ ਨੇਤਾ ਅਤੇ ਨਿਊਯਾਰਕ ਤੋਂ ਡੈਮੋਕਰੇਟਿਕ ਨੇਤਾ ਚੱਕ ਸ਼ੂਮਰ ਵੀ ਇਸ ਪ੍ਰਦਰਸ਼ਨ ਵਿਚ ਸ਼ਾਮਲ ਹੋਏ।ਉਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਲਿਖਿਆ : ਅਮਰੀਕਾ ਵਿੱਚ ਕੋਈ ਤਾਨਾਸ਼ਾਹ ਨਹੀਂ ਹੈ ਅਤੇ ਅਸੀਂ ਟਰੰਪ ਨੂੰ ਆਪਣੀ ਲੋਕਤੰਤਰਿਕ ਪ੍ਰਣਾਲੀ ਨੂੰ ਕਮਜ਼ੋਰ ਨਹੀਂ ਕਰਨ ਦੇਵਾਂਗੇ । ਉਨ੍ਹਾ ਆਪਣੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ, ਜਿਨ੍ਹਾਂ ਵਿੱਚ ਉਨ੍ਹਾ ਇੱਕ ਤਖ਼ਤੀ ਫੜੀ ਹੋਈ ਹੈ, ਜਿਸ 'ਤੇ ਲਿਖਿਆ ਹੈ : ਸਿਹਤ ਸੰਕਟ ਦਾ ਹੱਲ ਕੱਢੋ ?

ਪੂਰੇ ਅਮਰੀਕਾ ਵਿੱਚ ਇਸੇ ਤਰ੍ਹਾਂ ਦੇ ਪ੍ਰਦਰਸ਼ਨ ਹੋ ਰਹੇ ਹਨ। ਵਾਸ਼ਿੰਗਟਨ ਡੀ ਸੀ ਵਿੱਚ ਵਰਮਾਂਟ ਤੋਂ ਸੈਨੇਟਰ ਬਰਨੀ ਸੈਂਡਰਜ਼ ਨੇ ਭਾਰੀ ਭੀੜ ਨੂੰ ਸੰਬੋਧਨ ਕੀਤਾ । ਇਸੇ ਦੌਰਾਨ ਅਮਰੀਕਾ ਤੋਂ ਇਲਾਵਾ ਯੂਰਪ ਵਿੱਚ ਵੀ ਪ੍ਰਦਰਸ਼ਨ ਹੋਏ। ਜਰਮਨੀ ਦੇ ਬਰਲਿਨ, ਸਪੇਨ ਦੇ ਮੈਡਰਿਡ ਅਤੇ ਇਟਲੀ ਦੇ ਰੋਮ ਵਿੱਚ ਪ੍ਰਦਰਸ਼ਨਕਾਰੀਆਂ ਨੇ ਆਪਣੇ ਅਮਰੀਕੀ ਸਾਥੀਆਂ ਦੇ ਸਮਰਥਨ ਵਿੱਚ ਰੈਲੀਆਂ ਕੱਢੀਆਂ। ਲੰਡਨ ਵਿੱਚ ਵੀ ਅਮਰੀਕੀ ਦੂਤਾਵਾਸ ਦੇ ਬਾਹਰ ਸੈਂਕੜੇ ਪ੍ਰਦਰਸ਼ਨਕਾਰੀ ਇਕੱਠੇ ਹੋਏ।

ਕੈਨੇਡਾ ਦੇ ਟੋਰਾਂਟੋ ਵਿੱਚ ਅਮਰੀਕੀ ਕੌਂਸਲੇਟ ਦੇ ਬਾਹਰ ਪ੍ਰਦਰਸ਼ਨਕਾਰੀਆਂ ਨੇ "Hands Off Canada ਵਰਗੇ ਨਾਅਰੇ ਲਿਖੀਆਂ ਤਖ਼ਤੀਆਂ ਲਹਿਰਾਈਆਂ।ਦੂਜੇ ਪਾਸੇ, ਫਾਕਸ ਨਿਊਜ਼ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਟਰੰਪ ਨੇ ਪ੍ਰਦਰਸ਼ਨਾਂ 'ਤੇ ਆਪਣੀ ਪ੍ਰਤੀਕ੍ਰਿਆ ਦਿੱਤੀ ।

ਟਰੰਪ ਨੇ ਕਲਿੱਪ ਵਿੱਚ ਕਿਹਾ: ਇੱਕ ਬਾਦਸ਼ਾਹ! ਇਹ ਕੋਈ ਮਜ਼ਾਕ ਨਹੀਂ ਹੈ ? ਤੁਸੀਂ ਜਾਣਦੇ ਹੋ, ਉਹ ਮੈਨੂੰ ਬਾਦਸ਼ਾਹ ਕਹਿ ਰਹੇ ਹਨ। ਮੈਂ ਕੋਈ ਬਾਦਸ਼ਾਹ ਨਹੀਂ ਹਾਂ ? ਹੁਣ ਆਉਣ ਵਾਲੇ ਸਮੇਂ ਵਿੱਚ ਇਹ ਵੇਖਣਾ ਕਾਫ਼ੀ ਦਿਲਚਸਪ ਹੋਵੇਗਾ ਕਿ ਉਕਤ ਵਿਰੋਧ ਪ੍ਰਦਰਸ਼ਨਾਂ ਦਾ ਟਰੰਪ 'ਤੇ ਕੀ ਪ੍ਰਭਾਵ ਪੈਂਦਾ ਹੈ ਅਤੇ ਇਨ੍ਹਾਂ ਮੁਜ਼ਾਹਰਿਆਂ ਦੇ ਕੀ ਨਤੀਜੇ ਨਿਕਲਦੇ ਹਨ।

ਸੰਪਰਕ : 98552-59650

29-OCT-PAGE-5.qxd 10/28/2025 9:10 PM Page 1



# ਸਹਾਇਕ ਸਿਵਲ ਸਰਜਨ ਖ਼ਿਲਾਫ਼ ਸਿਹਤ ਮੁਲਾਜ਼ਮਾਂ ਸਮੇਤ ਜਥੇਬੰਦੀਆਂ ਵੱਲੋਂ ਰੋਸ ਧਰਨਾ



**ਮਾਨਸਾ (ਆਤਮਾ ਸਿੰਘ ਪਮਾਰ)**-ਦਫ਼ਤਰ ਸਿਵਲ ਸਰਜਨ ਮਾਨਸਾ ਵਿਖੇ ਤੈਨਾਤ ਡਾ. ਰਵਿੰਦਰ ਸਿੰਗਲਾ, ਸਹਾਇਕ ਸਿਵਲ ਸਰਜਨ ਦੇ ਮਾੜੇ ਤੇ ਅੜੀਅਲ ਰਵੱਈਏ ਕਾਰਨ ਸਮੂਹ ਸਿਹਤ ਮੁਲਾਜ਼ਮ ਜਥੇਬੰਦੀਆਂ ਤੇ ਭਰਾਤਰੀ ਜਥੇਬੰਦੀਆਂ ਨੇ ਸਿਵਲ ਸਰਜਨ ਦਫ਼ਤਰ ਵਿਖੇ ਸਿਹਤ ਮੁਲਾਜ਼ਮ ਤਾਲਮੇਲ ਕਮੇਟੀ ਦੇ ਬੈਨਰ ਹੇਠ ਵਿਸ਼ਾਲ ਰੋਸ ਧਰਨਾ ਲਗਾ ਕੇ ਦਫ਼ਤਰੀ ਕੰਮਕਾਜ ਠੱਪ ਰੱਖਿਆ। ਰੋਸ ਪ੍ਰਦਰਸ਼ਨ ਡਾ. ਸਿੰਗਲਾ ਵੱਲੋਂ ਲੰਬੇ ਸਮੇਂ ਤੋਂ ਦਫ਼ਤਰੀ ਸਟਾਫ਼ ਨਾਲ ਦੁਰਵਿਹਾਰ ਕਰਨ ਤੇ ਦਫ਼ਤਰੀ ਕੰਮਾਂ ਦਾ ਸਮੇਂ ਸਿਰ ਨਿਪਟਾਰਾ ਨਾ ਕਰਨ ਦੇ ਵਿਰੋਧ 'ਚ ਕੀਤਾ ਗਿਆ।ਸਿਵਲ ਸਰਜਨ ਦਫ਼ਤਰ ਸਟਾਫ਼ ਆਗੂ ਪ੍ਰਤਾਪ ਸਿੰਘ, ਸੰਦੀਪ ਸਿੰਘ, ਅਵਤਾਰ ਸਿੰਘ, ਜਗਦੇਵ ਸਿੰਘ ਆਦਿ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਅਧਿਕਾਰੀ ਦੇ ਮਾੜੇ ਰਵੱਈਏ ਸਬੰਧੀ ਕਾਰਜਕਾਰੀ ਸਿਵਲ ਸਰਜਨ, ਮਾਨਸਾ ਨੂੰ ਪਹਿਲਾਂ ਵੀ ਕਈ ਵਾਰ ਜਾਣੂ ਕਰਵਾਇਆ ਗਿਆ ਸੀ ਤੇ ਲਿਖਤੀ ਕਾਰਵਾਈ ਦਾ ਫ਼ੈਸਲਾ ਵੀ ਲਿਆ ਗਿਆ ਸੀ, ਪਰ ਕੋਈ ਕਾਰਵਾਈ ਨਾ ਹੋਣ ਕਾਰਨ ਮਜਬੂਰਨ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਧਰਨਾ ਲਗਾਉਣਾ ਪਿਆ।

ਪੈਨਸ਼ਨਰਜ਼ ਐਸੋਸੀਏਸ਼ਨ ਦੇ ਆਗੂ ਸਿਕੰਦਰ ਸਿੰਘ ਘਰਾਗਣਾ, ਕੇਵਲ ਸਿੰਘ, ਲੱਖਨ ਲਾਲ, ਬਿੱਕਰ ਸਿੰਘ ਮੰਘਾਣੀਆ ਆਦਿ ਨੇ ਦੋਸ਼ ਲਾਇਆ ਕਿ ਡਾ. ਸਿੰਗਲਾ ਦੀ ਡਿਊਟੀ ਲੱਗਣ ਦੇ 20 ਦਿਨ ਬੀਤ ਜਾਣ ਦੇ ਬਾਵਜੂਦ ਉਨ੍ਹਾਂ ਵੱਲੋਂ ਵੱਖ-ਵੱਖ ਵਿਭਾਗਾਂ ਦੇ ਰਿਟਾਇਰੀ ਤੇ ਮੌਜੂਦਾ ਕਰਮਚਾਰੀਆਂ ਦੇ ਮੈਡੀਕਲ ਰੀਇੰਬਰਸਮੈਂਟ ਬਿੱਲਾਂ ਦਾ ਨਿਪਟਾਰਾ ਨਹੀਂ ਜਾਂਦਾ, ਜਿਸ ਕਾਰਨ ਵੱਡੀ ਗਿਣਤੀ ਵਿੱਚ ਬਿੱਲ ਪੈਂਡਿੰਗ ਪਏ ਹਨ, ਜਿਸ ਨਾਲ ਦਫ਼ਤਰ ਤੇ ਸਿਹਤ ਵਿਭਾਗ ਦਾ ਅਕਸ ਖ਼ਰਾਬ ਹੋ ਰਿਹਾ ਹੈ।ਸਿਹਤ ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਅਣਗਹਿਲੀ ਕਾਰਨ ਆਮ ਜਨਤਾ ਦੇ ਜ਼ਰੂਰੀ ਕੰਮ ਜਿਵੇਂ ਕਿ ਕਰੋਨਿਕ ਡਿਜੀਜ਼ ਤੇ ਅਪੰਗਤਾ ਸਰਟੀਫਿਕੇਟ ਵੀ ਸਮੇਂ ਸਿਰ ਨਹੀਂ ਬਣ ਰਹੇ।ਇਸ ਮੌਕੇ ਪਵਨ ਕੁਮਾਰ ਫੱਤੇਵਾਲੀਆ, ਅਵਤਾਰ ਸਿੰਘ, ਜਗਦੀਸ਼ ਸਿੰਘ, ਗੁਰਪ੍ਰੀਤ ਸਿੰਘ, ਅਮਰਜੀਤ ਸਿੰਘ, ਜਸਵੰਤ ਸਿੰਘ, ਰੰਗਾ ਰਾਮ, ਪੰਮੀ ਕੌਰ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਇਸ ਸਬੰਧੀ ਦਫ਼ਤਰ ਦੇ ਇੱਕ ਸੀਨੀਅਰ ਅਧਿਕਾਰੀ ਵੱਲੋਂ ਸਾਡੇ ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਕਤ ਮਾਮਲੇ ਸਬੰਧੀ ਮਹਿਕਮੇ ਦੇ ਉੱਚ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ।ਰੋਸ ਧਰਨੇ ਦੌਰਾਨ ਮੌਕੇ ਦੇ ਇੰਚਾਰਜ ਸਿਵਲ ਸਰਜਨ ਵੱਲੋਂ ਧਰਨੇ 'ਚ ਆ ਕੇ ਧਰਨਾਕਾਰੀਆਂ ਨਾਲ ਗੱਲਬਾਤ ਕੀਤੀ।ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਜਥੇਬੰਦੀਆਂ ਨੂੰ ਤੁਰੰਤ ਡਿਪਟੀ ਕਮਿਸ਼ਨਰ ਮਾਨਸਾ ਨਾਲ ਮੀਟਿੰਗ ਲਈ ਬੁਲਾਇਆ ਗਿਆ ਤਾਂ ਜੋ ਇਸ ਮਸਲੇ ਦਾ ਸਥਾਈ ਹੱਲ ਕੱਢਿਆ ਜਾ ਸਕੇ। ਧਰਨੇ 'ਚ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ, ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ, ਮਾਸ ਮੀਡੀਆ ਐਸੋਸੀਏਸ਼ਨ, ਐੱਨ ਐੱਚ ਐੱਮ ਯੂਨੀਅਨ, ਐਬ ਟੈਕਨੀਸ਼ੀਅਨ ਯੂਨੀਅਨ, ਸੀ ਐੱਚ ਓ ਐਸੋਸ਼ੀਏਸ਼ਨ, ਸੀ ਪੀ ਐੱਫ ਯੂਨੀਅਨ, ਡੀ ਸੀ ਦਫਤਰ ਇੰਪਲਾਈਜ਼ ਯੂਨੀਅਨ, ਉਪ ਵੈਦ ਐਸੋਸੀਏਸ਼ਨ, ਫਾਰਮੇਸੀ ਐਸੋਸੀਏਸ਼ਨ, ਵਾਟਰ ਸਪਲਾਈ ਤੇ ਸੈਨੀਟੇਸ਼ਨ ਐਸੋਸੀਏਸ਼ਨ, ਦਰਜਾ ਚਾਰ ਐਸੋਸੀਏਸ਼ਨ, ਰਿਟਾਇਰਡ ਪੈਨਸ਼ਨਰ ਐਸੋਸੀਏਸ਼ਨ, ਤਰਕਸ਼ੀਲ ਸੁਸਾਇਟੀ, ਆਸ਼ਾ ਵਰਕਰ ਯੂਨੀਅਨ ਦੇ ਵਰਕਰ ਤੇ ਆਗੂ ਵੀ ਵੱਡੀ ਗਿਣਤੀ 'ਚ ਹਾਜ਼ਰ ਸਨ।

# ਸਰਕਾਰ ਵਣ ਵਰਕਰਾਂ ਨੂੰ ਪੱਕੇ ਕਰਨ 'ਚ ਲਾਈਆਂ ਬੇਤੁਕੀਆਂ ਸ਼ਰਤਾਂ ਹਟਾਵੇ : ਉੱਡਤ

**ਜੰਗਲਾਤ ਵਿਭਾਗ ਫੀਲਡ ਵਰਕਰ ਯੂਨੀਅਨ ਦਾ ਵਫ਼ਦ ਵਣ ਮੰਡਲ ਅਫ਼ਸਰ ਨੂੰ ਮਿਲਿਆ**



**ਮਾਨਸਾ (ਆਤਮਾ ਸਿੰਘ ਪਮਾਰ)**-ਜੰਗਲਾਤ ਵਿਭਾਗ ਫੀਲਡ ਵਰਕਰ ਯੂਨੀਅਨ ਜ਼ਿਲ੍ਹਾ ਇਕਾਈ ਮਾਨਸਾ ਦਾ ਇੱਕ ਅਹਿਮ ਵਫਦ ਵਣ ਮੰਡਲ ਅਫਸਰ ਪਵਨ ਸ੍ਰੀ ਧਰ ਨੂੰ ਮਿਲਿਆ। ਇਸ ਸਮੇਂ ਵਰਕਰਾਂ ਦੀਆਂ ਰਹਿੰਦੀਆਂ ਤਨਖਾਹਾਂ, ਸੀਨੀਆਰਤਾ ਸੂਚੀ, ਲੋੜੀਂਦੇ ਸੰਦ, ਵਰਦੀਆਂ ਆਦਿ ਮੰਗਾਂ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਸੀਨੀਅਰ ਟਰੇਡ ਯੂਨੀਅਨ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਬਦਲਾਅ ਦੇ ਨਾਮ 'ਤੇ ਸੱਤਾ ਵਿੱਚ ਆਈ ਪੰਜਾਬ ਦੀ ਮਾਨ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਿਤ ਹੋ ਚੁੱਕੀ ਹੈ ਤੇ ਆਮ ਲੋਕ ਆਪਣੇ ਆਪ ਨੂੰ ਠੱਗੇ ਹੋਏ ਮਹਿਸੂਸ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਜੰਗਲਾਤ ਕਾਮਿਆਂ ਨੂੰ ਬਿਨਾਂ ਸ਼ਰਤ ਰੈਗੂਲਰ ਕਰਨ ਦੀ ਗਰੰਟੀ ਦਿੱਤੀ ਸੀ, ਜੋ ਸੱਤਾ ਵਿੱਚ ਆਉਣ ਦੇ ਲਗਭਗ ਚਾਰ ਸਾਲ ਬੀਤਣ ਦੇ ਬਾਵਜੂਦ ਪੂਰੀ ਨਹੀਂ ਹੋਈ।ਉਨ੍ਹਾਂ ਕਿਹਾ ਕਿ ਜੋ ਥੋੜ੍ਹੀ ਗਿਣਤੀ ਵਿੱਚ ਵਰਕਰ ਰੈਗੂਲਰ ਕੀਤੇ ਜਾ ਰਹੇ ਹਨ, ਉਨ੍ਹਾਂ 'ਤੇ ਤਮਾਮ ਤਰ੍ਹਾਂ ਦੀਆਂ ਸ਼ਰਤਾਂ ਲਾਗੂ ਕੀਤੀਆਂ ਹਨ, ਜਿਨ੍ਹਾਂ ਨੂੰ ਬਿਨਾਂ ਦੇਰੀ ਹਟਾਇਆ ਜਾਵੇ।ਉੱਡਤ ਨੇ ਕਿਹਾ ਕਿ ਮਾਨ ਸਰਕਾਰ ਦੀ ਮਜ਼ਦੂਰ ਵਰਗ ਪ੍ਰਤੀ ਬੇਰੁਖੀ ਦਾ ਖ਼ਮਿਆਜ਼ਾ ਉਨ੍ਹਾਂ ਨੂੰ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਭੁਗਤਣਾ ਪਵੇਗਾ।

ਮੀਟਿੰਗ ਵਿੱਚ ਵਣ ਰੇਂਜ ਅਫਸਰ ਮਾਨਸਾ, ਸੁਖਦੇਵ ਸਿੰਘ ਖੜਕ ਸਿੰਘ ਵਾਲਾ ਤੇ ਰੇਂਜ ਅਫਸਰ ਹਰਦਿਆਲ ਸਿੰਘ ਵੀ ਹਾਜ਼ਰ ਸਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬੀ ਸੁਖਦੇਵ ਸਿੰਘ ਦਲੇਲਵਾਲਾ, ਕੁਲਵਿੰਦਰ ਸਿੰਘ ਚਾਹਿਲਾਂਵਾਲਾ, ਮੱਖਣ ਸਿੰਘ ਮਾਖਾ, ਜਸਪਾਲ ਸਿੰਘ ਰਿਹਲ, ਕੇਵਲ ਸਿੰਘ ਦਾਤੇਵਾਸ, ਭੋਲਾ ਸਿੰਘ ਰਾਮਾਨੰਦੀ, ਜਗਤਾਰ ਸਿੰਘ ਥੋੜਾ, ਗੁਰਦੀਪ ਸਿੰਘ ਚੱਕ ਭਾਈਕੇ, ਬੁੱਧ ਸਿੰਘ ਬੋਰੇਕੇ ਆਦਿ ਹਾਜ਼ਰ ਸਨ।

# ਟਰਾਈਡੈਂਟ ਗਰੁੱਪ ਵੱਲੋਂ ਫ੍ਰੀ ਮੈਗਾ ਮੈਡੀਕਲ ਕੈਂਪ 2025 ਅੱਜ ਹੋਵੇਗਾ ਸ਼ੁਰੂ

**ਬਰਨਾਲਾ (ਰਾਜਿੰਦਰ ਬਰਾੜ)**-ਸਿਹਤਮੰਦ ਸਮਾਜ ਦੀ ਸਿਰਜਣਾ ਵੱਲ ਇਕ ਹੋਰ ਮਹੱਤਵਪੂਰਨ ਕਦਮ ਚੁੱਕਦਿਆਂ, ਟਰਾਈਡੈਂਟ ਗਰੁੱਪ ਵੱਲੋਂ ਫ੍ਰੀ ਮੈਗਾ ਮੈਡੀਕਲ ਕੈਂਪ 2025 ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਮੁਹਿੰਮ ਦੇ ਪ੍ਰੇਰਕ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਤੇ ਰਾਜ ਸਭਾ ਮੈਂਬਰ ਪਦਮਸ੍ਰੀ ਰਜਿੰਦਰ ਗੁਪਤਾ ਤੇ ਸੀ.ਐੱਸ.ਆਰ ਹੈੱਡ ਮੈਡਮ ਮਧੂ ਗੁਪਤਾ ਹਨ, ਜਿਨ੍ਹਾਂ ਦੀ ਦੂਰਦਰਸ਼ੀ ਸੋਚ ਤੇ ਸਮਾਜ ਸੇਵਾ ਪ੍ਰਤੀ ਸਮਰਪਿਤ ਭਾਵਨਾ ਹੀ ਇਸ ਉਪਰਾਲੇ ਦਾ ਆਧਾਰ ਹੈ।ਕੈਂਪ ਦਾ ਉਦਘਾਟਨ ਡਿਪਟੀ ਕਮਿਸ਼ਨਰ ਟੀ. ਬੈਨਿਥ ਵੱਲੋਂ ਕੀਤਾ ਜਾਵੇਗਾ।ਇਹ ਕੈਂਪ 29 ਅਕਤੂਬਰ ਤੋਂ 5 ਦਸੰਬਰ ਤੱਕ ਚੱਲੇਗਾ, ਜਿਸ ਦੌਰਾਨ ਹਫ਼ਤੇ ਵਿੱਚ ਤਿੰਨ ਦਿਨ ਮਰੀਜ਼ਾਂ ਦੀ ਜਾਂਚ ਕੀਤੀ ਜਾਵੇਗੀ ਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ।ਟਰਾਈਡੈਂਟ ਗਰੁੱਪ ਦੇ ਐਡਮਿਨ ਹੈੱਡ ਸ੍ਰੀ ਰੁਪਿੰਦਰ ਗੁਪਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਕੈਂਪ ਕਲਚਰਲ ਸੈਂਟਰ, ਟਰਾਈਡੈਂਟ ਕੰਪਲੈਕਸ ਦੇ ਸਾਹਮਣੇ, ਰਾਏਕੋਟ ਰੋਡ, ਬਰਨਾਲਾ ਵਿਖੇ ਲੱਗ ਰਿਹਾ ਹੈ।ਕੈਂਪ 29, 30, 31 ਅਕਤੂਬਰ, 6, 7, 8 ਨਵੰਬਰ, 12, 13, 14 ਨਵੰਬਰ, 19, 20, 21 ਨਵੰਬਰ, 26, 27, 28 ਨਵੰਬਰ ਤੇ 3, 4, 5 ਦਸੰਬਰ ਨੂੰ ਲੱਗੇਗਾ।

ਕੈਂਪ ਦੌਰਾਨ ਸੀ.ਐੱਮ.ਸੀ. ਹਸਪਤਾਲ ਲੁਧਿਆਣਾ ਦੇ ਮਾਹਿਰ ਡਾਕਟਰਾਂ ਦੀ ਟੀਮ ਮਰੀਜ਼ਾਂ ਨੂੰ ਆਮ ਸਿਹਤ ਜਾਂਚ, ਮਾਹਿਰ ਡਾਕਟਰੀ ਸਲਾਹ, ਡੈਂਟਲ ਸਕਰੀਨਿੰਗ, ਫਿਲਿੰਗ ਤੇ ਐਕਸਟ੍ਰੈਕਸ਼ਨ, ਡਾਇਗਨੋਸਟਿਕ ਟੈਸਟ, ਮੁਫ਼ਤ ਦਵਾਈਆਂ, ਐਕਸ-ਰੇ, ਈ.ਸੀ.ਜੀ, ਮੋਤੀਆ ਬਿੰਦ ਦੀ ਜਾਂਚ, ਅੱਖਾਂ ਦੀ ਪੂਰੀ ਤਰ੍ਹਾਂ ਜਾਂਚ ਤੇ ਮੁਫ਼ਤ ਚਸ਼ਮਿਆਂ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ।ਮਰੀਜ਼ਾਂ ਦੀ

**ਡੀ ਸੀ ਟੀ ਬੈਨਿਥ ਕਰਨਗੇ ਉਦਘਾਟਨ**



ਰਜਿਸਟ੍ਰੇਸ਼ਨ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਕੀਤੀ ਜਾਵੇਗੀ, ਤਾਂ ਜੁ ਹਰ ਮਰੀਜ਼ ਨੂੰ ਸਮੇਂ ਸਿਰ ਸੇਵਾ ਮਿਲ ਸਕੇ।ਫ੍ਰੀ ਮੈਗਾ ਮੈਡੀਕਲ ਕੈਂਪ 2025 ਵਿੱਚ ਸੀ.ਐੱਮ.ਸੀ. ਲੁਧਿਆਣਾ ਦੇ ਮਾਹਿਰਾਂ ਦੀ 65 ਮੈਂਬਰੀ ਟੀਮ ਸੇਵਾਵਾਂ ਦੇਵੇਗੀ।ਟੀਮ 'ਚ 22 ਡਾਕਟਰ ਅੱਖਾਂ ਦੀ ਜਾਂਚ, ਮੁਫ਼ਤ ਮੋਤੀਆਬਿੰਦ ਆਪ੍ਰੇਸ਼ਨ, ਚਸ਼ਮਿਆਂ ਦੀ ਵੰਡ, ਦੰਦਾਂ ਦੀ ਪੂਰੀ ਜਾਂਚ, ਸਕੇਲਿੰਗ, ਫਿਲਿੰਗ ਅਤੇ ਐਕਸਟ੍ਰੈਕਸ਼ਨ ਦੇ ਨਾਲ-ਨਾਲ ਖੂਨ ਦੀ ਵੱਖ-ਵੱਖ ਡਾਇਗਨੋਸਟਿਕ ਟੈਸਟਾਂ ਦੇ ਇਲਾਵਾ 16 ਮੈਡੀਸਨ ਸਪੈਸ਼ਲਿਸਟ ਡਾਕਟਰਾਂ ਵੱਲੋਂ ਚਮੜੀ, ਨੱਕ, ਕੰਨ ਤੇ ਮਹਿਲਾ ਰੋਗਾਂ ਦੀ ਜਾਂਚ ਅਤੇ ਇਲਾਜ ਕੀਤਾ ਜਾਵੇਗਾ।

ਈ.ਸੀ.ਜੀ. ਤੇ ਐਕਸ-ਰੇ ਟੈਸਟ ਵੀ ਪੂਰੀ ਤਰ੍ਹਾਂ ਮੁਫ਼ਤ ਕੀਤੇ ਜਾਣਗੇ।ਵੱਧ ਤੋਂ ਵੱਧ ਲਾਭ ਉਠਾਉਣ ਬਰਨਾਲਾ ਵਾਸੀ ਟਰਾਈਡੈਂਟ ਗਰੁੱਪ ਵੱਲੋਂ ਮੁਫ਼ਤ ਮੈਡੀਕਲ ਕੈਂਪ ਪ੍ਰਤੀ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਕੀਤਾ ਜਾ ਰਿਹਾ ਇਹ ਉਪਰਾਲਾ ਲੋਕ ਭਲਾਈ ਦੀ ਦਿਸ਼ਾ ਵਿੱਚ ਇਕ ਮਹੱਤਵਪੂਰਨ ਕਦਮ ਹੈ।ਇਸ ਮੌਕੇ ਟਰਾਈਡੈਂਟ ਗਰੁੱਪ ਤੇ ਸੀ.ਐੱਮ.ਸੀ. ਹਸਪਤਾਲ ਲੁਧਿਆਣਾ ਦੀ ਟੀਮ ਵੱਲੋਂ ਬਰਨਾਲਾ ਜ਼ਿਲ੍ਹੇ ਦੇ ਨਾਲ-ਨਾਲ ਆਲੇ-ਦੁਆਲੇ ਦੇ ਇਲਾਕਿਆਂ ਦੇ ਨਿਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਮੁਫ਼ਤ ਮੈਡੀਕਲ ਕੈਂਪ ਵਿੱਚ ਵੱਧ ਤੋਂ ਵੱਧ ਗਿਣਤੀ 'ਚ ਸ਼ਮੂਲੀਅਤ ਕਰਦੇ ਹੋਏ ਆਪਣੀ ਸਿਹਤ ਦੀ ਪੂਰੀ ਜਾਂਚ ਮੁਫ਼ਤ ਕਰਵਾਉਣ ਅਤੇ ਉੱਚ ਪੱਧਰੀ ਫ੍ਰੀ ਇਲਾਜ ਸਹੂਲਤਾਂ ਦਾ ਲਾਭ ਚੁੱਕਣ।

## ਕਾਤਰਾਂ

### ਸ਼ਿਕਾਇਤ ਨੰਬਰ 1912 ਸਰਕਾਰ ਦੇ ਵਾਅਦਿਆਂ ਨੂੰ ਕਰ ਰਿਹੈ ਖੋਖਲਾ

**ਲੁਧਿਆਣਾ (ਰਾਜ ਸਿੰਗਲਾ)**-ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨੂੰ ਸਹੂਲਤਾਂ ਦੇਣ ਲਈ ਬਿਜਲੀ ਬੋਰਡ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਟੋਲ ਫਰੀ ਨੰਬਰ 1912 ਲੋਕਾਂ ਦੀਆਂ ਸ਼ਿਕਾਇਤਾਂ ਸੁਲਝਾਉਣ ਦੀ ਬਜਾਏ ਉਲਝਾਉਣ ਵਿੱਚ ਲੱਗਿਆ ਹੋਇਆ ਹੈ। ਉਥੇ ਬੈਠੇ ਅਧਿਕਾਰੀ ਸ਼ਿਕਾਇਤਕਰਤਾ ਦੀ ਸ਼ਿਕਾਇਤ ਨੂੰ ਉੜਤਾ ਪੰਜਾਬ ਹੀ ਸਮਝੀ ਬੈਠੇ ਹਨ। ਸ਼ਿਕਾਇਤਕਰਤਾ ਦੀ ਸ਼ਿਕਾਇਤ ਲੁਧਿਆਣੇ ਦੀ ਬਜਾਏ ਜਗਰਾਓਂ ਹੀ ਭੇਜ ਦਿੰਦੇ ਹਨ। ਇਸ ਸਬੰਧੀ ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਨੂੰ ਧਿਆਨ ਦੇਣ ਦੀ ਜ਼ਰੂਰਤ ਹੈ ਤਾਂ ਜੋ ਕਿ ਸਰਕਾਰ ਦੀਆਂ ਸਹੂਲਤਾਂ ਦਾ ਆਮ ਲੋਕਾਂ ਨੂੰ ਪੂਰਾ ਫਾਇਦਾ ਮਿਲ ਸਕੇ।

### ਨੌਜਵਾਨ ਨੇ ਸਿਵਲ ਹਸਪਤਾਲ 'ਚ ਕੀਤੀ ਖੁਦਕੁਸ਼ੀ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਸਿਵਲ ਹਸਪਤਾਲ ਫ਼ਤਹਿਗੜ੍ਹ ਵਿਖੇ ਦਾਖਲ ਇੱਕ ਨੌਜਵਾਨ ਵੱਲੋਂ ਬੀਤੇ ਰਾਤ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕੀਤੇ ਜਾਣ ਦਾ ਸਮਾਚਾਰ ਹੈ। ਮਾਮਲੇ ਦੀ ਜਾਂਚ ਕਰ ਰਹੇ ਥਾਣਾ ਫ਼ਤਹਿਗੜ੍ਹ ਸਾਹਿਬ ਦੇ ਸਹਾਇਕ ਥਾਣੇਦਾਰ ਰਜਿੰਦਰ ਸਿੰਘ ਨੇ ਦੱਸਿਆ ਕਿ ਪਰਗਟ ਸਿੰਘ ਵਾਸੀ ਮੰਡੀ ਗੋਬਿੰਦਗੜ੍ਹ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਦਾਖਲ ਸੀ, ਜਿਸ ਦੀ ਲਾਸ਼ ਭੇਤਭਰੇ ਹਾਲਤਾਂ ਵਿੱਚ ਹਸਪਤਾਲ ਦੇ ਇੱਕ ਪ੍ਰਾਈਵੇਟ ਰੂਮ ਵਿੱਚ ਛੱਤ ਨਾਲ ਲਟਕਦੀ ਮਿਲੀ ਹੈ।ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਵਾਰਸਾਂ ਦੇ ਬਿਆਨ ਦਰਜ ਕਰਨ ਉਪਰੰਤ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਪ੍ਰਗਟ ਸਿੰਘ (31) ਇੱਕ ਨਿੱਜੀ ਫਾਈਨਾਂਸ ਕੰਪਨੀ 'ਚ ਮੈਨੇਜਰ ਦੇ ਅਹੁਦੇ 'ਤੇ ਤਾਇਨਾਤ ਸੀ, ਜੋ ਕਿ 25 ਅਕਤੂਬਰ ਨੂੰ ਕਿਸੇ ਲੜਾਈ ਝਗੜੇ ਵਿੱਚ ਸੱਟਾਂ ਲੱਗਣ ਕਾਰਨ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਦਾਖਲ ਹੋਇਆ ਦੱਸਿਆ ਜਾਂਦਾ ਹੈ, ਪਰ ਬੀਤੀ ਰਾਤ ਅਚਾਨਕ ਉਸ ਵੱਲੋਂ ਹਸਪਤਾਲ 'ਚ ਆਪਣੀ ਜੀਵਨ ਲੀਲ੍ਹਾ ਖਤਮ ਕਰ ਲੈਣ ਦਾ ਫ਼ੈਸਲਾ ਕਿਉਂ ਲਿਆ ਗਿਆ, ਇਸ ਬਾਰੇ ਹਾਲੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਮਿਲ ਸਕੀ।

### ਸਕਿਉਰਟੀ ਐਂਡ ਇੰਟੈਲੀਜੈਂਸ ਸਰਵਿਸਿਜ਼ ਇੰਡੀਆ ਲਿਮ: ਕੰਪਨੀ ਵੱਲੋਂ ਪਲੇਸਮੈਂਟ ਕੈਂਪ 31 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਸਕਿਉਰਟੀ ਐਂਡ ਇੰਟੈਲੀਜੈਂਸ ਸਰਵਿਸਿਜ਼ ਇੰਡੀਆ ਲਿਮ: ਕੰਪਨੀ ਨਾਲ ਤਾਲਮੇਲ ਕਰਕੇ 31 ਅਕਤੂਬਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਰੋਜ਼ਗਾਰ ਦਫ਼ਤਰ ਵਿਖੇ ਇੱਕ ਪਲੇਸਮੈਂਟ ਕੈਂਪ ਲਾਇਆ ਜਾ ਰਿਹਾ ਹੈ।ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ, ਸ਼੍ਰੀਮਤੀ ਸਿੰਪੀ ਸਿੰਗਲਾ ਨੇ ਦੱਸਿਆ ਕਿ ਕੰਪਨੀ ਵੱਲੋਂ ਸਕਿਉਰਟੀ ਗਾਰਡ (ਕੇਵਲ ਲੜਕੇ) ਦੀ ਅਸਾਮੀ ਲਈ ਇੰਟਰਵਿਊ ਲਈ ਜਾਵੇਗੀ, ਜਿਸ ਲਈ ਪ੍ਰਾਰਥੀ ਦੀ ਵਿੱਦਿਅਕ ਯੋਗਤਾ ਘੱਟੋ-ਘੱਟ 10ਵੀਂ ਪਾਸ ਹੋਣੀ ਚਾਹੀਦੀ ਹੈ।ਇਸ ਤੋਂ ਇਲਾਵਾ ਉਮਰ 19 ਤੋਂ 40 ਸਾਲ ਹੋਣੀ ਚਾਹੀਦੀ ਹੈ।ਇਸ ਲਈ ਕੱਦ 168 ਸੈਂਟੀਮੀਟਰ ਤੇ ਭਾਰ 56 ਤੋਂ 90 ਕਿਲੋਗ੍ਰਾਮ ਹੋਣਾ ਚਾਹੀਦਾ ਹੈ।ਚਾਹਵਾਨ ਤੇ ਯੋਗ ਪ੍ਰਾਰਥੀ ਰਜਿਊਮ ਅਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ 'ਚ ਭਾਗ ਲੈ ਸਕਦੇ ਹਨ।ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ ਅਤੇ ਡੀ.ਏ ਦੇਣ ਯੋਗ ਨਹੀਂ ਹੋਵੇਗਾ।

# ਬੀ ਕੇ ਯੂ ਏਕਤਾ ਮਲਵਈ ਨੇ ਨਹੀਂ ਹੋਣ ਦਿੱਤੀ ਘਰ ਦੀ ਕੁਰਕੀ



**ਦਿੜ੍ਹਬਾ (ਜਸਵੀਰ ਲਾਡੀ)**-ਪਿਛਲੇ ਦਿਨੀਂ ਸਟੇਟ ਬੈਂਕ ਆਫ ਇੰਡੀਆ ਵੱਲੋਂ ਬਾਬਾ ਪਰਮਾਨੰਦ ਕਲੋਨੀ ਸੁਨਾਮ ਵਿਖੇ ਇੱਕ ਗਰੀਬ ਪਰਵਾਰ ਦੇ ਘਰ ਦੀ ਕੁਰਕੀ ਕਰਨ ਦਾ ਨੋਟਿਸ ਜਾਰੀ ਕੀਤਾ ਗਿਆ ਸੀ।ਅੱਜ ਕੁਰਕੀ ਵਾਲੇ ਦਿਨ ਭਾਰਤੀ ਕਿਸਾਨ ਯੂਨੀਅਨ ਏਕਤਾ ਮਲਵਈ ਦੇ ਸੂਬਾ ਰਾਮਪਾਲ ਸ਼ਰਮਾ ਦੀ ਅਗਵਾਈ ਹੇਠ ਸਵੇਰੇ ਤੋਂ ਹੀ ਫਰੰਟ ਕਬਜ਼ੇ ਵਾਲੇ ਘਰ ਦੇ ਬੂਹੇ ਅੱਗੇ ਕਿਸਾਨਾਂ ਮਜ਼ਦੂਰਾ ਦੇ ਇਕੱਠ ਸਮੇਤ ਧਰਨਾ ਲਾ ਦਿੱਤਾ ਗਿਆ ਸੀ, ਪ੍ਰੰਤੂ ਖ਼ਬਰ ਲਿਖੇ ਜਾਣ ਤੱਕ ਕੋਈ ਵੀ ਬੈਂਕ ਅਧਿਕਾਰੀ ਤੇ ਪ੍ਰਸ਼ਾਸਨ ਦਾ ਨੁਮਾਇੰਦਾ ਘਰ ਦਾ ਕਬਜ਼ਾ ਲੈਣ ਨਹੀਂ ਪਹੁੰਚਿਆ।

ਜਥੇਬੰਦੀ ਦੇ ਆਗੂਆਂ ਵੱਲੋਂ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਮਜਬੂਰੀ ਵਸ ਪਰਵਾਰ ਨੂੰ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ ਏਕਤਾ ਮਲਵਈ ਕਦੇ ਵੀ ਬੇਘਰ ਨਹੀਂ ਹੋਣ ਦੇਵੇਗੀ।ਸਾਡੀ ਜਥੇਬੰਦੀ ਹਮੇਸ਼ਾ ਗਊ ਗਰੀਬ ਦੀ ਰਾਖੀ ਲਈ ਤਿਆਰ ਰਹਿੰਦੀ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੀ ਜਨਤਾ ਦੇ ਖ਼ੂਨ ਪਸੀਨੇ ਦੀ ਕਮਾਈ ਦਾ ਹਜ਼ਾਰਾ ਕਰੋੜਾ ਰੁਪਏ ਲੈ ਕੇ ਦੇਸ਼ ਚੋਂ ਭਗੌੜੇ ਹੋਏ ਵਿਜੇ ਮਾਲਿਆ, ਮੁਹੇਲ ਚੌਕਸੀ ਤੇ ਨੀਰਵ ਮੋਦੀ ਵਰਗੇ ਫਰਾਡੀਆਂ ਉਤੇ ਭਾਰਤ ਸਰਕਾਰ ਕਦੋਂ ਕਾਰਵਾਈ ਕਰੇਗੀ ? ਲੋਕਾਂ ਦਾ ਪੈਸਾ ਕਦੋਂ ਵਾਪਸ ਆਏਗਾ ? ਹਰ ਸਾਲ ਵੱਡੇ-ਵੱਡੇ ਸਰਮਾਏਦਾਰਾਂ ਨੂੰ ਲੱਖਾਂ ਕਰੋੜਾਂ ਰੁਪਏ ਦੇ ਲੋਨ ਤੇ ਟੈਕਸ ਮਾਫ਼ ਕੀਤੇ ਜਾਂਦੇ ਹਨ, ਪ੍ਰੰਤੂ ਇਥੇ ਗ਼ਰੀਬ ਕਿਸਾਨਾਂ, ਮਜ਼ਦੂਰਾਂ, ਛੋਟੇ ਦੁਕਾਨਦਾਰਾਂ ਦੇ ਛੋਟੇ ਮੋਟੇ ਰੋਜ਼ਗਾਰ ਚਲਾਉ ਲੋਨ ਦੀਆਂ ਮਜਬੂਰੀ ਵਸ ਕਿਸ਼ਤਾਂ ਟੁੱਟ ਜਾਣ 'ਤੇ ਸਰਕਾਰ ਉਨ੍ਹਾਂ ਦੀਆਂ ਜ਼ਮੀਨਾਂ, ਘਰਾਂ, ਦੁਕਾਨਾਂ ਦੀ ਕੁਰਕੀ ਕਰਨ ਫੌਰੀ ਆ ਜਾਂਦੀ ਹੈ।ਇਸ ਦਾ ਮਤਲਬ ਦੇਸ਼ ਅੰਦਰ ਦੋ ਤਰ੍ਹਾਂ ਕਾਨੂੰਨ ਚੱਲ ਰਹੇ ਹਨ।ਗਰੀਬ ਲੋਕਾਂ ਲਈ ਕਾਨੂੰਨ ਹੋਰ ਹਨ ਤੇ ਅਮੀਰ ਲੋਕਾਂ ਲਈ ਹੋਰ।

ਇਸ ਮੌਕੇ ਸੂਬਾ ਆਗੂ ਧਰਮਿੰਦਰ ਸਿੰਘ ਭਾਈ ਕੀ ਪਿਸ਼ੌਰ, ਬਲਾਕ ਲਹਿਰਾਗਾਗਾ ਦੇ ਆਗੂ ਕੁਲਦੀਪ ਸਿੰਘ ਰਾਮਗੜ੍ਹ ਸੰਧੂਆਂ, ਕਿਸਾਨਾਂ ਮਜ਼ਦੂਰਾਂ ਸਮੇਤ ਇਕਾਈ ਪੀਰ ਪੱਤੀ ਸੁਨਾਮ ਦੇ ਆਗੂ ਬਹਾਦਰ ਸਿੰਘ ਰੂਸ ਤੇ ਸਾਥੀ ਹਾਜ਼ਰ ਸਨ।

# ਨਸ਼ੇ ਖਤਮ ਕਰਨ ਲਈ ਵਿਲੇਜ਼/ਵਾਰਡ ਡਿਫੈਂਸ ਕਮੇਟੀਆਂ ਪੁਲਸ ਤੇ ਸਿਵਲ ਪ੍ਰਸ਼ਾਸ਼ਨ ਨਾਲ ਮਿਲ ਕੇ ਕੰਮ ਕਰਨ : ਸਪੀਕਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਢੀ ਗਈ ਹੈ, ਜਿਸ ਦੇ ਚੱਲਦਿਆਂ ਨਸ਼ਾ ਮੁਕਤੀ ਮੋਰਚਾ ਤਹਿਤ ਪਿੰਡਾਂ/ਕਸਬਿਆਂ/ਸ਼ਹਿਰਾਂ ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ ਹੈ।ਸੂਬੇ 'ਚੋਂ ਨਸ਼ੇ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਵਿਲੇਜ਼ ਡਿਫੈਂਸ ਕਮੇਟੀਆਂ (ਪਿੰਡਾਂ ਦੇ ਪਹਿਰੇਦਾਰ) ਤੇ ਵਾਰਡ ਡਿਫੈਂਸ ਕਮੇਟੀਆਂ ਗਠਿਤ ਕੀਤੀਆਂ ਹਨ, ਜੋ ਪਿੰਡਾਂ ਵਿਚ ਨਸ਼ੇ ਦੇ ਵਿਰੁੱਧ ਕੰਮ ਕਰ ਰਹੀਆਂ ਹਨ।ਇਨ੍ਹਾਂ ਕਮੇਟੀਆਂ ਨੂੰ ਹੋਰ ਬਲ ਦੇਣ ਲਈ ਸਰਕਾਰ ਵੱਲੋਂ ਇਨ੍ਹਾਂ ਦਾ ਨੂੰ ਸਿੱਧਾ ਪੁਲਸ ਪ੍ਰਸ਼ਾਸ਼ਨ, ਸਿਵਲ ਪ੍ਰਸ਼ਾਸ਼ਨ ਨਾਲ ਜੋੜਿਆ ਗਿਆ ਹੈ ਤਾਂ ਜੁ ਨਸ਼ਿਆਂ ਬਾਰੇ ਸੂਚਨਾ ਮਿਲਣ ਤੇ ਤੁਰੰਤ ਪ੍ਰਭਾਵ ਨਾਲ ਪ੍ਰਭਾਵਸ਼ਾਲੀ ਕਾਰਵਾਈ ਆਰੰਭੀ ਜਾ ਸਕੇ।ਪੰਜਾਬ ਸਰਕਾਰ ਨੇ ਇਸ ਮੁਹਿੰਮ ਜ਼ਰੀਏ ਜਿਹੜੀਆਂ ਵੀ ਉਪਲੱਬਧੀਆਂ ਹਾਸਲ ਕੀਤੀਆਂ ਹਨ, ਸਭ ਸ਼ਲਾਘਾਯੋਗ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੋਗਾ ਵਿਖੇ ਵਿਲੇਜ ਡਿਫੈਂਸ ਕਮੇਟੀਆਂ, ਵਾਰਡ ਡਿਫੈਂਸ ਕਮੇਟੀਆਂ ਨਾਲ ਵਿਸ਼ੇਸ਼ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਮੇਟੀਆਂ ਨੂੰ ਨਿਰਪੱਖ ਹੋ ਕੇ ਇਸ ਜੰਗ ਵਿੱਚ ਆਪਣਾ ਰੋਲ ਅਦਾ ਕਰਨ ਲਈ ਪ੍ਰੇਰਿਆ।ਉਨ੍ਹਾਂ ਕਿਹਾ ਕਿ ਸਭ ਵਧੀਆ ਤੋਂ ਕੰਮ ਕਰਨ ਵਾਲੀਆਂ ਕਮੇਟੀਆਂ ਨੂੰ ਵਿਸ਼ੇਸ਼ ਮਾਨ-ਸਨਮਾਨ ਵੀ ਦਿੱਤਾ ਜਾਵੇਗਾ।ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ 'ਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਜੰਗੀ ਪੱਧਰ 'ਤੇ ਜਾਰੀ ਹੈ, ਜਿਸ ਦੇ ਵਧੀਆ ਸਿੱਟੇ ਸਾਹਮਣੇ ਆਏ ਹਨ। ਉਨ੍ਹਾਂ ਮੋਗਾ ਪ੍ਰਸ਼ਾਸਨ, ਪੁਲਸ ਪ੍ਰਸ਼ਾਸ਼ਨ ਤੇ ਜ਼ਿਲ੍ਹੇ ਦੀਆਂ ਪੇਂਡੂ ਰੱਖਿਆ ਕਮੇਟੀਆਂ, ਵਾਰਡ ਰੱਖਿਆ ਕਮੇਟੀਆਂ ਦੀ ਪ੍ਰਸ਼ੰਸ਼ਾ ਕੀਤੀ, ਜਿਨ੍ਹਾਂ ਨੇ ਇਸ ਮੁਹਿੰਮ ਵਿੱਚ ਉਸਾਰੂ ਰੋਲ ਅਦਾ ਕਰਕੇ ਨਸ਼ਿਆਂ ਦੇ ਖਾਤਮੇ ਵੱਲ ਕਦਮ ਚੁੱਕਿਆ ਹੈ, ਜਿਸ ਤਹਿਤ ਵੱਡੀ ਪੱਧਰ 'ਤੇ ਗ੍ਰਿਫਤਾਰੀਆਂ, ਨਸ਼ਿਆਂ ਦੀ ਰਿਕਵਰੀ, ਨਸ਼ਾ ਤਸਕਰਾਂ ਦੇ ਘਰ ਢਾਹੁਣ ਵਰਗੀਆਂ ਕਾਰਵਾਈਆਂ ਤੋਂ ਇਲਾਵਾ ਨਸ਼ਿਆਂ ਦੇ ਸ਼ਿਕਾਰ ਲੋਕਾਂ ਦੇ ਪੁਨਰਵਾਸ ਤੇ ਉਨ੍ਹਾਂ ਨੂੰ ਰੁਜ਼ਗਾਰ ਦੇ ਕਾਬਲ ਬਣਾਉਣ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਨੂੰ ਹੁਣ ਅੰਜਾਮ ਤੇ ਲਿਜਾਣ ਲਈ ਸਿਵਲ ਪ੍ਰਸ਼ਾਸ਼ਨ, ਪੁਲਸ ਪ੍ਰਸ਼ਾਸ਼ ਤੇ ਪੇਂਡੂ ਰੱਖਿਆ ਕਮੇਟੀਆਂ ਨੂੰ ਮਿਲ ਕੇ ਹੰਭਲਾ ਮਾਰਨ ਦੀ ਲੋੜ ਹੈ।ਉਨ੍ਹਾਂ ਦੱਸਿਆ ਕਿ ਮੋਗਾ ਜ਼ਿਲ੍ਹੇ 'ਚ ਕੁੱਲ 470 ਪੇਂਡੂ/ਵਾਰਡ ਰੱਖਿਆ ਕਮੇਟੀਆਂ ਸਥਾਪਤ ਕੀਤੀਆਂ ਗਈਆਂ ਹਨ ਤੇ 4802 ਇਨ੍ਹਾਂ ਵਿੱਚ ਬਤੌਰ ਮੈਂਬਰ ਆਪਣਾ ਕੰਮ ਕਰ ਰਹੇ ਹਨ।

ਮੋਗਾ ਵਿੱਚ 7 ਵੱਡੇ ਨਸ਼ਾ ਤਸਕਰਾਂ ਦੇ ਨਜਾਇਜ਼ ਘਰਾਂ ਨੂੰ ਢਾਹੁਣ ਦੇ ਨਾਲ-ਨਾਲ ਵੱਡੇ ਪੱਧਰ 'ਤੇ ਪਰਚੇ ਤੇ ਗ੍ਰਿਫਤਾਰੀਆਂ ਵੀ ਕੀਤੀਆਂ ਗਈਆਂ ਹਨ।ਉਨ੍ਹਾਂ ਮੋਗਾ ਦੇ ਡੀ ਐਡੀਕਸ਼ਨ ਸੈਂਟਰ ਨੂੰ ਮਾਡਲ ਡੀ ਐਡੀਕਸ਼ਨ ਸੈਂਟਰ ਸੰਬੋਧਨ ਕਰਕੇ ਇਸਦੀ ਸ਼ਲਾਘਾ ਕੀਤੀ, ਕਿਉਂਕਿ ਇਸ ਜ਼ਰੀਏ ਨੌਜਵਾਨਾਂ ਨੂੰ ਨਸ਼ਿਆਂ 'ਚੋਂ ਕੱਢ ਕੇ ਰੁਜ਼ਗਾਰ ਵੀ ਮੁਹੱਈਆ ਕਰਾਇਆ ਜਾਂਦਾ ਹੈ। ਮਾਲਵਾ ਜ਼ੋਨ ਦੇ ਇੰਚਾਰਜ ਸੁਖਜੀਤ ਸਿੰਘ ਢਿੱਲਵਾਂ ਨੇ ਕਿਹਾ ਕਿ ਨਸ਼ਿਆਂ ਨੇ ਹੁਣ ਤੱਕ ਸਮਾਜ ਦਾ ਜਾਨੀ, ਮਾਲੀ ਤੇ ਸਮਾਜਿਕ ਪੱਧਰ ਤੇ ਨੁਕਸਾਨ ਕੀਤਾ ਹੈ ਤੇ ਸਾਨੂੰ ਸਾਰਿਆਂ ਨੂੰ ਇਸ ਦੇ ਖਾਤਮੇ ਲਈ ਇੱਕਠੇ ਹੋ ਕੇ ਕੰਮ ਕਰਨਾ ਚਾਹੀਦਾ ਹੈ।

# ਵਾਰਡ ਨੰਬਰ 25 ਦੀਆਂ ਗਲੀਆਂ 'ਚ ਇੰਟਰਲਾਕਿੰਗ ਟਾਈਲਾਂ ਲਾਉਣ ਦਾ ਕੰਮ ਆਰੰਭ



**ਮੋਗਾ (ਇਕਬਾਲ ਸਿੰਘ ਖਹਿਰਾ)**-ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਵਾਰਡ ਨੰਬਰ 25 ਮਿਸਤਰੀਆਂ ਦੀ ਗਲੀ ਤੇ ਪਹਾੜ ਸਿੰਘ ਚੌਕ, ਮੇਜਰ ਸਿੰਘ ਨਗਰ ਦੀਆਂ ਗਲੀਆਂ 'ਚ 48 ਲੱਖ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਾਂ ਲਾਉਣ ਦਾ ਉਦਘਾਟਨ ਕੀਤਾ।ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, ਕੌਂਸਲਰ ਵਰਿੰਦਰ ਕੌਰ ਬਰਾੜ, ਯੂਥ ਆਗੂ ਮਿਲਾਪ ਸਿੰਘ, ਕੌਂਸਲਰ ਅਰਵਿੰਦਰ ਸਿੰਘ ਹੈਪੀ ਕਾਨਪੁਰੀਆ, ਪਾਰਟੀ ਵਲੰਟੀਅਰ ਤੇ ਇਲਾਕੇ ਦੇ ਵਸਨੀਕ ਮੌਜੂਦ ਸਨ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਦੱਸਿਆ ਕਿ ਮੋਗਾ ਸ਼ਹਿਰ ਵਿੱਚ ਵਿਕਾਸ ਕਾਰਜ ਬਿਨਾਂ ਕਿਸੇ ਪੱਖਪਾਤ ਦੇ ਜੰਗੀ ਪੱਧਰ 'ਤੇ ਜਾਰੀ ਹਨ।ਉਨ੍ਹਾਂ ਕਿਹਾ ਕਿ ਮੋਗਾ ਸ਼ਹਿਰ ਦੇ ਵਸਨੀਕਾਂ ਨਾਲ ਕੀਤਾ ਗਿਆ ਹਰ ਵਾਅਦਾ ਪੂਰਾ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੋਗਾ ਹਲਕੇ ਲਈ ਵੱਧ ਤੋਂ ਵੱਧ ਗ੍ਰਾਂਟਾਂ ਦੇ ਰਹੀ ਹੈ, ਜਿਸ ਕਾਰਨ ਮੋਗਾ ਨਗਰ ਨਿਗਮ ਅਧੀਨ ਆਉਂਦੇ ਵਾਰਡਾਂ ਵਿੱਚ ਵਿਕਾਸ ਕਾਰਜ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੇ ਹਨ। ਉਨ੍ਹਾਂ ਵਾਰਡ ਵਾਸੀਆਂ ਦਾ ਉਨ੍ਹਾਂ ਨੂੰ ਦਿੱਤੇ ਗਏ ਸਤਿਕਾਰ ਲਈ ਧੰਨਵਾਦ ਕੀਤਾ।ਇਸ ਮੌਕੇ ਵਾਰਡ ਵਾਸੀਆਂ ਨੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਅਤੇ ਮੇਅਰ ਬਲਜੀਤ ਸਿੰਘ ਚਾਨੀ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਏਟਕ ਦੀ ਸੂਬਾ ਪੱਧਰੀ ਮੀਟਿੰਗ ਜਲੰਧਰ 'ਚ ਪਹਿਲੀ ਨੂੰ

**2 ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਸਾਹਮਣੇ ਰੋਸ ਰੈਲੀ 'ਚ ਮੁਲਾਜ਼ਮ ਤੇ ਪੈਨਸ਼ਨਰ ਕਰਨਗੇ ਭਰਵੀਂ ਸ਼ਮੂਲੀਅਤ**



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਪੈਨਸ਼ਨਰਜ਼ ਯੂਨੀਅਨ (ਸੰਬੰਧਤ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ ,ਚੰਡੀਗੜ੍ਹ) ਦੇ ਸੂਬਾ ਚੇਅਰਮੈਨ ਗੁਰਦੀਪ ਸਿੰਘ ਮੋਤੀ, ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਤੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਦੱਸਿਆ ਕਿ ਜਥੇਬੰਦੀ ਦੀ ਸੂਬਾ ਕਾਰਜਕਾਰਨੀ ਕਮੇਟੀ ਦੀ ਮਹੀਨਾਵਾਰ ਮੀਟਿੰਗ 1 ਨਵੰਬਰ ਨੂੰ ਦੁਪਹਿਰ ਠੀਕ 12 ਵਜੇ ਕਾਮਰੇਡ ਜਸਵੰਤ ਸਿੰਘ ਸਮਰਾ ਭਵਨ ਨੇੜੇ ਬੱਸ ਸਟੈਂਡ ਜਲੰਧਰ ਵਿਖੇ ਰੱਖੀ ਗਈ ਹੈ।ਇਸ ਮੀਟਿੰਗ ਵਿੱਚ ਸੂਬਾ ਕਮੇਟੀ ਦੇ ਅਹੁਦੇਦਾਰਾਂ ਤੋਂ ਇਲਾਵਾ ਸਮੂਹ ਜ਼ਿਲ੍ਹਿਆਂ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਵੀ ਸ਼ਾਮਲ ਹੋਣਗੇ।ਆਗੂਆਂ ਨੇ ਅੱਗੇ ਦੱਸਿਆ ਕਿ ਮੀਟਿੰਗ ਦੌਰਾਨ ਜਥੇਬੰਦੀ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੇ ਗਏ ਐਕਸ਼ਨਾਂ ਦਾ ਰਿਵਿਊ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮ ਅਨੁਸਾਰ ਭਗਵੰਤ ਮਾਨ ਸਰਕਾਰ ਦੇ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਵਤੀਰੇ ਦਾ ਢੁੱਕਵਾਂ ਜਵਾਬ ਦੇਣ ਲਈ 16 ਨਵੰਬਰ ਨੂੰ ਮੁੱਖ ਮੰਤਰੀ ਪੰਜਾਬ ਦੇ ਵਿਧਾਨ ਸਭਾ ਹਲਕਾ ਧੂਰੀ ਵਿਖੇ ਸੂਬਾ ਪੱਧਰੀ ਰੋਸ ਰੈਲੀ ਤੇ ਮੁਜ਼ਾਹਰੇ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ, ਇਸ ਤੋਂ ਇਲਾਵਾ 2 ਨਵੰਬਰ ਨੂੰ ਬਿਜਲੀ ਸੋਧ ਐਕਟ 2025 ਤੇ ਭਗਵੰਤ ਮਾਨ ਸਰਕਾਰ ਵੱਲੋਂ ਬਿਜਲੀ ਬੋਰਡ ਤੇ ਹੋਰ ਕਈ ਸਰਕਾਰੀ ਜਾਇਦਾਦਾਂ ਨੂੰ ਨਿੱਜੀ ਹੱਥਾਂ ਵਿੱਚ ਕੌਡੀਆਂ ਦੇ ਭਾਅ ਵੇਚਣ ਦੇ ਵਿਰੋਧ ਵਿੱਚ ਪੰਜਾਬ ਦੇ ਬਿਜਲੀ ਮੰਤਰੀ ਸੰਜੀਵ ਅਰੋੜਾ ਦੀ ਰਿਹਾਇਸ਼ ਸਾਹਮਣੇ ਆਰਤੀ ਸਿਨੇਮਾ ਚੌਂਕ ਲੁਧਿਆਣਾ ਕੋਲ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਸਬੰਧੀ ਵਿਚਾਰ ਵਟਾਂਦਰਾ ਕਰਕੇ ਭਰਵੀਂ ਸ਼ਮੂਲੀਅਤ ਕਰਨ ਲਈ ਫੈਸਲੇ ਲਏ ਜਾਣਗੇ।

ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਵੱਖ ਵੱਖ ਵਿਭਾਗਾਂ ਦੇ ਕੱਚੇ, ਠੇਕਾ ਆਧਾਰਤ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਰੈਗੂਲਰ ਨਾ ਕਰਨ, ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਡੀ ਏ ਦੀਆਂ 16 ਫੀਸਦੀ ਦੀ ਦਰ ਨਾਲ ਬਕਾਇਆ ਪਈਆਂ ਪੰਜ ਕਿਸ਼ਤਾਂ ਦੱਬ ਕੇ ਰੱਖਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਨਾ ਕਰਨ, ਸੋਧੇ ਗਏ ਤਨਖਾਹ ਸਕੇਲਾਂ ਅਨਸਾਰ ਬਣਦੇ ਬਕਾਏ ਰੋਲ ਦੇਣ ਤੇ ਪੈਨਸ਼ਨਰਾਂ ਦੇ ਲਈ 2.59 ਦਾ ਗੁਣਾਂਕ ਲਾਗੂ ਨਾ ਕਰਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਅਤੇ ਪੰਜਾਬ ਸਰਕਾਰ ਨੂੰ ਆਉਣ ਵਾਲੇ ਸਮੇਂ ਦੌਰਾਨ ਤਿੱਖੇ ਸੰਘਰਸ਼ਾਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਚੇਤਾਵਨੀ ਦਿੱਤੀ ਹੈ।

## ਹੜ੍ਹ ਪ੍ਰਭਾਵਿਤ ਲਾਭਪਾਤਰੀਆਂ ਨੂੰ 10 ਕਰੋੜ ਦੀ ਮੁਆਵਜ਼ਾ ਰਾਸ਼ੀ ਪ੍ਰਦਾਨ : ਹਡਾਣਾ

**ਪਟਿਆਲਾ (ਰਾਜਿੰਦਰ ਥਿੰਦ)**-ਪਟਿਆਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ 42 ਪਿੰਡਾਂ ਦੇ 4171 ਲਾਭਪਾਤਰੀਆਂ ਨੂੰ 10 ਕਰੋੜ ਰੁਪਏ ਤੋਂ ਵੱਧ ਦੀ ਮੁਆਵਜ਼ਾ ਰਾਸ਼ੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਪਾਈ ਜਾ ਚੁੱਕੀ ਹੈ।ਇਹ ਪ੍ਰਗਟਾਵਾ ਕਰਦਿਆਂ ਪੀਆਰਟੀਸੀ ਦੇ ਚੇਅਰਮੈਨ ਤੇ ਹਲਕਾ ਇੰਚਾਰਜ਼ ਰਣਜੋਧ ਸਿੰਘ ਹਡਾਣਾ ਨੇ ਦੱਸਿਆ ਕਿ ਕੁੱਲ 34.76 ਕਰੋੜ ਰੁਪਏ ਦੀ ਰਾਸ਼ੀ ਹੜ੍ਹ ਪ੍ਰਭਾਵਿਤਾਂ ਨੂੰ ਪੜਾਅਵਾਰ ਵੰਡੀ ਜਾਣੀ ਹੈ ਤੇ ਪਹਿਲੇ ਪੜਾਅ ਤਹਿਤ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਦੇ ਹੁਕਮਾਂ ਮੁਤਾਬਕ ਪਾਰਦਰਸ਼ੀ ਢੰਗ ਨਾਲ ਮੁਆਵਜ਼ਾ ਰਾਸ਼ੀ ਲਾਭਪਾਤਰੀਆਂ ਨੂੰ ਪ੍ਰਦਾਨ ਕੀਤੀ ਜਾ ਚੁੱਕੀ ਹੈ।ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਦੇ ਆਦੇਸ਼ਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹ ਯਕੀਨੀ ਬਣਾਇਆ ਗਿਆ ਹੈ ਕਿ ਪਹਿਲੀ ਕਿਸ਼ਤ ਦੀਵਾਲੀ ਦੇ ਤਿਉਹਾਰ ਤੋਂ ਪਹਿਲਾਂ ਪਹਿਲਾਂ ਕਿਸਾਨਾਂ ਨੂੰ ਦਿੱਤੀ ਜਾ ਚੁੱਕੀ ਹੈ। ਉਨ੍ਹਾ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਵਿੱਚ ਹੀ ਪੰਜਾਬ ਅੰਦਰ ਆਏ ਇਨ੍ਹਾਂ ਤਾਜ਼ਾ ਹੜ੍ਹਾਂ ਕਾਰਨ 101 ਪਿੰਡ 'ਚ 19000 ਏਕੜ ਦੇ ਕਰੀਬ ਰਕਬੇ 'ਚ ਫ਼ਸਲਾਂ ਦਾ ਨੁਕਸਾਨ ਹੋਇਆ ਸੀ।ਉਨ੍ਹਾਂ ਦੱਸਿਆ ਕਿ ਪਟਿਆਲਾ ਸਬ ਡਵੀਜ਼ਨ 'ਚ 8, ਸਮਾਣਾ ਸਬ ਡਵੀਜ਼ਨ 'ਚ 6, ਰਾਜਪੁਰਾ ਸਬ ਡਵੀਜ਼ਨ 'ਚ 38, ਦੂਧਨ ਸਾਧਾਂ ਸਬ ਡਵੀਜ਼ਨ 'ਚ 29 ਤੇ ਪਾਤੜਾਂ ਸਬ ਡਵੀਜ਼ਨ 'ਚ 20 ਪਿੰਡਾਂ ਵਿਖੇ ਕਿਸਾਨਾਂ ਦੀਆਂ ਜ਼ਮੀਨਾਂ ਦਾ ਨੁਕਸਾਨ ਸਾਹਮਣੇ ਆਇਆ ਸੀ, ਇਸ ਲਈ ਪੰਜਾਬ ਸਰਕਾਰ ਵੱਲੋਂ 34.76 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਪ੍ਰਵਾਨ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਦੂਜੇ ਪੜਾਅ ਲਈ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ ਤੇ ਬਾਕੀ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਵੀ ਬਕਾਇਆ ਰਾਸ਼ੀ ਪਾ ਦਿੱਤੀ ਜਾਵੇਗੀ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਦਾਣਾ ਮੰਡੀ 'ਚ ਧਰਨਾ


**ਤਹਿਸੀਲਦਾਰ ਨੇ ਮੰਡੀ 'ਚ ਪਹੁੰਚ ਕੇ ਕਿਸਾਨਾਂ ਤੋਂ ਲਿਆ ਮੰਗ ਪੱਤਰ**



**ਜਲਾਲਾਬਾਦ (ਰਣਬੀਰ ਕੌਰ ਢਾਬਾਂ)**-ਸੰਯੁਕਤ ਕਿਸਾਨ ਮੋਰਚੇ ਵੱਲੋਂ ਆੜ੍ਹਤੀਏ, ਸ਼ੈਲਰ ਮਾਲਕ, ਸਰਕਾਰ ਦੀ ਮਿਲੀਭੁਗਤ ਨਾਲ ਕਿਸਾਨਾਂ ਦੀ ਫਸਲ ਤੇ ਮੰਡੀਆਂ ਵਿੱਚ ਕੱਟ ਤੇ ਪੂਲ ਕਰਕੇ ਲੁੱਟ ਕਰਨ ਖ਼ਿਲਾਫ਼ ਧਰਨਾ ਲਾਇਆ ਗਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਰੇਸ਼ਮ ਮਿੱਡਾ, ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਢੰਡੀਆਂ, ਬੀ ਕੇ ਯੂ ਡਕੌਂਦਾ ਧਨੇਰ ਦੇ ਬਲਾਕ ਪ੍ਰਧਾਨ ਪ੍ਰਵੀਨ ਮੌਲਵੀਵਾਲਾ, ਬੀ ਕੇ ਯੂ ਉਗਰਾਹਾਂ ਦੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਮੀਤ ਸਿੰਘ, ਬਲਾਕ ਪ੍ਰਧਾਨ ਪਿੱਪਲ ਸਿੰਘ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਹਰਦੀਪ ਸਿੰਘ, ਕੁੱਲ ਹਿੰਦ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਨੱਥਾ ਸਿੰਘ ਨੇ ਕਿਹਾ ਕਿ ਜਲਾਲਾਬਾਦ ਦੀ ਦਾਣਾ ਮੰਡੀ ਦੇ ਵਿੱਚ ਤਿੱਕੜੀ ਵੱਲੋਂ ਕਿਸਾਨਾਂ ਦੀਆਂ ਫਸਲਾਂ ਕੱਟ ਤੇ ਪੂਲ ਕਰਕੇ ਕਿਸਾਨਾਂ ਨੂੰ ਮੰਡੀਆਂ ਦੇ ਵਿੱਚ ਖੱਜਲ ਖੁਆਰ ਕੀਤਾ ਜਾ ਰਿਹਾ ਹੈ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਗੁਜਰਾਤ ਦੇ ਵਿੱਚ 31 ਅਕਤੂਬਰ ਨੂੰ ਆਮ ਆਦਮੀ ਪਾਰਟੀ ਵੱਲੋਂ ਕਿਸਾਨ ਮਹਾਂ ਪੰਚਾਇਤ ਵਿੱਚ ਸ਼ਾਮਲ ਹੋਣ ਜਾ ਰਹੇ ਹਨ ਅਤੇ ਜੇਲ੍ਹਾਂ ਵਿੱਚ ਬੰਦ ਕਿਸਾਨ ਨਾਲ ਕੇਜਰੀਵਾਲ ਸਮੇਤ ਮੁਲਾਕਾਤਾਂ ਕਰਕੇ ਕਿਸਾਨ ਪੱਖੀ ਹੋਣ ਦਾ ਡਰਾਮਾ ਕੀਤਾ ਜਾ ਰਿਹਾ ਹੈ, ਪਰ ਆਪਣੇ ਹੀ ਸੂਬੇ ਦੇ ਕਿਸਾਨ ਮੰਡੀਆਂ ਦੇ ਵਿੱਚ ਆਪਣੀ ਫਸਲ ਵੇਚਣ ਦੇ ਲਈ ਆੜ੍ਹਤੀਆਂ, ਸ਼ੈਲਰ ਮਾਲਕਾਂ ਵੱਲੋਂ ਲੁੱਟ ਦਾ ਸ਼ਿਕਾਰ ਹੋ ਰਹੇ ਹਨ, ਉਹ ਇਥੋਂ ਦੇ ਮੁੱਖ ਮੰਤਰੀ ਨੂੰ ਦਿਸ ਨਹੀਂ ਰਿਹਾ।ਕੇਂਦਰ ਸਰਕਾਰ ਨੇ ਵੀ ਮੌਸਮ ਦੇ ਮੱਦੇਨਜ਼ਰ ਝੋਨੇ ਦੀ ਖਰੀਦ ਦੇ ਮਾਮਲੇ ਵਿੱਚ ਛੋਟ ਦੇਣ ਦੇ ਸੰਬੰਧ ਲਈ ਕੇਂਦਰੀ ਟੀਮਾਂ ਭੇਜੀਆਂ ਸਨ, ਜੋ ਖਾਨਾ ਪੂਰਤੀ ਕਰਕੇ ਚਲੀਆਂ ਗਈਆਂ ਹਨ।ਉਨ੍ਹਾਂ ਵੱਲੋਂ ਵੀ ਕਿਸਾਨਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ।ਆਗੂਆਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਮੰਡੀ ਬੋਰਡ ਦੇ ਸੈਕਟਰੀ ਤੇ ਤਹਿਸੀਲਦਾਰ ਜਲਾਲਾਬਾਦ ਵੱਲੋਂ ਕੱਲ੍ਹ ਤੱਕ ਦਿੱਤੇ ਹੋਏ ਭਰੋਸੇ ਅਨੁਸਾਰ ਸੰਬੰਧਤ ਧਿਰਾਂ ਨਾਲ ਮੀਟਿੰਗ ਕਰਾ ਕੇ ਮਸਲਾ ਹੱਲ ਕਰਨ ਦੀ ਮੰਗ ਸਵੀਕਾਰ ਕੀਤੀ ਹੈ, ਜੇਕਰ ਕਿਸੇ ਕਿਸਮ ਦੀ ਆਨਾ-ਕਾਨੀ ਕੀਤੀ ਗਈ ਤਾਂ ਕਿਸਾਨਾਂ ਵੱਲੋਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਹਰਮੀਤ ਸਿੰਘ, ਪਿੱਪਲ ਸਿੰਘ, ਤਰਸੇਮ ਸਿੰਘ, ਪਰਮਜੀਤ ਸਿੰਘ, ਬਲਜੀਤ ਸਿੰਘ, ਹਰਵਿੰਦਰ ਸਿੰਘ ਤੇ ਕੇਵਲ ਸਿੰਘ ਅਰਨੀਵਾਲਾ ਆਦਿ ਹਾਜ਼ਰ ਸਨ।

# ਸੀ ਪੀ ਆਈ ਸ਼ਹਿਰ ਕਮੇਟੀ ਦੀ ਜਥੇਬੰਦਕ ਕਾਨਫਰੰਸ ਸਫਲਤਾਪੂਰਵਕ ਸੰਪੰਨ

**ਕਾਮਰੇਡ ਜਗਸੀਰ ਰਾਏਕੇ ਸਕੱਤਰ, ਚਿਮਨ ਲਾਲ ਕਾਕਾ, ਹਰਦਿਆਲ ਸਿੰਘ ਸਹਾਇਕ ਸਕੱਤਰ ਤੇ ਰਘੂਨਾਥ ਸਿੰਗਲਾ ਕੈਸ਼ੀਅਰ ਚੁਣੇ**



**ਬੁਢਲਾਡਾ (ਅਸ਼ੋਕ ਲਾਕੜਾ)**-ਸੀ ਪੀ ਆਈ ਦੀਆਂ ਚੱਲ ਰਹੀਆਂ ਜਥੇਬੰਦਕ ਕਾਨਫਰੰਸਾਂ ਦੀ ਕੜੀ ਵਜੋਂ ਸਥਾਨਕ ਪਾਰਟੀ ਦਫਤਰ ਵਿਖੇ ਕਾਮਰੇਡ ਬਲਵੀਰ ਸਿੰਘ ਬੁਢਲਾਡਾ ਦੀ ਪ੍ਰਧਾਨਗੀ ਹੇਠ ਜਥੇਬੰਦਕ ਕਾਨਫਰੰਸ ਹੋਈ।ਕਾਨਫਰੰਸ ਸਬ ਡਵੀਜ਼ਨ ਸਕੱਤਰ ਕਾਮਰੇਡ ਵੇਦ ਪ੍ਰਕਾਸ਼ ਬੁਢਲਾਡਾ ਦੀ ਨਿਗਰਾਨੀ ਹੇਠ ਹੋਈ।ਇਸ ਮੌਕੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਦਾ ਮਜ਼ਬੂਤ ਜਥੇਬੰਦਕ ਢਾਂਚਾ ਹੀ ਆਰਥਿਕ ਸਮਾਜਿਕ ਤੇ ਰਾਜਸੀ ਪ੍ਰਸਥਿਤੀਆਂ ਤੇ ਸਮੱਸਿਆਵਾਂ 'ਤੇ ਗੰਭੀਰਤਾ ਨਾਲ ਅਵਾਮ ਨੂੰ ਪ੍ਰੇਰਿਤ ਕਰਕੇ ਇੱਕ ਮਜ਼ਬੂਤ ਕਮਿਊਨਿਸਟ ਲਹਿਰ ਉਸਾਰਨ ਵਿੱਚ ਸਹਾਈ ਹੋ ਸਕਦਾ ਹੈ।ਕਮਿਊਨਿਸਟ ਆਗੂ ਨੇ ਪਾਰਟੀ ਵਿਧਾਨ ਤੇ ਕਾਡਰ ਨੂੰ ਜ਼ਮੀਨੀ ਪੱਧਰ ਲਾਗੂ ਕਰਨ ਲਈ ਸਕੂਲਿੰਗ ਕਰਨ 'ਤੇ ਜ਼ੋਰ ਦਿੱਤਾ ਗਿਆ।ਇਸ ਮੌਕੇ 11 ਮੈਂਬਰੀ ਸ਼ਹਿਰ ਕਮੇਟੀ ਦਾ ਪੈਨਲ ਪੇਸ਼ ਹੋਇਆ, ਜਿਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ।ਉਪਰੰਤ ਜਗਸੀਰ ਸਿੰਘ ਰਾਏਕੇ ਸਕੱਤਰ, ਹਰਦਿਆਲ ਸਿੰਘ ਬੁਢਲਾਡਾ ਚਿਮਨ ਲਾਲ ਕਾਕਾ ਸਹਾਇਕ ਸਕੱਤਰ ਤੇ ਰਘੂਨਾਥ ਸਿੰਗਲਾ ਕੈਸ਼ੀਅਰ ਤੇ ਅਸ਼ੋਕ ਲਾਕੜਾ ਪ੍ਰੈੱਸ ਸਕੱਤਰ ਸਰਵਸੰਮਤੀ ਨਾਲ ਚੁਣੇ ਗਏ ਅਤੇ ਜਗਤਾਰ ਕਾਲਾ, ਪਵਨ ਸ਼ਰਮਾ, ਰਾਮ ਗੋਪਾਲ, ਭੀਮਾ ਸਿੰਘ, ਬਲੌਰ ਸਿੰਘ ਤੇ ਤਿੱਤਰ ਸਿੰਘ ਕਮੇਟੀ ਮੈਂਬਰ ਚੁਣੇ ਗਏ ਅਤੇ ਸਬ ਡਵੀਜ਼ਨ ਬੁਢਲਾਡਾ ਦੀ ਕਾਨਫਰੰਸ ਲਈ ਡੈਲੀਗੇਟਾਂ ਦੀ ਚੋਣ ਸਰਬਸੰਮਤੀ ਨਾਲ ਹੋਈ।ਕਾਨਫਰੰਸ ਮੌਕੇ ਹੋਰਨਾਂ ਤੋਂ ਇਲਾਵਾ ਲਾਲ ਚੰਦ, ਸੁਰਿੰਦਰ ਕੁਮਾਰ ਬਿੱਟੂ, ਨਰਿੰਦਰ ਕਾਲਾ ਦਾਤੇਵਾਸੀਆ, ਹੈਪੀ ਤੇ ਮਿੱਠੂ ਸਿੰਘ ਹਾਜ਼ਰ ਸਨ।

# ਦੇਸ਼ ਭਗਤ ਗਲੋਬਲ ਸਕੂਲ ਦੇ ਖਿਡਾਰੀਆਂ ਦਾ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ

**ਮੁਕਾਬਲੇ ਬੱਚਿਆਂ ਦੇ ਆਤਮ ਵਿਸ਼ਵਾਸ ਨੂੰ ਮਜ਼ਬੂਤ ਕਰਦੇ ਹਨ : ਪ੍ਰਿੰ. ਜਿੰਦਲ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾ. ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾ. ਸੰਜੀਵ ਜਿੰਦਲ ਤੇ ਵਾਈਸ ਡਾ. ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਦੇ ਬੱਚਿਆਂ ਨੇ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਦੇ ਹੋਏ ਜ਼ੋਨ ਪੱਧਰ, ਜ਼ਿਲ੍ਹਾ ਪੱਧਰ ਤੇ ਸਟੇਟ ਪੱਧਰ ਤੱਕ ਆਪਣੀ ਪਹੁੰਚ ਦਰਸਾਈ ਹੈ।ਬੱਚਿਆਂ ਨੇ ਵੱਖ-ਵੱਖ ਖੇਡ ਮੁਕਾਬਲਿਆਂ ਜਿਵੇਂ ਜੂਡੋ ਕਰਾਟੇ, ਕੁਰਾਸ਼, ਤਾਈਕਮਾਂਡੋ, ਡਿਸਕਸ ਥਰੋ, ਰੀਲੇਅ ਰੇਸ, ਵੇਟ ਲਿਫਟਿੰਗ, ਪਾਵਰ ਲਿਫਟਿੰਗ, ਬਾਕਸਿੰਗ ਤੇ ਕਿੱਕ ਬਾਕਸਿੰਗ ਵਿੱਚ ਹਿੱਸਾ ਲੈ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ।

ਕੁਰਾਸ਼ ਲੜਕੀਆਂ 'ਚ ਯਸ਼ਿਕਾ, ਨਵਨੀਤ ਕੌਰ, ਸੁਖਮਨ, ਜਸ਼ਨਦੀਪ, ਅਰਸ਼ਦੀਪ, ਤਨੀਸ਼ਾ, ਦੀਆ, ਵੰਸ਼ਿਕਾ, ਏਂਜਲ, ਹਰਮਨਪ੍ਰੀਤ ਨੇ ਜ਼ਿਲ੍ਹਾ ਪੱਧਰ 'ਤੇ ਜਿੱਤ ਕੇ ਗੋਲਡ ਮੈਡਲ ਆਪਣੇ ਨਾਮ ਕੀਤਾ।ਇਨ੍ਹਾਂ ਵਿੱਚੋਂ ਸੁਖਮਨ, ਤਨੀਸ਼ਾ, ਅਰਸ਼ਦੀਪ ਕੌਰ, ਦੀਆ, ਹਰਮਨਪ੍ਰੀਤ ਤੇ ਏਂਜਲ ਨੇ ਸਟੇਟ ਪੱਧਰ ਮੁਕਾਬਲੇ ਵਿੱਚ ਉਤਸ਼ਾਹ ਪੂਰਵਕ ਹਿੱਸਾ ਲਿਆ।ਕੁਰਾਸ਼ ਲੜਕਿਆਂ ਵਿੱਚ ਨਮਨ, ਹਰਨੂਰ, ਰਿਦਮ, ਪਰਨੀਤ, ਯਥਾਰਥ, ਕਾਰਤਿਕ, ਤਰਨਪ੍ਰੀਤ, ਵਿਸ਼ਵਜੀਤ, ਵਰਿੰਦਰ ਤੇ ਜੀਤਪਾਲ ਨੇ ਜ਼ਿਲ੍ਹਾ ਪੱਧਰੀ 'ਚ ਪਹਿਲਾ ਸਥਾਨ, ਉੱਥੇ ਹੀ ਅਮਰਿੰਦਰ ਤੇ ਗੁਰਨੂਰ ਨੇ ਦੂਸਰਾ ਤੇ ਅੱਗੇ ਸਟੇਟ ਪੱਧਰ ਮੁਕਾਬਲੇ ਵਿੱਚ ਹਿੱਸਾ ਲਿਆ।ਜੂਡੋ ਕਰਾਟੇ ਵਿੱਚ ਹਰਸ਼ਿਤ ਪਾਲ ਨੇ ਪਹਿਲਾ ਅਤੇ ਕਾਰਤਿਕ, ਯਥਾਰਥ ਤੇ ਤਰਨਪ੍ਰੀਤ ਨੇ ਦੂਸਰਾ ਸਥਾਨ ਹਾਸਲ ਕੀਤਾ।ਜੂਡੋ ਲੜਕੀਆਂ ਦੀ ਟੀਮ ਨੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਜੰਨਤ ਖਾਨ, ਆਰਤੀ, ਪਰਨਵ, ਕਸ਼ਿਸ਼ ਨੇ ਪਹਿਲਾ ਤੇ ਗੁਰਸੀਰਤ ਨੇ ਤੀਸਰਾ ਸਥਾਨ ਹਾਸਲ ਕੀਤਾ।ਤਾਈਕਵਾਂਡੋ ਵਿੱਚ ਦੀਆ, ਏਂਜਲ ਨੇ ਪਹਿਲਾ, ਹਰਸਿਮਰਨ ਦੂਸਰਾ ਸਥਾਨ ਤੇ ਯਸਿਕਾ, ਆਰਤੀ ਨੇ ਤੀਸਰਾ ਸਥਾਨ ਹਾਸਲ ਕੀਤਾ।ਲੜਕਿਆਂ ਵਿੱਚੋਂ ਗੁਰਵੀਰ ਨੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ।

ਬਾਕਸਿੰਗ 'ਚ ਹੀਤੇਸ਼, ਹਰਸ਼ਿਤ ਪਾਲ ਤੇ ਹਰਨੂਰ ਅਤੇ ਕਾਰਤਿਕ ਤੇ ਯਥਾਰਥ ਨੇ ਕਿੱਕ ਬਾਕਸਿੰਗ 'ਚ ਤੀਸਰਾ ਸਥਾਨ ਹਾਸਲ ਕੀਤਾ।ਪਾਵਰ ਲਿਫਟਿੰਗ ਵਿੱਚ ਨੈਤਿਕ ਤੇ ਮਹਿਤਾਬ ਨੇ ਲਗਾਤਾਰ ਪਹਿਲਾ ਤੇ ਦੂਸਰਾ ਸਥਾਨ ਅਤੇ ਧੀਰਜ ਪਾਲ ਨੇ ਪਹਿਲਾ ਸਥਾਨ ਹਾਸਲ ਕਰਕੇ ਸਟੇਜ ਪੱਧਰ ਦੇ ਮੁਕਾਬਲਿਆਂ ਵਿੱਚ ਹਿੱਸਾ ਲਿਆ।ਪਰਾਂਜਲ ਤੇ ਹਰਮਨ ਪ੍ਰੀਤ ਨੇ ਜ਼ੋਨ ਪੱਧਰੀ ਡਿਸਕਸ ਥਰੋ ਮੁਕਾਬਲੇ ਤੇ ਅੱਗੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਹਿੱਸਾ ਲੈ ਕੇ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਆਪਣੇ ਨਾਮ ਕੀਤਾ। 400 ਮੀਟਰ ਰੇਸ ਵਿੱਚ ਨਮਨ ਨੇ ਪਹਿਲਾ, ਗੁਰਵੀਰ ਨੇ ਦੂਸਰਾ, ਜੈਵਲਨ ਥਰੋ 'ਚ ਅਰਸ਼ਦੀਪ ਕੌਰ ਨੇ ਦੂਸਰਾ, ਤਰਨਪ੍ਰੀਤ ਸਿੰਘ ਨੇ ਡਿਸਕਸ ਥਰੋ 'ਚ ਦੂਸਰਾ, ਤਨੀਸ਼ਾ ਨੇ 400 ਮੀਟਰ 'ਚ ਤੀਸਰਾ, ਰੀਲੇਅ ਰੇਸ ਲੜਕੀਆਂ 'ਚੋਂ ਪ੍ਰਾਜਲ, ਏਂਜਲ, ਹਰਮਨ ਤੇ ਵੈਸ਼ਨਵੀ ਨੇ ਪਹਿਲਾ ਸਥਾਨ, ਰਿਲੇਅ ਰੇਸ ਲੜਕਿਆਂ ਵਿੱਚੋਂ ਵਿਸ਼ਵਜੀਤ, ਰੋਨਿਤ, ਅਮਰਿੰਦਰ ਤੇ ਰਵਨੀਤ ਨੇ ਦੂਸਰਾ ਸਥਾਨ ਹਾਸਲ ਕੀਤਾ।

ਪ੍ਰਿੰਸੀਪਲ ਡਾ. ਜਿੰਦਲ ਨੇ ਸਾਰੇ ਖਿਡਾਰੀਆਂ ਦੀ ਉਨ੍ਹਾਂ ਦੀ ਕਾਬਲੀਅਤ ਤੇ ਮਿਹਨਤ ਲਈ ਸ਼ਲਾਘਾ ਕੀਤੀ ਤੇ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਬੱਚਿਆਂ ਦੇ ਆਤਮ ਵਿਸ਼ਵਾਸ ਨੂੰ ਮਜ਼ਬੂਤ ਕਰਦੇ ਹਨ ਅਤੇ ਉਨ੍ਹਾਂ ਵਿੱਚ ਟੀਮ ਵਰਕ ਦੀ ਭਾਵਨਾ ਪੈਦਾ ਕਰਦੇ ਹਨ।ਪ੍ਰਿੰਸੀਪਲ ਡਾ. ਜਿੰਦਲ ਨੇ ਇਨ੍ਹਾਂ ਵਧੀਆ ਨਤੀਜਿਆਂ ਦਾ ਸਿਹਰਾ ਪੀ ਟੀ ਆਈ ਅਮਨਦੀਪ ਸਿੰਘ ਤੇ ਕੋਚ ਸ਼ਾਲੂ ਦੇ ਸਿਰ ਸਜਾਇਆ।ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ ਨੇ ਖਿਡਾਰੀ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਾਡੇ ਸਕੂਲ ਦੇ ਵਿਦਿਆਰਥੀ ਨਾ ਸਿਰਫ਼ ਪੜ੍ਹਾਈ ਵਿੱਚ, ਬਲਕਿ ਖੇਡਾਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਖੇਡਾਂ ਬੱਚਿਆਂ ਦੇ ਸਰਵਾਂਗੀਣ ਵਿਕਾਸ ਲਈ ਬਹੁਤ ਜ਼ਰੂਰੀ ਹਨ, ਕਿਉਂਕਿ ਇਹ ਸਰੀਰਕ ਤੰਦਰੁਸਤੀ ਦੇ ਨਾਲ ਨਾਲ ਅਨੁਸ਼ਾਸਨ, ਟੀਮ ਭਾਵਨਾ ਤੇ ਆਤਮ ਵਿਸ਼ਵਾਸ ਵੀ ਪੈਦਾ ਕਰਦੀਆਂ ਹਨ। ਸਕੂਲ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ, ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ, ਸੁਪਰਡੈਂਟ ਮੇਜਰ ਮਹਿਤਾ ਤੇ ਸਮੂਹ ਅਧਿਆਪਕਾਂ ਨੇ ਸਾਰੇ ਖਿਡਾਰੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਮਹਿੰਗਾਈ ਭੱਤੇ ਨੂੰ ਤਰਸੇ ਪੰਜਾਬ ਦੇ ਮੁਲਾਜ਼ਮ, ਇਸ ਸਾਲ ਦੀਵਾਲੀ ਵੀ ਗਈ 'ਖਾਲੀ'

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੇ ਸਾਢੇ 6 ਲੱਖ ਤੋਂ ਜ਼ਿਆਦਾ ਸਰਕਾਰੀ ਮੁਲਾਜ਼ਮ ਤੇ ਪੈਨਸ਼ਨਰ ਇਸ ਸਮੇਂ ਮਹਿੰਗਾਈ ਭੱਤੇ ਨੂੰ ਹੀ ਤਰਸਦੇ ਨਜ਼ਰ ਆ ਰਹੇ ਹਨ।ਪਿਛਲੇ ਕਈ ਸਾਲਾਂ ਬਾਅਦ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਤੇ ਪੈਨਸ਼ਨਰ ਦੀ ਦੀਵਾਲੀ ਵੀ ਖ਼ਾਲੀ ਗਈ ਹੈ, ਜਦੋਂ ਸਰਕਾਰ ਵੱਲੋਂ ਮਹਿੰਗਾਈ ਭੱਤੇ ਦਾ ਕੋਈ ਵੀ ਐਲਾਨ ਨਹੀਂ ਕੀਤਾ ਗਿਆ।ਇਥੇ ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਕੇਂਦਰ ਸਰਕਾਰ ਦੇ ਮੁਕਾਬਲੇ ਸਰਕਾਰ ਵਿੱਚ 2 ਵਾਰ ਦੀ ਥਾਂ ਸਿਰਫ਼ 1 ਵਾਰ ਹੀ ਦੀਵਾਲੀ ਦੇ ਮੌਕੇ ਮਹਿੰਗਾਈ ਭੱਤੇ ਵਿੱਚ ਵਾਧਾ ਕਰਨ ਵਾਲੀ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇਸ ਸਾਲ ਦੀਵਾਲੀ ਮੌਕੇ ਵੀ ਸਰਕਾਰ ਮੁਲਾਜ਼ਮਾਂ ਨੂੰ ਖ਼ਾਲੀ ਹੱਥ ਹੀ ਰੱਖਿਆ ਗਿਆ ਹੈ। ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਵੱਲੋਂ ਹਰ ਸਾਲ ਜਨਵਰੀ ਤੇ ਜੁਲਾਈ ਮਹੀਨੇ ਵਿੱਚ ਮਹਿੰਗਾਈ ਭੱਤੇ ਦੇ ਐਲਾਨ ਕਰਦੇ ਹੋਏ ਉਸ ਵਿੱਚ ਵਾਧਾ ਕਰ ਦਿੱਤਾ ਜਾਂਦਾ ਹੈ।ਕੇਂਦਰ ਸਰਕਾਰ ਵੱਲੋਂ ਕਦੇ 6 ਫੀਸਦੀ ਤਾਂ ਕਦੇ 4 ਫੀਸਦੀ ਮਹਿੰਗਾਈ ਭੱਤੇ ਵਿੱਚ ਵਾਧਾ ਕੀਤਾ ਜਾਂਦਾ ਹੈ।ਕੇਂਦਰ ਸਰਕਾਰ ਦੀ ਤਰਜ਼ 'ਤੇ ਹੀ ਦੇਸ਼ ਦੇ ਸੂਬਾ ਸਰਕਾਰਾਂ ਵੱਲੋਂ ਆਪਣੇ ਸਰਕਾਰੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਮਹਿੰਗਾਈ ਭੱਤੇ ਵਿੱਚ ਵਾਧੇ ਦਾ ਐਲਾਨ ਕੀਤਾ ਜਾਂਦਾ ਹੈ।

ਪੰਜਾਬ ਸਿਵਲ ਸਕੱਤਰੇਤ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਸੁਸ਼ੀਲ ਕੁਮਾਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਹੁਣ ਸਾਨੂੰ ਕੋਈ ਆਸ ਨਹੀਂ ਹੈ।ਸਰਕਾਰਾਂ ਨੂੰ ਉੱਚ ਤੇ ਆਈਏਐੱਸ ਅਧਿਕਾਰੀ ਵੀ ਵੱਡੇ ਪੱਧਰ 'ਤੇ ਗੁੰਮਰਾਹ ਕਰਦੇ ਹਨ, ਇਸ ਲਈ ਪੰਜਾਬ ਵਿੱਚ ਮਹਿੰਗਾਈ ਭੱਤਾ ਹਰ ਲਈ ਇੱਕ ਬਰਾਬਰ ਹੋਣਾ ਚਾਹੀਦਾ ਹੈ।ਆਈਏਐੱਸ ਤੇ ਆਈਪੀਐੱਸ ਅਧਿਕਾਰੀ ਇਸ ਸਮੇਂ 58 ਫੀਸਦੀ ਮਹਿੰਗਾਈ ਭੱਤਾ ਲੈ ਰਹੇ ਹਨ, ਜਦੋਂਕਿ ਸਰਕਾਰੀ ਮੁਲਾਜ਼ਮਾਂ ਨੂੰ 42 ਫੀਸਦੀ ਮਹਿੰਗਾਈ ਭੱਤਾ ਮਿਲ ਰਿਹਾ ਹੈ।ਇਸ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਜੇਕਰ ਮੁਲਾਜ਼ਮਾਂ ਨੂੰ ਵੱਧ ਮਹਿੰਗਾਈ ਭੱਤਾ ਨਹੀਂ ਦੇਣਾ ਚਾਹੁੰਦੀ ਹੈ ਤਾਂ ਤੁਰੰਤ ਆਈਏਐੱਸ ਤੇ ਆਈਪੀਐੱਸ ਅਧਿਕਾਰੀਆਂ ਦਾ ਮਹਿੰਗਾਈ ਭੱਤਾ ਵੀ ਘਟਾ ਕੇ 42 ਫੀਸਦੀ ਹੀ ਕਰ ਦਿੱਤਾ ਜਾਵੇ ਤਾਂ ਇਨ੍ਹਾਂ ਉੱਚ ਅਧਿਕਾਰੀਆਂ ਨੂੰ ਮੁਲਾਜ਼ਮਾਂ ਦੇ ਦਰਦ ਬਾਰੇ ਪਤਾ ਚੱਲੇਗਾ।ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਬੀਤੇ 3 ਸਾਲਾਂ ਤੋਂ ਸਾਲ ਵਿੱਚ ਸਿਰਫ਼ ਇੱਕ ਵਾਰ ਦੀਵਾਲੀ ਮੌਕੇ ਹੀ 4 ਫੀਸਦੀ ਤੱਕ ਦਾ ਵਾਧਾ ਕੀਤਾ ਹੈ, ਜਿਸ ਕਾਰਨ ਪੰਜਾਬ ਵਿੱਚ ਇਸ ਸਮੇਂ 42 ਫੀਸਦੀ ਮਹਿੰਗਾਈ ਭੱਤਾ ਦਿੱਤਾ ਜਾ ਰਿਹਾ ਹੈ, ਜਦੋਂ ਕਿ ਕੇਂਦਰ ਸਰਕਾਰ ਤੇ ਕਈ ਸੂਬਾ ਸਰਕਾਰਾਂ ਵੱਲੋਂ 58 ਫੀਸਦੀ ਮਹਿੰਗਾਈ ਭੱਤਾ ਦਿੱਤਾ ਜਾ ਰਿਹਾ ਹੈ।

## 386 ਲਾਭਪਾਤਰੀਆਂ ਨੂੰ 1.83 ਕਰੋੜ ਤੋਂ ਵੱਧ ਦੀ ਮੁਆਵਜ਼ਾ ਰਾਸ਼ੀ ਤਕਸੀਮ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਬਰਸਾਤ ਰੁੱਤ ਦੌਰਾਨ ਪਏ ਭਾਰੀ ਮੀਂਹ ਕਾਰਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਨਾਲ ਸੰਬੰਧਤ ਨੁਕਸਾਨੀਆਂ ਗਈਆਂ ਫਸਲਾਂ ਦਾ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਵੰਡਿਆ ਗਿਆ।ਇਸ ਮੰਡਲ ਮੈਜਿਸਟਰੇਟ ਪਾਤੜਾਂ ਅਸ਼ੋਕ ਕੁਮਾਰ ਦੀ ਦੇਖ-ਰੇਖ ਹੇਠ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਤੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੇ ਪੁੱਤਰ ਗੁਰਮੀਤ ਸਿੰਘ ਨੇ ਛੇ ਪਿੰਡਾਂ ਦੁਗਾਲ ਕਲਾਂ, ਹਰਿਆਊ ਖੁਰਦ, ਹਰਚੰਦਪੁਰਾ, ਰਾਮਪੁਰ ਪੜਤਾ, ਦੁਵਾਰਕਾਪੁਰ ਤੇ ਕਰੀਮ ਨਗਰ ਉਰਫ ਚਿੱਚੜਵਾਲਾ 386 ਲਾਭਪਾਤਰੀ ਕਿਸਾਨਾਂ ਨੂੰ ਇੱਕ ਕਰੋੜ 83 ਲੱਖ 20 ਹਜ਼ਾਰ ਰੁਪਏ ਦੀ ਮੁਆਵਜ਼ਾ ਰਾਸ਼ੀ ਤਕਸੀਮ ਕੀਤੀ ਗਈ।ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਰਾਸ਼ੀ ਦੇ ਪੱਤਰ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਰਕੀਟ ਕਮੇਟੀ ਚੇਅਰਮੈਨ ਮਹਿੰਗਾ ਸਿੰਘ ਬਰਾੜ ਤੇ ਗੁਰਮੀਤ ਸਿੰਘ ਵਿੱਕੀ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਲਗਾਤਾਰ ਕਿਸਾਨਾਂ ਦੀ ਬਿਹਤਰੀ ਲਈ ਕੰਮ ਕਰਦੀ ਆ ਰਹੀ ਹੈ।ਉਨ੍ਹਾਂ ਕਿਹਾ ਕਿ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਨੁਕਸਾਨੀਆਂ ਗਈਆਂ ਫਸਲਾਂ ਦਾ ਮੁਆਵਜ਼ਾ ਜਿੱਥੇ ਸਮੇਂ ਸਿਰ ਦਿੱਤਾ ਜਾ ਰਿਹਾ ਹੈ, ਉੱਥੇ ਇਸ ਦੀ ਰਾਸ਼ੀ ਵਧਾ ਕੇ ਕਿਸਾਨਾਂ ਦੇ ਦੁੱਖ ਘਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਮਦਨ ਲਾਲ, ਸਾਬਕਾ ਸਰਪੰਚ ਬਲਜੀਤ ਸਿੰਘ ਸਹੋਤਾ ਤੇ ਮੇਜਰ ਸਿੰਘ ਮਤੌਲੀ ਆਦਿ ਹਾਜ਼ਰ ਸਨ।

## ਸਾਹਿਤ ਸਭਾ ਵੱਲੋਂ ਮਹਾਂਰਿਸ਼ੀ ਵਾਲਮੀਕਿ ਜੀ ਨੂੰ ਸਮਰਪਤ ਸਾਹਿਤਕ ਸਮਾਗਮ



**ਧੂਰੀ (ਮਨੋਹਰ ਸਿੰਘ ਸੱਗੂ)**-ਸਾਹਿਤ ਸਭਾ ਧੂਰੀ ਵੱਲੋਂ ਸਥਾਨਕ ਮਾਲਵਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਸਾਹਿਤ ਸਦਨ 'ਚ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ, ਡਾ: ਭਗਵੰਤ ਸਿੰਘ ਤੇ ਕਰਮ ਸਿੰਘ ਜ਼ਖ਼ਮੀ ਨੇ ਕੀਤੀ।ਮੁੱਖ ਮਹਿਮਾਨ ਵਜੋਂ ਸਤਿੰਦਰ ਸਿੰਘ ਚੱਠਾ ਪ੍ਰਧਾਨ ਆਲ ਇੰਡੀਆ ਐੱਫ ਸੀ ਆਈ ਐਗਜ਼ੀਕਿਊਟਿਵ ਸਟਾਫ਼ ਯੂਨੀਅਨ ਸ਼ਾਮਲ ਹੋਏ।

ਸਭਾ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਨਾਗਰਾ ਨੇ ਆਏ ਮਹਿਮਾਨਾਂ ਤੇ ਲੇਖਕਾਂ ਨੂੰ ਜੀ ਆਇਆਂ ਆਖਿਆ।ਕਵੀ ਦਰਬਾਰ ਦੇ ਨਾਲ ਨਾਲ ਚਾਰ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਗੁਲਜ਼ਾਰ ਸਿੰਘ ਸ਼ੌਂਕੀ ਦੀ ਪੁਸਤਕ 'ਮਹਾਂਰਿਸ਼ੀ ਵਾਲਮੀਕਿ ਦਾ ਵਿਅਕਤੀਤਵ', ਦੂਜੀ ਤਰਸੇਮ ਸਿੰਘ ਸੇਮੀ ਦੀ ਪੁਸਤਕ 'ਚਾਰ ਸਾਗਰ', ਗੁਰਦੀਪ ਸਿੰਘ ਕੈਂਥ ਦੀ ਪੁਸਤਕ 'ਸੰਦਲੀ ਰਿਸ਼ਮਾਂ' ਤੇ ਗੁਲਜ਼ਾਰ ਸਿੰਘ ਸ਼ੌਂਕੀ ਦੁਆਰਾ ਸੰਪਾਦਿਤ ਬੀਰ ਸਿੰਘ ਬਮਾਲ ਦੀ 'ਕਵੀਸ਼ਰੀ ਕਲਾ' ਲੋਕ ਅਰਪਣ ਹੋਈਆਂ।ਗੁਲਜ਼ਾਰ ਸਿੰਘ ਸ਼ੌਂਕੀ ਨੇ ਵਾਲਮੀਕਿ ਦੇ ਜੀਵਨ ਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਚਾਨਣਾ ਪਾਇਆ।ਕਵੀ ਦਰਬਾਰ ਦੀ ਸ਼ੁਰੂਆਤ ਅਸ਼ਵਨੀ ਕੁਮਾਰ ਨੇ ਆਪਣੀ ਕਵਿਤਾ ਨਾਲ ਕੀਤੀ।ਕਵੀ ਦਰਬਾਰ ਵਿੱਚ ਅਮਨਦੀਪ ਲੱਖਣਾਂ, ਰਜਿੰਦਰ ਰਾਜਨ, ਜਗਜੀਤ ਲੱਡਾ, ਸੁਖਵਿੰਦਰ ਲੋਟੇ, ਰਮੇਸ਼ ਜੈਨ, ਨਾਹਰ ਸਿੰਘ ਮੁਬਾਰਕਪੁਰੀ, ਜਸਵੰਤ ਸਿੰਘ ਜੱਸ, ਬਲਵਿੰਦਰ ਬੱਲੀ, ਮੁਲਖ ਰਾਜ, ਸਰਬਜੀਤ, ਸੁਖਦੇਵ ਔਲਖ, ਜਗਦੇਵ ਸ਼ਰਮਾ, ਰਜਿੰਦਰ ਪਾਲ, ਸਤਪਾਲ ਪ੍ਰਾਸ਼ਰ, ਅਮਰ ਕਲਮਦਾਨ, ਪਵਨ ਹੋਸ਼ੀ, ਬਹਾਦਰ ਸਿੰਘ, ਜਸਮੇਲ ਸਿੰਘ, ਵਿਜਯ ਸੋਫਤ, ਸੰਤ ਸਿੰਘ ਬੀਲ੍ਹਾ, ਸ਼ੇਰ ਸਿੰਘ ਬੇਨੜਾ, ਗੁਰਨਾਮ ਸਿੰਘ, ਯਾਦਵਿੰਦਰ ਪਾਲ, ਸੁਖਦੇਵ ਸ਼ਰਮਾ ਧੂਰੀ, ਗੁਰਦੀਪ ਕੈਂਥ, ਸੁਰਿੰਦਰ ਸ਼ਰਮਾ, ਹਰਚੰਦ ਪੁਰ, ਹਰਮੀਲ ਖਾਂ, ਡਾ: ਕਮਲਜੀਤ ਟਿੱਬਾ, ਗੁਰੀ ਚੰਦੜ, ਸੁਖਵਿੰਦਰ ਸੁੱਖੀ, ਦਿਲਸ਼ਾਦ ਅਖਤਰ ਤੇ ਗਜ਼ਲਗੋ ਰਣਜੀਤ ਸਿੰਘ ਧੂਰੀ ਸ਼ਾਮਲ ਹੋਏ।ਸਤਿੰਦਰ ਸਿੰਘ ਚੱਠਾ ਨੇ ਆਪਣੇ ਕਿਰਤੀ ਜੀਵਨ ਬਾਰੇ ਤੇ ਡਾ: ਭਗਵੰਤ ਸਿੰਘ ਨੇ ਲੇਖਕਾਂ ਨੂੰ ਆ ਰਹੀਆਂ ਕਠਨਾਈਆਂ ਬਾਰੇ ਦੱਸਿਆ।ਕਰਮ ਸਿੰਘ ਜ਼ਖ਼ਮੀ ਨੇ ਆਪਣੀ ਗਜ਼ਲ ਦੇ ਨਾਲ ਨਾਲ ਸੰਜੀਦਗੀ ਨਾਲ ਸਾਹਿਤਕ ਮਿਲਣੀਆਂ ਕਰਨ ਬਾਰੇ ਸੁਝਾਅ ਦਿੱਤਾ। ਪਵਨ ਹਰਚੰਦਪੁਰੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਸਮਾਗਮ ਦੀ ਤਾਰੀਫ ਕਰਦਿਆਂ ਲੇਖਕਾਂ ਦਾ ਧੰਨਵਾਦ ਕੀਤਾ।ਸਭਾ ਵੱਲੋਂ ਆਏ ਮਹਿਮਾਨਾਂ ਤੇ ਪੁਸਤਕ ਲੋਕ ਅਰਪਣ ਵਾਲੇ ਲੇਖਕਾਂ ਦਾ ਸ਼ਾਲ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ।ਅਮਰਜੀਤ ਅਮਨ ਜਨਰਲ ਸਕੱਤਰ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ।ਆਖਰ 'ਚ ਸੀਨੀਅਰ ਮੀਤ ਪ੍ਰਧਾਨ ਸੰਤ ਸਿੰਘ ਬੀਲ੍ਹਾ ਨੇ ਸਾਰਿਆਂ ਦਾ ਧੰਨਵਾਦ ਕੀਤਾ।

## ਡਿਸਪੋਜ਼ਲ ਰੋਡ 'ਤੇ ਪਏ ਕੂੜੇ ਦੇ ਢੇਰਾਂ ਖਿਲਾਫ ਸ਼ਹਿਰ ਵਾਸੀਆਂ ਵੱਲੋਂ ਧਰਨਾ

**ਵੱਡਾ ਅੰਦੋਲਨ ਵਿੱਢਣ ਦੀ ਦਿੱਤੀ ਚੇਤਾਵਨੀ**



**ਜਗਰਾਉਂ (ਸੰਜੀਵ ਅਰੋੜਾ)**-ਜਗਰਾਉਂ ਡਿਸਪੋਜ਼ਲ ਰੋਡ 'ਤੇ ਲੱਗੇ ਕੂੜੇ ਦੇ ਵੱਡੇ ਵੱਡੇ ਪਹਾੜਾਂ ਦਾ ਮੁੱਦਾ ਪਿਛਲੇ ਕਈ ਦਿਨਾਂ ਤੋਂ ਗਰਮਾਇਆ ਹੋਇਆ ਹੈ। ਪਿਛਲੇ ਲੰਬੇ ਅਰਸੇ ਤੋਂ ਇਸ ਜਗ੍ਹਾ 'ਤੇ ਕੂੜੇ ਦੇ ਵੱਡੇ-ਵੱਡੇ ਪਹਾੜ ਨਜ਼ਰ ਆਉਂਦੇ ਹਨ, ਪਰ ਨਗਰ ਕੌਂਸਲ ਇਸ ਸਮੱਸਿਆ ਦਾ ਹੱਲ ਕਰਨ ਵਿੱਚ ਅਸਮਰਥ ਰਹੀ। ਡਿਸਪੋਜ਼ਲ ਰੋਡ 'ਤੇ ਕਈ ਮੰਦਰ ਵੀ ਸਥਿਤ ਹਨ ਤੇ ਕੂੜੇ ਦੇ ਢੇਰਾਂ ਕਾਰਨ ਲੋਕਾਂ ਦੀ ਆਸਥਾ 'ਤੇ ਭਾਰੀ ਸੱਟ ਲੱਗਦੀ ਹੈ। ਸਥਾਨਕ ਨਿਵਾਸੀਆਂ ਨੇ ਕਈ ਵਾਰ ਲਿਖਤੀ ਸ਼ਿਕਾਇਤ ਨਗਰ ਕੌਂਸਲ ਨੂੰ ਦਿੱਤੀ ਹੈ, ਪਰ ਕੋਈ ਅਸਰ ਨਹੀਂ ਹੋਇਆ।ਅੱਜ ਸ਼ਹਿਰ ਵਾਸੀਆਂ ਨੇ ਡਿਸਪੋਜ਼ਲ ਰੋਡ ਸਥਿਤ ਕੂੜੇ ਦੇ ਡੰਪ ਅੱਗੇ ਖੜ੍ਹ ਧਰਨਾ ਲਗਾਇਆ ਤੇ ਨਗਰ ਕੌਂਸਲ ਖਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਆਵਾਜਾਈ ਬਿਲਕੁਲ ਠੱਪ ਕਰ ਦਿੱਤੀ।

ਇਸ ਮੌਕੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਰਵਿੰਦਰ ਕੁਮਾਰ ਸੱਭਰਵਾਲ, ਕੌਂਸਲਰ ਸਤੀਸ਼ ਕੁਮਾਰ ਪੱਪੂ, ਰਾਜ ਭਾਰਤ ਵਾਜ, ਕੰਵਲਜੀਤ ਖੰਨਾ ਤੇ ਸੁੱਖ ਜਗਰਾਉਂ ਨੇ ਕਿਹਾ ਕਿ ਨਗਰ ਕੌਂਸਲ ਕੂੜੇ ਦੇ ਡੰਪ ਦੀ ਸਮੱਸਿਆ ਦਾ ਕੋਈ ਹੱਲ ਨਹੀਂ ਕਰ ਸਕੀ, ਜਿਸ ਕਾਰਨ ਸ਼ਹਿਰ 'ਚ ਥਾਂ-ਥਾਂ ਕੂੜੇ ਦੇ ਢੇਰ ਲੱਗੇ ਹੋਏ ਹਨ। ਸ਼ਹਿਰ 'ਚ ਕੂੜੇ ਦੇ ਡੰਪਾਂ ਤੋਂ ਇਲਾਵਾ ਟ੍ਰੈਫਿਕ ਦੀ ਸਮੱਸਿਆ ਤੇ ਜਗ੍ਹਾ-ਜਗ੍ਹਾ ਨਜਾਇਜ਼ ਕਬਜ਼ੇ ਹੋਣ ਕਾਰਨ ਲੋਕ ਪ੍ਰੇਸ਼ਾਨ ਹਨ। ਇਸ ਤੋਂ ਇਲਾਵਾ ਨਗਰ ਕੌਂਸਲ ਦੀ ਨਲਾਇਕੀ ਕਾਰਨ ਹਰੀ ਸਿੰਘ ਰੋਡ, ਪੁਰਾਣੀ ਦਾਣਾ ਮੰਡੀ, ਪੁਰਾਣੀ ਸਬਜ਼ੀ ਮੰਡੀ ਤੇ ਰਾਏਕੋਟ ਰੋਡ ਦੀਆਂ ਸੜਕਾਂ ਟੁੱਟੀਆਂ ਹੋਣ ਕਾਰਨ ਆਏ ਦਿਨ ਹਾਦਸੇ ਵਾਪਰ ਰਹੇ ਹਨ। ਆਗੂਆਂ ਨੇ ਕਿਹਾ ਕਿ ਜੇਕਰ ਨਗਰ ਕੌਂਸਲ ਇੱਥੋਂ ਕੂੜੇ ਦੇ ਢੇਰਾਂ ਨੂੰ ਨਹੀਂ ਹਟਾਉਂਦਾ ਤਾਂ ਉਹ ਟਰਾਲੀਆਂ ਭਰ ਭਰ ਕੇ ਕੂੜਾ ਨਗਰ ਕੌਂਸਲ ਅੰਦਰ ਸੁੱਟਣਗੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਆਉਣ ਵਾਲੇ ਦਿਨਾਂ ਵਿੱਚ ਨਗਰ ਕੌਂਸਲ ਖਿਲਾਫ ਵੱਡਾ ਅੰਦੋਲਨ ਉਲੀਕਿਆ ਜਾਵੇਗਾ।

## ਵਾਰਡ ਨੰ. 26 'ਚ ਇੰਟਰਲਾਕਿੰਗ ਤੇ ਬਾਬਾ ਹਿੰਮਤ ਸਿੰਘ ਰੋਡ 'ਤੇ ਪ੍ਰੀਮਿਕਸ ਵਿਛਾਉਣ ਦਾ ਉਦਘਾਟਨ

*ਸ਼ਹਿਰ 'ਚ ਵਿਕਾਸ ਕਾਰਜ ਬਹੁ-ਪੱਖੀ ਆਧਾਰ 'ਤੇ ਕੀਤੇ ਜਾ ਰਹੇ ਹਨ : ਡਾ. ਅਰੋੜਾ*



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਸ਼ਹਿਰ ਵਿੱਚ ਵਿਕਾਸ ਕਾਰਜਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਦੇ ਹੋਏ, ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ ਨਾਲ ਮਿਲ ਕੇ ਵਾਰਡ ਨੰਬਰ 26 ਵਿੱਚ 38 ਲੱਖ 50 ਹਜ਼ਾਰ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਾਂ ਤੇ ਬਾਬਾ ਹਿੰਮਤ ਸਿੰਘ ਰੋਡ 'ਤੇ ਪ੍ਰੀਮਿਕਸ ਵਿਛਾਉਣ ਦਾ ਉਦਘਾਟਨ ਕੀਤਾ।ਇਸ ਤੋਂ ਪਹਿਲਾਂ, ਪਹੁੰਚਣ 'ਤੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਮੇਅਰ ਬਲਜੀਤ ਸਿੰਘ ਚਾਨੀ ਨੂੰ ਸ਼ਹਿਰ ਵਾਸੀਆਂ ਨੇ ਸਿਰੋਪਾਓ ਤੇ ਮਠਿਆਈਆਂ ਦੇ ਕੇ ਸਨਮਾਨਤ ਕੀਤਾ, ਵਾਰਡ ਵਿੱਚ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ।ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੋਗਾ ਸ਼ਹਿਰ ਵਿੱਚ ਪਹਿਲਕਦਮੀਆਂ ਦੇ ਆਧਾਰ 'ਤੇ ਸਰਵਪੱਖੀ ਵਿਕਾਸ ਕਾਰਜ ਕੀਤੇ ਜਾ ਰਹੇ ਹਨ।ਉਨ੍ਹਾਂ ਨੇ ਕਿਹਾ ਕਿ ਮੋਗਾ ਸ਼ਹਿਰ ਵਿੱਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਜਾਰੀ ਹਨ, ਜਿਸ ਵਿੱਚ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਕਿਸੇ ਵੀ ਵਾਰਡ ਨਿਵਾਸੀ ਨੂੰ ਕਿਸੇ ਵੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਸ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।ਉਨ੍ਹਾਂ ਵਾਰਡ ਨਿਵਾਸੀਆਂ ਦਾ ਉਨ੍ਹਾਂ ਪ੍ਰਤੀ ਦਿਖਾਏ ਗਏ ਸਤਿਕਾਰ ਲਈ ਧੰਨਵਾਦ ਕੀਤਾ।ਇਸ ਮੌਕੇ ਵਾਰਡ ਇੰਚਾਰਜ ਪ੍ਰਿੰਸਪਾਲ ਸਿੰਘ ਅਰੋੜਾ, ਕੌਂਸਲਰ ਪ੍ਰਵੀਨ ਮੱਕੜ, ਜਗਦੀਸ਼ ਸ਼ਰਮਾ, ਪਾਰਟੀ ਆਗੂ, ਵਾਰਡ ਨਿਵਾਸੀ ਤੇ ਵਲੰਟੀਅਰ ਮੌਜੂਦ ਸਨ

## ਮਾਹਲਾ ਲੋਕ ਹਿੱਤਾਂ ਦੀ ਪਹਿਰੇਦਾਰੀ ਕਰਦੇ ਹਰ ਵਰਗ ਨਾਲ ਜੁੜੇ ਰਹਿੰਦੇ : ਅਕਾਲੀ ਆਗੂ



**ਬਾਘਾ ਪੁਰਾਣਾ (ਮਨੀ ਸਿੰਗਲਾ)**-2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਹਲਕਾ ਬਾਘਾ ਪੁਰਾਣਾ ਦੇ ਸਿਆਸੀ ਪਹੀਏ ਤੇਜ਼ੀ ਨਾਲ ਘੁੰਮਣ ਲੱਗ ਪਏ ਹਨ।ਐਸ.ਓ.ਆਈ ਪ੍ਰਧਾਨ ਗੁਰਦਿੱਤ ਸਿੰਘ ਢਿੱਲੋਂ, ਪ੍ਰਧਾਨ ਪਵਨ ਗੋਇਲ, ਮੀਤ ਪ੍ਰਧਾਨ ਰਣਜੀਤ ਸਿੰਘ ਚੀਤੇ ਤੇ ਯੂਥ ਅਕਾਲੀ ਆਗੂ ਜਗਸੀਰ ਸਿੰਘ ਸਿੱਧੂ ਸੀਰੂ ਵੱਲੋਂ ਸਾਂਝੇ ਤੌਰ 'ਤੇ ਬਿਆਨ ਜਾਰੀ ਕਰਕੇ ਕਿਹਾ ਗਿਆ ਕਿ ਹਲਕੇ ਦੇ ਲੋਕ ਹੁਣ ਜਥੇ. ਤੀਰਥ ਸਿੰਘ ਮਾਹਲਾ ਨੂੰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਦੇ ਦੇਖਣਾ ਚਾਹੁੰਦੇ ਹਨ।ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ 2027 ਦੀਆਂ ਚੋਣਾਂ ਨੇੜੇ ਆ ਰਹੀਆਂ ਹਨ, ਲੋਕਾਂ ਵਿੱਚ ਤੀਰਥ ਸਿੰਘ ਮਾਹਲਾ ਲਈ ਉਤਸ਼ਾਹ ਵਧ ਰਿਹਾ ਹੈ।ਜਥੇਦਾਰ ਮਾਹਲਾ ਨੇ ਹਮੇਸ਼ਾਂ ਹੀ ਲੋਕਾਂ ਦੇ ਦੁੱਖ-ਸੁੱਖ ਵਿੱਚ ਸਾਂਝੀ ਬਣ ਕੇ, ਬਿਨਾਂ ਕਿਸੇ ਭੇਦਭਾਵ ਦੇ ਹਲਕੇ ਦੇ ਹਰੇਕ ਵਾਸੀ ਦੀ ਆਵਾਜ਼ ਬਣ ਕੇ ਕੰਮ ਕੀਤਾ ਹੈ।ਆਗੂਆਂ ਕਿਹਾ ਕਿ ਮਾਹਲਾ ਸਾਹਿਬ ਦੀ ਲੋਕਾਂ ਨਾਲ ਜੁੜੀ ਜ਼ਮੀਨੀ ਪੱਧਰ ਦੀ ਰਾਜਨੀਤੀ, ਨੌਜਵਾਨਾਂ ਨਾਲ ਉਨ੍ਹਾਂ ਦਾ ਖਾਸ ਸੰਬੰਧ ਤੇ ਵਿਕਾਸ ਪ੍ਰਤੀ ਵਚਨਬੱਧਤਾ ਹੀ ਉਹ ਕਾਰਨ ਹਨ, ਜਿਸ ਕਰਕੇ ਹਲਕੇ ਦੇ ਲੋਕ ਇਸ ਵਾਰ ਉਨ੍ਹਾਂ ਨੂੰ ਆਪਣਾ ਐਮਐਲਏ ਬਣਾਉਣ ਦਾ ਮਨ ਬਣਾ ਚੁੱਕੇ ਹਨ।ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਹੇਠ ਬਾਘਾ ਪੁਰਾਣਾ ਹਲਕਾ ਪੰਜਾਬ ਦੀ ਰਾਜਨੀਤੀ 'ਚ ਇੱਕ ਨਵਾਂ ਵਿਕਾਸ ਮਾਡਲ ਬਣੇਗਾ ਅਤੇ ਨੌਜਵਾਨ ਪੀੜ੍ਹੀ ਨੂੰ ਪ੍ਰੇਰਿਤ ਕਰਨ ਵਾਲੀ ਆਵਾਜ਼ ਵਿਧਾਨ ਸਭਾ ਤੱਕ ਪਹੁੰਚੇਗੀ।ਆਗੂਆਂ ਕਿਹਾ ਕਿ ਹਲਕਾ ਬਾਘਾ ਪੁਰਾਣਾ ਅੰਦਰ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਹੇਠ ਹੀ ਅਸਲ ਅਰਥਾਂ ਵਿੱਚ ਵਿਕਾਸ ਸੰਭਵ ਹੈ।ਉਨ੍ਹਾਂ ਕਿਹਾ ਕਿ ਜਿਵੇਂ ਅਕਾਲੀ ਦਲ ਦੀ ਸਰਕਾਰ ਸਮੇਂ ਪਿੰਡਾਂ ਤੇ ਸ਼ਹਿਰਾਂ ਦੇ ਹਰ ਖੇਤਰ ਵਿੱਚ ਸੜਕਾਂ, ਸਿੱਖਿਆ, ਸਿਹਤ ਤੇ ਕਿਸਾਨੀ ਸਹੂਲਤਾਂ ਵਿੱਚ ਬੇਮਿਸਾਲ ਕੰਮ ਹੋਏ ਸਨ, ਉਹੋ ਜਿਹਾ ਵਿਕਾਸ ਕਿਸੇ ਹੋਰ ਸਮੇਂ ਨਹੀਂ ਹੋ ਸਕਿਆ।ਆਗੂਆਂ ਕਿਹਾ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਲੋਕਾਂ ਦੇ ਹਿੱਤਾਂ ਦੀ ਪਹਿਰੇਦਾਰੀ ਕਰਦੇ ਹੋਏ ਹਮੇਸ਼ਾ ਹਲਕੇ ਦੇ ਹਰ ਵਰਗ ਨਾਲ ਜੁੜੇ ਰਹਿੰਦੇ ਹਨ।ਉਨ੍ਹਾਂ ਦਾ ਤਜਰਬਾ ਤੇ ਜਨਤਕ ਸੇਵਾ ਭਾਵਨਾ ਹੀ ਬਾਘਾ ਪੁਰਾਣਾ ਹਲਕੇ ਨੂੰ ਤਰੱਕੀ ਦੇ ਨਵੇਂ ਰਾਹਾਂ 'ਤੇ ਲੈ ਜਾ ਸਕਦੀ ਹੈ।ਉਨ੍ਹਾਂ ਅਗਲੀ ਚੋਣ ਮੌਕੇ ਲੋਕਾਂ ਨੂੰ ਅਪੀਲ ਕੀਤੀ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਦੇ ਹੋਏ ਜਥੇਦਾਰ ਤੀਰਥ ਸਿੰਘ ਮਾਹਲਾ ਦੇ ਹੱਥ ਹੋਰ ਮਜ਼ਬੂਤ ਕਰਨ, ਤਾਂ ਜੁ ਖੇਤਰ ਦਾ ਰੁਕਿਆ ਵਿਕਾਸ ਦੁਬਾਰਾ ਪਟੜੀ 'ਤੇ ਆ ਸਕੇ।

## ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਦਿਵਸ ਗੁਰਦੁਆਰਾ ਫਤਿਹਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਅਰਦਾਸ ਕਰਕੇ ਮਨਾਇਆ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਡਾਕਟਰ ਹਰਬੰਸ ਲਾਲ ਸਾਬਕਾ ਮੰਤਰੀ ਪੰਜਾਬ ਨੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ 1708 ਈਸਵੀ ਵਿੱਚ ਨਾਦੇੜ ਸਾਹਿਬ (ਮਹਾਰਾਸ਼ਟਰ) ਵਿਖੇ ਹੋਏ ਜੋਤੀ ਜੋਤ ਦਿਵਸ ਨੂੰ ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਨਤਮਸਤਕ ਹੋ ਕੇ ਤੇ ਅਰਦਾਸ ਕਰਕੇ ਮਨਾਇਆ ਗਿਆ। ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਦਿਵਸ ਸਿੱਖ ਇਤਿਹਾਸ ਦਾ ਇੱਕ ਪਵਿੱਤਰ ਤੇ ਮਹੱਤਵਪੂਰਨ ਦਿਨ ਹੈ, ਜੋ ਸਿੱਖਾਂ ਦੇ ਦਸਵੇਂ ਗੁਰੂ ਅੰਤਮ ਯਾਤਰਾ ਨੂੰ ਸਮਰਪਤ ਹੈ। 1708 ਈਸਵੀ ਵਿੱਚ ਨਾਦੇੜ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਮੋਅ ਲਈ ਅਤੇ ਸਿੱਖ ਪੰਥ ਨੂੰ ਸਦਾ ਲਈ ਅਡੋਲ ਰਹਿਣ ਦਾ ਸੰਦੇਸ਼ ਦਿੱਤਾ। ਇਸ ਦਿਨ ਸਿੱਖ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਯਾਦ ਕਰਦੀ ਹੈ, ਜਿਨ੍ਹਾਂ ਨੇ ਖਾਲਸਾ ਪੰਥ ਨੂੰ ਸਥਾਪਤ ਕੀਤਾ ਤੇ ਸਮੁੱਚੀ ਮਨੁੱਖਤਾ ਨੂੰ ਨਿਆਂ ਸਮਾਨਤਾ ਤੇ ਸੱਚਾਈ ਦਾ ਮਾਰਗ ਦਿਖਾਇਆ। ਗੁਰੂ ਜੀ ਦੀਆਂ ਸਿੱਖਿਆਵਾਂ ਅੱਜ ਵੀ ਸਾਨੂੰ ਨਿਵ ਕੇ ਸੇਵਾ ਤੇ ਸਾਹਸ ਨਾਲ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀਆਂ ਹਨ। ਇਸ ਦਿਵਸ 'ਤੇ ਅਸੀਂ ਗੁਰਬਾਣੀ ਦਾ ਪਾਠ ਕੀਰਤਨ ਤੇ ਸੇਵਾ ਰਾਹੀਂ ਗੁਰੂ ਜੀ ਦੇ ਅਸੂਲਾਂ ਨੂੰ ਅਪਣਾਉਣ ਦਾ ਸੰਕਲਪ ਲੈਂਦੇ ਹਾਂ। ਦਸ਼ਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਾਲਮ ਮੁਗਲ ਸ਼ਾਸਕਾਂ ਨਾਲ ਆਪਣੀ ਫੌਜ ਤਿਆਰ ਕਰਕੇ ਸਮੇਂ-ਸਮੇਂ 'ਤੇ ਜ਼ੁਲਮ ਦੇ ਖਿਲਾਫ ਟਾਕਰਾ ਲੈਂਦੇ ਰਹੇ ਅਤੇ ਉਸ ਵੇਲੇ ਗੁਰੂ ਸਾਹਿਬ ਨੇ ਦੇਸ਼ ਕੌਮ ਇਨਸਾਫ਼ ਤੇ ਸੱਚ ਲਈ ਜ਼ੁਲਮ ਦੇ ਖਿਲਾਫ ਸੰਘਰਸ਼ ਕਰਦੇ ਹੋਏ ਆਪਣਾ ਪਰਵਾਰ ਕੌਮ ਦੇ ਲੇਖੇ ਲਾ ਦਿੱਤਾ। ਦੋ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਿਹ ਸਿੰਘ ਜੀ ਤੇ ਬਾਬਾ ਜੋਰਾਵਰ ਸਿੰਘ ਜੀ ਨੂੰ ਨੀਹਾਂ ਵਿੱਚ ਫ਼ਤਿਹਗੜ੍ਹ ਸਾਹਿਬ ਸਰਹਿੰਦ ਵਿੱਚ 7 ਤੇ 9 ਸਾਲ ਦੀ ਉਮਰ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਤੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਗੜ੍ਹੀ ਵਿੱਚ ਜ਼ਾਲਮ ਮੁਗਲ ਫੌਜਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਤੇ ਪਿਤਾ ਨੌਵੀਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਿੱਲੀ ਦੇ ਚਾਂਦਨੀ ਚੌਕ ਵਿੱਚ ਭਾਰਤ ਦੇਸ਼ ਦੇ ਹਿੰਦੂਆਂ ਦੀ ਰਾਖੀ ਲਈ ਆਪਣਾ ਸੀਸ ਦੇ ਕੇ ਜੋ ਸ਼ਹੀਦੀ ਪਾ ਕੇ ਅੱਜ ਜੋ ਸਿੱਖੀ ਵਿਦੇਸ਼ਾਂ ਤੇ ਦੇਸ਼ਾਂ ਵਿੱਚ ਨਜ਼ਰ ਆ ਰਹੀ ਹੈ। ਡਾਕਟਰ ਹਰਬੰਸ ਲਾਲ ਸਾਬਕਾ ਮੰਤਰੀ ਪੰਜਾਬ ਨੇ ਕਿਹਾ ਕਿ ਇਨ੍ਹਾਂ ਸ਼ਬਦਾਂ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਦਿਵਸ ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।

## ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਤੁਰੰਤ ਦਿੱਤਾ ਜਾਵੇ : ਗਗਨਜੀਤ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਹਲਕਾ ਵਿਧਾਇਕ ਸ੍. ਗਗਨਜੀਤ ਸਿੰਘ ਬਰਨਾਲਾ ਨੇ ਪੰਜਾਬ ਦੇ ਕਿਸਾਨਾਂ ਦੀ ਮੌਜੂਦਾ ਹਾਲਾਤ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸਰਕਾਰ ਨੂੰ ਤੁਰੰਤ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਕਰਨੀ ਚਾਹੀਦੀ ਹੈ।ਉਨ੍ਹਾ ਕਿਹਾ ਕਿ ਜਿਵੇਂ ਸਾਰੇ ਪੰਜਾਬ ਦੇ ਕਈ ਇਲਾਕਿਆਂ ਵਿੱਚ ਹੜ੍ਹਾਂ ਕਾਰਨ ਖੇਤਾਂ ਦੀਆਂ ਫ਼ਸਲਾਂ ਬਰਬਾਦ ਹੋ ਗਈਆਂ, ਘਰਾਂ ਨੂੰ ਨੁਕਸਾਨ ਪਹੁੰਚਿਆ ਤੇ ਪਸ਼ੂ ਸੰਪਤੀ ਦਾ ਵੀ ਵੱਡਾ ਨੁਕਸਾਨ ਹੋਇਆ ਹੈ, ਉਸ ਦਾ ਮੁਆਵਜ਼ਾ ਕਿਸਾਨਾਂ ਨੂੰ ਤੁਰੰਤ ਮਿਲਣਾ ਬਹੁਤ ਜ਼ਰੂਰੀ ਹੈ।ਉਨ੍ਹਾ ਕਿਹਾ ਕਿ ਹੁਣ ਝੋਨੇ ਦੀ ਫ਼ਸਲ 'ਤੇ ਚਾਈਨਾ ਵਾਇਰਸ ਤੇ ਹਲਦੀ ਉੱਲੀ ਦਾ ਹਮਲਾ ਵੀ ਕਿਸਾਨਾਂ ਲਈ ਨਵਾਂ ਸੰਕਟ ਬਣ ਗਿਆ ਹੈ।ਇਸ ਕਰਕੇ ਕਿਸਾਨਾਂ ਦੇ ਮੂੰਹੋਂ ਰੋਟੀ ਖੁਸਦੀ ਨਜ਼ਰ ਆ ਰਹੀ ਹੈ ਤੇ ਝੋਨੇ ਦਾ ਝਾੜ ਵੀ ਘਟਿਆ ਹੈ।ਸ੍. ਬਰਨਾਲਾ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਹਮੇਸ਼ਾ ਦੇਸ਼ ਦਾ ਅੰਨਦਾਤਾ ਰਹੇ ਹਨ ਤੇ ਉਨ੍ਹਾਂ ਦੀ ਮਿਹਨਤ ਨਾਲ ਹੀ ਦੇਸ਼ ਦੀ ਰੋਟੀ ਚੱਲਦੀ ਹੈ, ਪਰ ਦੁੱਖ ਦੀ ਗੱਲ ਹੈ ਕਿ ਜਦੋਂ ਕਿਸਾਨ ਆਪ ਮੁਸੀਬਤ ਵਿੱਚ ਆਉਂਦੇ ਹਨ ਤਾਂ ਸਰਕਾਰਾਂ ਚੁੱਪੀ ਧਾਰ ਲੈਂਦੀਆਂ ਹਨ।ਉਨ੍ਹਾ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰਾਂ ਨੇ ਕਿਸਾਨਾਂ ਦੀ ਇਹ ਵਾਜਬ ਮੰਗ ਪੂਰੀ ਨਾ ਕੀਤੀ ਤਾਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਕਿਸਾਨਾਂ ਦੇ ਨਾਲ ਖੜ੍ਹ ਕੇ ਆਵਾਜ਼ ਉਠਾਏਗਾ ਤੇ ਜਨਤਾ ਦੇ ਹੱਕ ਲਈ ਸੜਕਾਂ 'ਤੇ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।ਫੋਟੋ ਕੈਪਸ਼ਨ ਧੂਰੀ -ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਹਲਕਾ ਵਿਧਾਇਕ ਸ੍. ਗਗਨਜੀਤ ਸਿੰਘ ਬਰਨਾਲਾ॥

## ਵਿਧਾਇਕ ਦਹੀਆ ਵੱਲੋਂ ਤੰਬਾਕੂ ਵਿਰੋਧੀ ਮੁਹਿੰਮ ਲਈ ਜਾਗਰੂਕਤਾ ਬੈਨਰ ਜਾਰੀ

**ਪੰਚਾਂ-ਸਰਪੰਚਾਂ ਨੂੰ ਤੰਬਾਕੂ ਮੁਕਤ ਪਿੰਡ ਬਣਾਉਣ ਦੀ ਕੀਤੀ ਅਪੀਲ**




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਫ਼ਿਰੋਜ਼ਪੁਰ ਦਿਹਾਤੀ ਵਿਧਾਇਕ ਰਜਨੀਸ਼ ਦਹੀਆ ਵੱਲੋਂ ਸਿਹਤ ਵਿਭਾਗ ਦੀ 'ਤੰਬਾਕੂ ਮੁਕਤ ਯੂਥ ਕੈਂਪੇਨ' ਹੇਠ ਤੰਬਾਕੂ ਵਿਰੋਧੀ ਮੁਹਿੰਮ ਲਈ ਜਾਗਰੂਕਤਾ ਬੈਨਰ ਜਾਰੀ ਕੀਤਾ ਗਿਆ ਤੇ ਪੰਚਾਂ ਸਰਪੰਚਾਂ ਨੂੰ ਤੰਬਾਕੂ ਮੁਕਤ ਪਿੰਡ ਬਣਾਉਣ ਲਈ ਹੰਭਲਾ ਮਾਰਨ ਦੀ ਅਪੀਲ ਵੀ ਕੀਤੀ ਗਈ। ਬੈਨਰ ਜਾਰੀ ਕਰਨ ਸਮੇਂ ਉਨ੍ਹਾਂ ਨਾਲ ਡਾ. ਮਨਮੀਤ ਸਿੰਘ ਸਕੂਲ ਹੈੱਲਥ ਅਫਸਰ, ਸਿਹਤ ਵਿਭਾਗ ਤੋਂ ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਸੰਜੀਵ ਸ਼ਰਮਾ ਤੇ ਡਿਪਟੀ ਮਾਸ ਮੀਡੀਆ ਅਫ਼ਸਰ ਅੰਕੁਸ਼ ਭੰਡਾਰੀ ਵੀ ਹਾਜ਼ਰ ਸਨ। ਸਿਵਲ ਸਰਜਨ ਫ਼ਿਰੋਜ਼ਪੁਰ ਡਾ. ਰਾਜਵਿੰਦਰ ਕੌਰ ਨੇ ਇਸ ਮੌਕੇ ਦੱਸਿਆ ਕਿ ਦੇਸ਼ ਭਰ 'ਚ ਲਾਗੂ ਸਿਗਰੇਟ ਤੇ ਹੋਰ ਤੰਬਾਕੂ ਉਤਪਾਦ ਐਕਟ-2003 ਨੂੰ ਸੁਚੱਜੇ ਢੰਗ ਨਾਲ ਲਾਗੂ ਕਰਵਾਉਣ, ਸਾਰੀਆਂ ਸਰਕਾਰੀ ਇਮਾਰਤਾਂ-ਦਫਤਰਾਂ ਆਦਿ ਨੂੰ ਤੰਬਾਕੂਨੋਸ਼ੀ ਰਹਿਤ ਘੋਸ਼ਿਤ ਕਰਨ ਤੇ 'ਤੰਬਾਕੂਨੋਸ਼ੀ ਰਹਿਤ ਖੇਤਰ' ਬੋਰਡ ਪ੍ਰਦਰਸ਼ਤ ਕੀਤੇ ਜਾ ਰਹੇ ਹਨ ਅਤੇ ਐਕਟ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟਣ ਸੰਬਧੀ ਟਾਸਕ ਫੋਰਸ ਦੇ ਮੈਂਬਰਾਂ ਨਾਲ ਵਿਚਾਰ-ਚਰਚਾ ਕਰਕੇ ਦਿਸ਼ਾ ਨਿਰਦੇਸ਼ ਵੀ ਦਿੱਤੇ ਗਏ ਹਨ। ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਸੰਜੀਵ ਸ਼ਰਮਾ ਤੇ ਡਿਪਟੀ ਮਾਸ ਮੀਡੀਆ ਅਫ਼ਸਰ ਅੰਕੁਸ਼ ਭੰਡਾਰੀ ਨੇ ਕਿਹਾ ਕਿ ਕੋਟਪਾ ਐਕਟ ਦੀ ਧਾਰਾ-4 ਤੇ ਧਾਰਾ-6 ਅਧੀਨ ਜਨਤਕ ਸਥਾਨਾਂ ਜਿਵੇਂ ਬੱਸ ਸਟੈਂਡ, ਰੇਲਵੇ ਸਟੇਸ਼ਨ, ਬੈਂਕ, ਬਜ਼ਾਰ, ਪਾਰਕ ਤੇ ਹੋਟਲ-ਢਾਬਿਆਂ ਆਦਿ ਵਿੱਚ ਤੰਬਾਕੂਨੋਸ਼ੀ ਕਰਨ ਵਾਲਿਆਂ ਦੇ ਚਲਾਨ ਕੱਟਣ ਤੇ ਵਿੱਦਿਅਕ ਅਦਾਰਿਆਂ ਦੇ ਨੇੜੇ ਤੰਬਾਕੂ ਦੀ ਵਿਕਰੀ ਬੰਦ ਕਰਵਾਉਣ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਮੌਕੇ ਸਿਹਤ ਵਿਭਾਗ ਵੱਲੋਂ ਸਾਰੇ ਦਫਤਰਾਂ ਨੂੰ ਤੰਬਾਕੂ ਮੁਕਤ ਘੋਸ਼ਿਤ ਕਰਨ ਤੇ ਜਾਗਰੂਕਤਾ ਬੋਰਡ ਪ੍ਰਦਰਸ਼ਤ ਕਰਨ ਦੀ ਹਦਾਇਤ ਕੀਤੀ ਗਈ।

## ਪਰਾਲੀ ਸਾੜਨ ਪ੍ਰਤੀ ਜ਼ੀਰੋ ਟੌਲਰੈਂਸ ਨੀਤੀ ਦਾ ਰੂਪ ਅਖਤਿਆਰ

*ਡੀ.ਸੀ. ਨੇ ਸਿਵਲ ਤੇ ਪੁਲਸ ਅਧਿਕਾਰੀਆਂ ਨੂੰ ਦਿੱਤੇ ਸਖ਼ਤ ਆਦੇਸ਼*

ਮਾਲੇਰਕੋਟਲਾ (ਅਸਗਰ ਪਰਹਾਰ)-ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ੀਰੋ ਟਾਲਰੈਂਸ ਨੀਤੀ ਅਪਣਾਉਂਦੇ ਹੋਏ ਸਖ਼ਤ ਕਾਰਵਾਈ ਸ਼ੁਰੂ ਕੀਤੀ ਗਈ ਹੈ।ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਤੇ ਐਸ.ਐਸ.ਪੀ ਗਗਨ ਅਜੀਤ ਸਿੰਘ ਵੱਲੋਂ ਸਿਵਲ ਤੇ ਪੁਲਸ ਅਧਿਕਾਰੀਆਂ ਨਾਲ ਕੀਤੀ ਗਈ ਵਿਸ਼ੇਸ਼ ਮੀਟਿੰਗ ਦੌਰਾਨ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਸਾਰੇ ਅਧਿਕਾਰੀ ਮੈਦਾਨੀ ਪੱਧਰ 'ਤੇ ਵੱਧ ਸਮਾਂ ਬਿਤਾਉਣ ਤੇ ਨਾਜ਼ੁਕ ਖੇਤਰਾਂ ਵਿੱਚ ਸਾਂਝੇ ਤੌਰ 'ਤੇ ਗਸ਼ਤ ਕਰਦੇ ਰਹਿਣ।

ਉਨ੍ਹਾਂ ਕਿਹਾ ਕਿ ਸਿਵਲ ਤੇ ਪੁਲਸ ਵਿਭਾਗਾਂ ਵੱਲੋਂ ਕੀਤੀ ਜਾਣ ਵਾਲੀ ਸਾਂਝੀ ਗਸ਼ਤ ਨਾਲ ਲੋਕਾਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਹੋਵੇਗੀ ਤੇ ਕਿਸਾਨਾਂ ਵੱਲੋਂ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਦੀਆਂ ਘਟਨਾਵਾਂ 'ਚ ਕਮੀ ਆਵੇਗੀ।ਡਿਪਟੀ ਕਮਿਸ਼ਨਰ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਪਰਾਲੀ ਸਾੜਨ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਿਸੇ ਵੀ ਕਿਸਮ ਦੀ ਰਿਆਇਤ ਨਹੀਂ ਕੀਤੀ ਜਾਵੇਗੀ ਤੇ ਕਾਨੂੰਨੀ ਕਾਰਵਾਈ ਸਖ਼ਤੀ ਨਾਲ ਅਮਲ ਵਿੱਚ ਲਿਆਂਦੀ ਜਾਵੇਗੀ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਹਰ ਪਿੰਡ ਵਿੱਚ ਸਰਪੰਚਾਂ, ਕਿਸਾਨ ਯੂਨੀਅਨਾਂ ਤੇ ਪ੍ਰਭਾਵਸ਼ਾਲੀ ਵਿਅਕਤੀਆਂ ਨਾਲ ਮੀਟਿੰਗਾਂ ਕਰਕੇ ਲੋਕਾਂ ਨੂੰ ਪਰਾਲੀ ਸਾੜਨ ਦੇ ਨੁਕਸਾਨਾਂ ਤੇ ਇਸ ਨਾਲ ਵਾਤਾਵਰਣ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਨਾ ਸਿਰਫ ਹਵਾ ਪ੍ਰਦੂਸ਼ਤ ਹੁੰਦੀ ਹੈ, ਸਗੋਂ ਮਿੱਟੀ ਦੀ ਉਪਜਾਊ ਸ਼ਕਤੀ ਵੀ ਘਟਦੀ ਹੈ, ਜਿਸ ਨਾਲ ਕਿਸਾਨਾਂ ਦੀ ਅਗਲੀ ਫ਼ਸਲ 'ਤੇ ਸਿੱਧਾ ਅਸਰ ਪੈਂਦਾ ਹੈ।ਐਸ.ਐਸ.ਪੀ ਗਗਨ ਅਜੀਤ ਸਿੰਘ ਨੇ ਵੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਜ਼ਿਲ੍ਹੇ ਦੇ ਹਰ ਖੇਤਰ 'ਚ ਪੁਲਸ ਟੀਮਾਂ ਸਰਗਰਮ ਰਹਿਣ ਤੇ ਪਰਾਲੀ ਸਾੜਨ ਨਾਲ ਸਬੰਧਤ ਹਰ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ।

## ਬਲਧੀਰ ਮਾਹਲਾ ਤੇ ਡਾ. ਦੌਧਰ ਨੇ ਪ੍ਰਗਟ ਸਿੰਘ ਗਿੱਲ ਦੇ ਘਰ ਪਹੁੰਚ ਖੁਸ਼ੀਆਂ ਵਧਾਈਆਂ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਪਿੰਡ ਬਹੋਨਾ ਦੇ ਪ੍ਰਗਟ ਸਿੰਘ ਗਿੱਲ, ਜੋ ਗਿੱਲ ਬਾਗੀ ਹੋ ਗਿਆ ਦੇ ਨਾਂਅ ਨਾਲ ਵੀ ਜਾਣੇ ਜਾਂਦੇ ਹਨ ਤੇ ਉਨ੍ਹਾਂ ਦੇ ਪਰਵਾਰ ਲਈ ਬੇਹੱਦ ਖਾਸ ਤੇ ਭਾਗਾਂ ਵਾਲਾ ਰਿਹਾ।ਉਨ੍ਹਾਂ ਦੇ ਨਿਵਾਸ ਅਸਥਾਨ ਵਿਖੇ ਮਹਾਨ ਲੇਖਕ ਤੇ ਗਾਇਕਾਂ ਦਾ ਇੱਕ ਵੱਡਾ ਇਕੱਠ ਹੋਇਆ, ਜਿਸ ਨੇ ਪਰਵਾਰ ਦੀਆਂ ਖੁਸ਼ੀਆਂ ਨੂੰ ਦੁੱਗਣਾ ਕਰ ਦਿੱਤਾ।ਇਸ ਮੌਕੇ ਮਸ਼ਹੂਰ ਗੀਤ 'ਕੁੱਕੂ ਰਾਣਾ ਰੋਂਦਾਂ ਵਾਲੇ' ਦੇ ਰਚੇਤਾ ਲੇਖਕ ਤੇ ਗਾਇਕ ਬਲਧੀਰ ਮਾਹਲਾ (ਜ਼ਿਲ੍ਹਾ ਮੋਗਾ), ਸਾਹਿਤਕਾਰ ਡਾਕਟਰ ਸੁਰਜੀਤ ਸਿੰਘ ਦੌਧਰ, ਪ੍ਰਸਿੱਧ ਗਾਇਕਾਵਾਂ ਸੋਫ਼ੀਆ ਗਿੱਲ ਤੇ ਗੁਰਮੀਤ ਸਿੰਘ ਘਣਗਸ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇੰਚਾਰਜ ਪ੍ਰਦੀਪ ਕੁਮਾਰ ਸਿੰਘ ਤੇ ਸੀਨੀਅਰ ਪੱਤਰਕਾਰ ਐਲਿਗਜ਼ੈਂਡਰ ਡਿਸੂਜ਼ਾ ਦੀ ਹਾਜ਼ਰੀ ਨੇ ਵੀ ਮਹਿਫ਼ਲ ਨੂੰ ਸ਼ਿੰਗਾਰਿਆ। ਰਾਜਨੀਤਕ ਸ਼ਖਸੀਅਤਾਂ 'ਚੋਂ ਸਰਪੰਚ ਹਰਭਜਨ ਸਿੰਘ ਬਹੋਨਾ ਤੇ ਬੇਅੰਤ ਸਿੰਘ ਗਿੱਲ ਨੇ ਵੀ ਸਮਾਗਮ ਵਿੱਚ ਸ਼ਮੂਲੀਅਤ ਕੀਤੀ।

## ਪੰਜਾਬੀ 'ਵਰਸਿਟੀ ਗੁਰੂ ਕਾਸ਼ੀ ਕੈਂਪਸ ਦੇ ਵਿਦਿਆਰਥੀਆਂ ਦਾ ਉਦਯੋਗਿਕ ਦੌਰਾ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਦੇ ਬਿਜ਼ਨੈੱਸ ਸਟੱਡੀਜ਼ ਵਿਭਾਗ ਨੇ ਵਿਦਿਆਰਥੀਆਂ ਨੂੰ ਉਦਯੋਗਿਕ ਅਭਿਆਸਾਂ ਤੋਂ ਜਾਣੂ ਕਰਵਾਉਣ ਲਈ ਇੱਕ ਉਦਯੋਗਿਕ ਦੌਰੇ ਦਾ ਆਯੋਜਨ ਕੀਤਾ।ਵਿਭਾਗ ਦੇ ਐੱਮ.ਬੀ.ਏ., ਐੱਮ. ਕਾਮ., ਬੀਬੀਏ ਤੇ ਬੀ. ਕਾਮ. ਕੋਰਸਾਂ ਦੇ ਵਿਦਿਆਰਥੀਆਂ ਨੇ ਬਠਿੰਡਾ ਜ਼ਿਲ੍ਹੇ ਦੇ ਜੀਦਾ ਸਥਿਤ ਸਪੋਰਟਕਿੰਗ ਇੰਡਸਟਰੀਜ਼ ਦਾ ਦੌਰਾ ਕੀਤਾ।ਸਪੋਰਟ ਕਿੰਗ ਇੰਡਸਟਰੀਜ਼ ਭਾਰਤ ਦੀ ਮੋਹਰੀ ਵਰਟੀਕਲ ਏਕੀਕ੍ਰਿਤ ਟੈਕਸਟਾਈਲ ਸਮੂਹ ਹੈ ਤੇ ਵਧੀਆ ਗੁਣਵੱਤਾ ਵਾਲੇ ਉਤਪਾਦਾਂ ਤੇ ਸੇਵਾ ਲਈ ਥੋਕ ਵਿੱਚ ਸੂਤੀ ਧਾਗਾ, ਨਾਈਲੋਨ ਧਾਗਾ, ਪੋਲਿਸਟਰ ਧਾਗਾ ਦੇ ਮੋਹਰੀ ਨਿਰਮਾਤਾਵਾਂ ਵਿੱਚੋਂ ਇੱਕ ਹੈ।ਵਿਦਿਆਰਥੀਆਂ ਦੇ ਨਾਲ ਵਿਭਾਗ ਦੇ ਫੈਕਲਟੀ ਮੈਂਬਰ ਡਾ. ਦਿਆਲ ਭਟਨਾਗਰ, ਡਾ. ਰਵੀ ਕੁਮਾਰ ਤੇ ਡਾ. ਅਮਨਪ੍ਰੀਤ ਕੌਰ ਵੀ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਪਲਾਂਟ ਲੇਆਉਟ, ਉਤਪਾਦਨ ਪ੍ਰਕਿਰਿਆ, ਵਸਤੂ ਸੂਚੀ ਪ੍ਰਬੰਧਨ, ਪੈਕੇਜਿੰਗ, ਲੌਜਿਸਟਿਕਸ ਤੇ ਮਾਰਕੀਟਿੰਗ ਆਦਿ ਵਰਗੇ ਉਤਪਾਦਨ ਤੇ ਪ੍ਰਬੰਧਨ ਨਾਲ ਸਬੰਧਤ ਵੱਖ-ਵੱਖ ਪਹਿਲੂਆਂ ਨੂੰ ਮੌਕੇ 'ਤੇ ਸਿਖਾਇਆ।ਵਿਭਾਗ ਦੇ ਮੁਖੀ ਡਾ. ਨਰਿੰਦਰ ਕੌਰ ਨੇ ਇਸ ਦੌਰੇ ਦੀ ਯੋਜਨਾ ਬਣਾਉਣ ਤੇ ਪ੍ਰਬੰਧ ਕਰਨ ਵਾਲੇ ਨਾਲ ਆਏ ਸਟਾਫ ਮੈਂਬਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।ਡਾ. ਨਰਿੰਦਰ ਨੇ ਕਿਹਾ ਕਿ ਇਹ ਦੌਰਾ ਵਿਦਿਆਰਥੀਆਂ ਲਈ ਬਹੁਤ ਫਲਦਾਇਕ ਹੋਵੇਗਾ, ਕਿਉਂਕਿ ਵਿਦਿਆਰਥੀਆਂ ਨੂੰ ਦੁਨੀਆ ਵਿੱਚ ਇਸ ਕਿਸਮ ਦੀ ਇੱਕ ਮੋਹਰੀ ਉਦਯੋਗਿਕ ਇਕਾਈ ਵਿੱਚ ਜਾਣ ਤੇ ਸਿੱਖਣ ਦਾ ਮੌਕਾ ਮਿਲਿਆ।ਉਨ੍ਹਾਂ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਦਾ ਪ੍ਰਬੰਧ ਕਰਨ ਵਿੱਚ ਕੈਂਪਸ ਡਾਇਰੈਕਟਰ ਡਾ. ਅਮਨਦੀਪ ਸਿੰਘ ਦੇ ਸਮਰਥਨ ਤੇ ਮਾਰਗਦਰਸ਼ਨ ਦੀ ਵੀ ਸ਼ਲਾਘਾ ਕੀਤੀ।ਡਾ. ਅਮਨਦੀਪ ਸਿੰਘ ਨੇ ਕਿਹਾ ਕਿ ਕੈਂਪਸ ਪੰਜਾਬ ਤੇ ਨੇੜਲੇ ਰਾਜਾਂ ਦੇ ਪੇਂਡੂ ਖੇਤਰਾਂ ਦੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਦਾ ਹੈ ਅਤੇ ਅਜਿਹੇ ਦੌਰੇ ਵਿਦਿਆਰਥੀਆਂ ਨੂੰ ਆਧੁਨਿਕ ਉਦਯੋਗਿਕ ਅਭਿਆਸਾਂ ਨਾਲ ਜਾਣੂ ਕਰਵਾਉਣ ਤੇ ਜਾਣੂ ਕਰਵਾਉਣ ਲਈ ਹੋਰ ਵੀ ਲਾਭਦਾਇਕ ਹੋਣਗੇ।

## 'ਜਾਗਦੇ ਰਹੋ ਕਲੱਬ' ਦੇ ਸੇਵਾਦਾਰਾਂ ਨੇ ਕੈਂਸਰ ਮਰੀਜ਼ ਲਈ ਕੀਤਾ ਖ਼ੂਨਦਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜਾਗਦੇ ਰਹੋ ਕਲੱਬ ਪਟਿਆਲਾ ਦੀ ਐਮਰਜੈਂਸੀ ਸੇਵਾਵਾਂ ਨਿਰੰਤਰ ਜਾਰੀ ਹਨ।ਐਮਰਜੈਂਸੀ ਫੋਨ ਕਾਲ ਆਉਣ 'ਤੇ ਕਲੱਬ ਦੇ ਸੇਵਾਦਾਰ ਡਾ. ਗੁਰਸੰਤ ਸਿੰਘ ਬੋਸਰ ਨੇ ਕੈਂਸਰ ਮਰੀਜ਼ ਲਖਵਿੰਦਰ ਸਿੰਘ ਚੱਪੜ ਲਈ ਸਰਕਾਰੀ ਰਾਜਿੰਦਰਾ ਹਸਪਤਾਲ ਬਲੱਡ ਬੈਂਕ ਵਿੱਚ ਪਹੁੰਚ ਕੇ ਖ਼ੂਨਦਾਨ ਕੀਤਾ।ਇਸੇ ਤਰ੍ਹਾਂ ਚਰਨਜੀਤ ਸਿੰਘ 'ਜਾਗਦੇ ਰਹੋ' ਨੇ ਮਰੀਜ਼ ਅਵਤਾਰ ਸਿੰਘ ਬੋਸਰ ਲਈ ਰਾਜਿੰਦਰਾ ਹਸਪਤਾਲ ਬਲੱਡ ਬੈਂਕ 'ਚ ਪਹੁੰਚ ਕੇ 33ਵੀਂ ਵਾਰ ਖ਼ੂਨਦਾਨ ਕੀਤਾ।ਡਾ. ਗੁਰਸੰਤ ਸਿੰਘ ਬੋਸਰ ਨੇ ਕਿਹਾ ਕਿ ਐਮਰਜੈਂਸੀ ਮਰੀਜ਼ਾਂ ਲਈ ਖ਼ੂਨਦਾਨ ਕਰਨਾ ਸਭ ਤੋਂ ਵੱਡਾ ਪੁੰਨ ਹੈ।ਕੁਝ ਸੰਸਥਾਵਾਂ ਖ਼ੂਨਦਾਨ ਕੈਂਪ ਤਾਂ ਲਾ ਜਾਂਦੀਆਂ ਹਨ, ਜਦੋਂ ਸਾਨੂੰ ਖ਼ੂਨ ਦੀ ਲੋੜ ਹੁੰਦੀ ਹੈ। ਬਾਅਦ 'ਚ ਫੋਨ ਨਹੀਂ ਚੱਕਦੀਆਂ ਹਨ ਤੇ ਫੋਨ ਬੰਦ ਕਰ ਲੈਂਦੀਆਂ ਹਨ, ਜਿਸ ਕਰਕੇ ਐਮਰਜੈਂਸੀ ਮਰੀਜ਼ਾਂ ਨੂੰ ਖ਼ੂਨ ਲੈਣ ਸਮੇਂ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਕੁੱਝ ਸੰਸਥਾਵਾਂ ਦੇ ਪ੍ਰਧਾਨ ਸਿਰਫ਼ ਨਾਂਅ ਦੇ ਹੀ ਪ੍ਰਧਾਨ ਹਨ, ਉਹ ਨਾ ਤਾਂ ਖੁਦ ਐਮਰਜੈਂਸੀ ਮਰੀਜ਼ਾਂ ਲਈ ਖ਼ੂਨਦਾਨ ਕਰਦੇ ਹਨ ਤੇ ਨਾ ਹੀ ਖ਼ੂਨ ਦਿਵਾਉਂਦੇ ਹਨ।ਸਗੋਂ ਮਰੀਜ਼ਾਂ ਨੂੰ ਜਾਗਦੇ ਰਹੋ ਕਲੱਬ ਪਟਿਆਲਾ ਦਾ ਹੈਲਪਲਾਈਨ ਨੰਬਰ ਅੱਗੇ ਦੇ ਦਿੰਦੇ ਹਨ ਕਿ ਇਹ ਦਿਵਾ ਦੇਣਗੇ।


## ਨਗਰ ਕੌਂਸਲ ਦੀ ਮਾਸਿਕ ਮੀਟਿੰਗ 'ਚ ਕਈ ਅਹਿਮ ਮਤੇ ਪ੍ਰਵਾਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਇਤਿਹਾਸਕ ਨਗਰ ਮਾਛੀਵਾੜਾ ਸਾਹਿਬ ਦੀ ਨਗਰ ਕੌਂਸਲ ਦੀ ਮਾਸਿਕ ਇਕੱਤਰਤਾ ਪ੍ਰਧਾਨ ਮੋਹਿਤ ਕੁੰਦਰਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਮੂਹ ਕੌਂਸਲਰਾਂ ਦੀ ਸਹਿਮਤੀ ਨਾਲ ਕਈ ਅਹਿਮ ਮਤੇ ਪ੍ਰਵਾਨ ਕੀਤੇ ਗਏ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਪ੍ਰਧਾਨ ਮੋਹਿਤ ਕੁੰਦਰਾ ਨੇ ਦੱਸਿਆ ਕਿ ਮਾਛੀਵਾੜਾ ਦੀ ਬਲੀਬੇਗ ਬਸਤੀ ਵਿਖੇ ਰਹਿੰਦੇ ਸੈਂਕੜੇ ਪਰਵਾਰਾਂ ਦੇ ਬੱਚਿਆਂ ਲਈ ਸਰਕਾਰੀ ਪ੍ਰਾਇਮਰੀ ਸਕੂਲ ਬਣਾਉਣ ਦੀ ਤਜਵੀਜ਼ ਤਿਆਰ ਕੀਤੀ ਹੈ, ਕਿਉਂਕਿ ਉਨ੍ਹਾਂ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਦੂਰ ਜਾਣਾ ਪੈਂਦਾ ਹੈ। ਸਿੱਖਿਆ ਵਿਭਾਗ ਅਨੁਸਾਰ ਜੇਕਰ ਨਗਰ ਕੌਂਸਲ ਬਸਤੀ ਨੇੜੇ 4 ਕਨਾਲ ਜਗ੍ਹਾ ਮੁਹੱਈਆ ਕਰਵਾ ਦੇਵੇ ਤਾਂ ਇੱਥੇ ਸਰਕਾਰ ਸਕੂਲ ਖੋਲ੍ਹ ਦਿੱਤਾ ਜਾਵੇਗਾ। ਪ੍ਰਧਾਨ ਕੁੰਦਰਾ ਨੇ ਕਿਹਾ ਕਿ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦਾ ਨਿਰਦੇਸ਼ ਹਨ ਕਿ ਗਰੀਬ ਬੱਚਿਆਂ ਦਾ ਸਿੱਖਿਆ ਪੱਧਰ ਉੱਚਾ ਚੁੱਕਣ ਲਈ ਹਰ ਸੰਭਵ ਯਤਨ ਕੀਤੇ ਜਾਣ, ਇਸ ਲਈ ਬਲੀਬੇਗ ਬਸਤੀ ਨੇੜੇ ਜੋ ਨਗਰ ਕੌਂਸਲ ਦੀ ਸ਼ਾਮਲਾਤ ਜ਼ਮੀਨ ਪਈ ਹੈ, ਉਸ 'ਚੋਂ 4 ਕਨਾਲ ਜਗ੍ਹਾ ਸਰਕਾਰ ਸਕੂਲ ਖੋਲ੍ਹਣ ਲਈ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇੱਥੇ ਸਕੂਲ ਖੁੱਲ੍ਹਣ ਨਾਲ ਗਰੀਬ ਪਰਵਾਰਾਂ ਦੇ ਬੱਚਿਆਂ ਨੂੰ ਵੱਡੀ ਸਹੂਲਤ ਮਿਲੇਗੀ। ਇਸ ਤੋਂ ਇਲਾਵਾ ਮੀਟਿੰਗ 'ਚ ਇਹ ਵੀ ਮਤਾ ਪਾਸ ਕੀਤਾ ਗਿਆ ਕਿ ਸ਼ਹਿਰ ਵਿਚ ਸਫ਼ਾਈ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਉਣ ਲਈ 35 ਸਫ਼ਾਈ ਸੇਵਕ ਤੇ 3 ਸੀਵਰਮੈਨ, ਜਿਨ੍ਹਾਂ ਦਾ 1 ਸਾਲ ਦਾ ਠੇਕਾ ਖਤਮ ਹੋ ਗਿਆ ਹੈ, ਉਸ ਨੂੰ ਰੀਨਿਊ ਕੀਤਾ ਜਾਵੇਗਾ। ਸ਼ਹਿਰ ਦੇ ਵਿਕਾਸ ਲਈ ਕਰੀਬ 41 ਲੱਖ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੇ ਮਤੇ ਵੀ ਪਾਸ ਕੀਤੇ ਗਏ। ਇਸ ਮੌਕੇ ਕਾਰਜ ਸਾਧਕ ਅਫ਼ਸਰ ਵਿਕਰਮਜੀਤ ਸਿੰਘ, ਲੇਖਾਕਾਰ ਸੰਜੀਵ ਗਰੋਵਰ, ਜਗਮੀਤ ਮੱਕੜ, ਅਸ਼ੋਕ ਸੂਦ, ਸੁਰਿੰਦਰ ਕੁਮਾਰ ਛਿੰਦੀ, ਨੀਰਜ ਕੁਮਾਰ, ਕਿਸ਼ੋਰ ਕੁਮਾਰ, ਰਸ਼ਮੀ ਜੈਨ, ਹਰਵਿੰਦਰ ਕੌਰ, ਕੁਲਵਿੰਦਰ ਕੌਰ, ਪਰਮਜੀਤ ਕੌਰ, ਰਵਿੰਦਰਜੀਤ ਕੌਰ, ਪ੍ਰਕਾਸ਼ ਕੌਰ (ਸਾਰੇ ਕੌਂਸਲਰ) ਹਾਜ਼ਰ ਸਨ।

## ਪੰਜ ਪਿੰਡਾਂ ਦੀ ਸੰਗਤ ਦੀ ਅਹਿਮ ਮੀਟਿੰਗ ਹੋਈ




**ਨਾਭਾ (ਵਰਿੰਦਰ ਵਰਮਾ)**-ਪਾਤਸ਼ਾਹੀ ਨੌਵੀਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦੇ 350 ਸਾਲਾ ਸ਼ਤਾਬਦੀ ਨੂੰ ਮੁੱਖ ਰੱਖਦਿਆਂ ਪਾਤਸ਼ਾਹੀ ਨੌਵੀਂ ਗੁਰਦੁਆਰਾ ਰੋਹਟਾ ਸਾਹਿਬ ਵਿਖੇ ਪੰਜ ਪਿੰਡਾਂ ਦੀ ਸੰਗਤ ਦੀ ਅਹਿਮ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਮਾਗਮ ਨੂੰ ਲੈ ਕੇ ਵਿਚਾਰਾਂ ਕੀਤੀਆਂ ਗਈਆਂ ਹਨ।ਇਸ ਮੌਕੇ ਤਿੰਨ ਦਿਨ ਧਾਰਮਿਕ ਸਮਾਗਮ ਚੱਲਣੇ ਹਨ ਤੇ ਵਿਸ਼ਾਲ ਨਗਰ ਕੀਰਤਨ ਸਜਾਏ ਜਾਣਗੇ।ਮੀਟਿੰਗ 'ਚ ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਅਮਰੀਕ ਸਿੰਘ ਨੇ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਤੇ ਐਸਜੀਪੀਸੀ ਵੱਲੋਂ ਵੀ ਪ੍ਰੋਗਰਾਮ ਨੇ ਜਿਹੜੇ ਉਹ ਉਲੀਕੇ ਗਏ ਹਨ, ਪੰਜ ਪਿੰਡਾਂ ਦੀ ਸੰਗਤ ਦਾ ਬਹੁਤ ਵੱਡਾ ਸਹਿਯੋਗ ਇਸ ਸਥਾਨ 'ਤੇ ਰਹਿੰਦਾ ਹੈ, ਕਿਉਂਕਿ ਇਸ ਸਥਾਨ ਤੇ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਪਰਿਵਾਰ ਸਮੇਤ ਦੋ ਰਾਤਾਂ ਤਿੰਨ ਦਿਨ ਰੁਕੇ ਸਨ।

## ਸੈਂਟੀਨਲ ਸਕੂਲ ਦੀ ਗੁਰਮਨ ਦਾ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਸਮਰਾਲਾ (ਸੁਰਜੀਤ ਸਿੰਘ)**-ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿੱਚ ਹੋਏ ਐਥਲੈਟਿਕਸ ਮੁਕਾਬਲਿਆਂ ਵਿੱਚ ਸਥਾਨਕ ਸੈਂਟੀਨਲ ਇੰਟਰਨੈਸ਼ਨਲ ਸਕੂਲ ਦੀ ਵਿਦਿਆਰਥਣ ਗੁਰਮਨ ਕੌਰ ਦਾ ਅੰਡਰ-14 ਦੇ 4×100 ਮੀਟਰ ਰਿਲੇਅ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਰਿਹਾ। ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਸਕੂਲ ਦੀ ਵਿਦਿਆਰਥਣ ਦੀ ਜ਼ਿਕਰਯੋਗ ਉਪਲੱਬਧੀ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਸਖ਼ਤ ਮਿਹਨਤ ਹਮੇਸ਼ਾ ਚੰਗੇ ਨਤੀਜਿਆਂ ਦੀ ਗਵਾਹ ਹੁੰਦੀ ਹੈ।ਉਨ੍ਹਾਂ ਕਿਹਾ ਕਿ ਖੇਡਾਂ ਹੋਣ ਜਾਂ ਪੜ੍ਹਾਈ ਬਿਨਾਂ ਸਖ਼ਤ ਮੇਹਨਤ ਕੁਝ ਵੀ ਹਾਸਿਲ ਨਹੀਂ ਹੁੰਦਾ। ਉਹਨਾਂ ਕਿਹਾ ਕਿ ਜੇਕਰ ਉਨ੍ਹਾਂ ਜ਼ਿੰਦਗੀ ਵਿੱਚ ਚੰਗਾ ਮੁਕਾਮ ਹਾਸਲ ਕਰਨਾ ਹੈ ਤਾਂ ਸਖ਼ਤ ਮਿਹਨਤ ਕਰਨ ਦੀ ਹੁਣ ਤੋਂ ਹੀ ਆਦਤ ਪਾਈ ਜਾਵੇ।ਉਨ੍ਹਾਂ ਕਿਹਾ ਕਿ ਸਖ਼ਤ ਮਿਹਨਤ ਦਾ ਕੋਈ ਬਦਲ ਨਹੀਂ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਅਜਿਹੇ ਪਲੇਟਫਾਰਮ ਪ੍ਰਦਾਨ ਕਰਨ ਦਾ ਵਾਅਦਾ ਕੀਤਾ।ਉਨ੍ਹਾਂ ਗੁਰਮਨ ਕੌਰ ਨੂੰ ਰਾਜ ਪੱਧਰੀ ਖੇਡ ਮੁਕਾਬਲਿਆਂ ਵਿੱਚ ਤਿਆਰੀ ਕਰਨ ਲਈ ਕਿਹਾ।

## ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੇ ਹਿੱਤਾਂ ਦੀ ਅਸਲੀ ਪਹਿਰੇਦਾਰ ਪਾਰਟੀ : ਜਥੇ. ਤੀਰਥ ਸਿੰਘ ਮਾਹਲਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਥੇਦਾਰ ਤੀਰਥ ਸਿੰਘ ਮਾਹਲਾ ਨੇ ਕਿਹਾ ਹੈ ਕਿ ਸੂਬਾ ਪੱਧਰੀ ਰਾਜਨੀਤੀ ਵਿੱਚ ਅੱਜ ਵੀ ਜੇਕਰ ਕੋਈ ਪਾਰਟੀ ਪੰਜਾਬੀ ਅਸਤੀਤਵ, ਧਾਰਮਿਕ ਸਨਮਾਨ ਤੇ ਕਿਸਾਨ ਮਜ਼ਦੂਰ ਦੇ ਹੱਕਾਂ ਦੀ ਸੱਚੀ ਪਹਿਰੇਦਾਰ ਹੈ, ਤਾਂ ਉਹ ਹੈ ਸ਼੍ਰੋਮਣੀ ਅਕਾਲੀ ਦਲ।ਉਨ੍ਹਾਂ ਕਿਹਾ ਕਿ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਦੁਬਾਰਾ ਮਜ਼ਬੂਤੀ ਨਾਲ ਖੜ੍ਹੀ ਹੋ ਰਹੀ ਹੈ ਤੇ ਜਨਤਾ 'ਚ ਵਿਸ਼ਵਾਸ ਮੁੜ ਬਣ ਰਿਹਾ ਹੈ।ਮਾਹਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਪੰਜਾਬ ਦੇ ਹੱਕਾਂ ਦੀ ਆਵਾਜ਼ ਉਠਾਈ ਹੈ, ਚਾਹੇ ਕੇਂਦਰ 'ਚ ਪੰਜਾਬ ਦੇ ਹਿੱਸੇ ਦਾ ਪਾਣੀ ਬਚਾਉਣ ਦੀ ਲੜਾਈ ਹੋਵੇ, ਕਿਸਾਨਾਂ ਦੇ ਅੰਦੋਲਨ ਦੌਰਾਨ ਉਨ੍ਹਾਂ ਦੇ ਹੱਕਾਂ ਲਈ ਡਟ ਕੇ ਖੜ੍ਹੇ ਰਹਿਣਾ ਹੋਵੇ ਜਾਂ ਸਿੱਖ ਕੌਮ ਦੀ ਮਰਿਆਦਾ ਤੇ ਧਾਰਮਿਕ ਅਜ਼ਾਦੀ ਦੀ ਰੱਖਿਆ ਦੀ ਗੱਲ।ਅਕਾਲੀ ਦਲ ਨੇ ਹਮੇਸ਼ਾ ਲੋਕਾਂ ਨੂੰ ਜੋੜਨ, ਪੰਥ ਤੇ ਪੰਜਾਬ ਦੀ ਰੱਖਿਆ ਕਰਨ ਦਾ ਕੰਮ ਕੀਤਾ ਹੈ।ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਆਪਣੇ ਪ੍ਰਧਾਨ ਕਾਲ ਵਿੱਚ ਪਾਰਟੀ ਨੂੰ ਨਵੀਂ ਸੋਚ ਤੇ ਨਵੇਂ ਯੁੱਗ ਦੇ ਹਿਸਾਬ ਨਾਲ ਮਜ਼ਬੂਤ ਕੀਤਾ ਹੈ।ਜਥੇਦਾਰ ਮਾਹਲਾ ਨੇ ਆਖਿਆ ਕਿ ਅਕਾਲੀ ਦਲ ਹੁਣ ਨੌਜਵਾਨਾਂ, ਕਿਸਾਨਾਂ, ਮਜ਼ਦੂਰਾਂ ਤੇ ਵਪਾਰੀ ਵਰਗ ਦੇ ਹਿੱਤਾਂ ਨੂੰ ਕੇਂਦਰ ਵਿੱਚ ਰੱਖ ਕੇ ਕੰਮ ਕਰ ਰਹੀ ਹੈ।ਹਰ ਜ਼ਿਲ੍ਹੇ, ਹਲਕੇ ਤੇ ਪਿੰਡ ਵਿੱਚ ਸੰਗਠਨ ਦੁਬਾਰਾ ਜ਼ਮੀਨੀ ਪੱਧਰ 'ਤੇ ਤਿਆਰ ਕੀਤਾ ਜਾ ਰਿਹਾ ਹੈ।ਮਾਹਲਾ ਨੇ ਕਿਹਾ ਕਿ ਅੱਜ ਪੰਜਾਬ ਵਿਚ ਜੋ ਹਾਲਾਤ ਬਣੇ ਹੋਏ ਹਨ, ਬੇਰੁਜ਼ਗਾਰੀ, ਨਸ਼ਿਆਂ ਦੀ ਵਧਦੀ ਸਮੱਸਿਆ, ਖੇਤੀਬਾੜੀ ਦੀ ਮਾਰ, ਉਦਯੋਗਾਂ ਦਾ ਪਲਾਇਨ ਤੇ ਕਾਨੂੰਨ-ਵਿਵਸਥਾ ਦੀ ਕਮਜ਼ੋਰੀ ਇਹ ਸਾਰੇ ਮੌਜੂਦਾ ਸਰਕਾਰ ਦੀ ਅਸਫਲਤਾ ਨੂੰ ਸਪੱਸ਼ਟ ਕਰਦੇ ਹਨ।ਲੋਕਾਂ ਨੂੰ ਹੁਣ ਇਹ ਸਮਝ ਆ ਗਈ ਹੈ ਕਿ ਸੂਬੇ ਦੀ ਤਰੱਕੀ ਸਿਰਫ਼ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੇਠ ਹੀ ਸੰਭਵ ਹੈ।

## ਹੇਮਕੁੰਟ ਸਕੂਲ ਦੇ ਐੱਨ ਸੀ ਸੀ ਕੈਡਿਟਸ 10 ਰੋਜ਼ਾ ਕੈਂਪ ਲਈ ਰਵਾਨਾ



**ਕੋਟ ਈਸੇ ਖਾਂ (ਅਰੋੜਾ)**-ਸ੍ਰੀ ਹੇਮਕੁੰਟ ਸੀਨੀ. ਸੈਕੰ. ਸਕੂਲ ਕੋਟ ਈਸੇ ਖਾਂ ਦੇ ਐੱਨ ਸੀ ਸੀ ਕੈਡਿਟਸ ਨੇ 5 ਪੰਜਾਬ ਬਟਾਲੀਅਨ ਦੇ ਕਮਾਂਡਰ ਕਰਨਲ ਸੁਨੀਲ ਕੁਮਾਰ ਦੀ ਯੋਗ ਅਗਵਾਈ ਹੇਠ 28 ਅਕਤੂਬਰ ਤੋਂ 06 ਨਵੰਬਰ ਤੱਕ ਐੱਸ. ਡੀ. ਕਾਲਜ ਮੋਗਾ ਵਿਖੇ ਐੱਨ ਸੀ ਸੀ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਸਕੂਲ੍ਹਾਂ ਦੇ ਕੈਡਿਟਸ ਭਾਗ ਲੈ ਰਹੇ ਹਨ।ਸ੍ਰੀ ਹੇਮਕੁੰਟ ਸੀਨੀ. ਸੈਕੰ. ਸਕੂਲ ਕੋਟ ਈਸੇ ਖਾਂ ਦੇ 21 ਕੈਡਿਟਸ ਇਸ ਕੈਂਪ ਵਿੱਚ ਭਾਗ ਲੈਣ ਲਈ ਰਵਾਨਾ ਹੋਏ।ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਸ੍: ਕੁਲਵੰਤ ਸਿੰਘ ਸੰਧੂ ਤੇ ਐੱਮ ਡੀ ਰਣਜੀਤ ਕੌਰ ਸੰਧੂ ਨੇ ਦੱਸਿਆ ਕਿ ਇਸ ਕੈਂਪ ਵਿੱਚ ਕੈਡਿਟਸ ਨੂੰ ਵੈਪਿਨ ਟ੍ਰੇਨਿੰਗ, ਡਰਿੱਲ ਟ੍ਰੇਨਿੰਗ, ਮੈਪ ਰੀਡਿੰਗ ਆਦਿ ਦੀ ਸਿਖਲਾਈ ਦਿੱਤੀ ਜਾਵੇਗੀ। ਪ੍ਰਿੰਸੀਪਲ ਰਮਨਜੀਤ ਕੌਰ ਨੇ ਕਿਹਾ ਕਿ ਐੱਨ ਸੀ ਸੀ ਵਿਦਿਆਰਥੀਆਂ ਨੂੰ ਸਵੈ-ਨਿਰਭਰ, ਜ਼ਿੰਮੇਵਾਰ ਤੇ ਦੇਸ਼ ਭਗਤ ਨਾਗਰਿਕ ਬਣਾਉਣ ਲਈ ਪ੍ਰੇਰਿਤ ਕਰਦੀ ਹੈ।ਕੈਡਿਟਸ ਨੂੰ ਰੂਲਜ਼ ਤੋਂ ਜਾਗਰੂਕ ਕਰਵਾਉਂਦੇ ਹੋਏ ਐੱਨ ਸੀ ਸੀ ਦੀਆਂ ਗਤੀਵਿਧੀਆਂ ਤੇ ਫਾਇਦਿਆਂ ਬਾਰੇ ਵਿਸਥਾਰਪੂਰਵਕ ਦੱਸਿਆ।ਇਸ ਮੌਕੇ ਏ ਐੱਨ ਓ ਸਿਮਰਨਜੀਤ ਕੌਰ ਤੇ ਯਾਦਵਿੰਦਰ ਕੌਰ, ਮੈਡਮ ਨਿਸ਼ਾ ਤੇ ਪ੍ਰਕ੍ਰਿਤੀ ਹਾਜ਼ਰ ਸਨ।

## ਹਜ਼ਾਰਾਂ ਸੇਜਲ ਅੱਖਾਂ ਨੇ ਦਿੱਤੀ ਰਿਟਾ. ਇੰਸਪੈਕਟਰ ਬਸੰਤ ਸਿੰਘ ਗਿੱਲ ਨੂੰ ਅੰਤਮ ਵਿਦਾਈ

**ਮੋਗਾ (ਇਕਬਾਲ ਸਿੰਘ ਖਹਿਰਾ)**-ਸੁਖਦੀਪ ਸਿੰਘ (ਸੀਪਾ) ਮਨਪ੍ਰੀਤ ਸਿੰਘ (ਮੰਨਾ) ਨੂੰ ਉਸ ਵੇਲੇ ਵੱਡਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਪਿਤਾ ਰਿਟਾਇਰਡ ਇੰਸਪੈਕਟਰ ਬਸੰਤ ਸਿੰਘ ਗਿੱਲ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਅੰਤਮ ਸੰਸਕਾਰ ਸਵ: ਆਸ਼ਰਮ ਗਾਂਧੀ ਰੋਡ ਮੋਗਾ ਵਿਖੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ, ਜਿੱਥੇ ਪੰਜਾਬ ਪੁਲਸ ਦੀ ਟੁਕੜੀ ਵੱਲੋਂ ਹਥਿਆਰ ਉਲਟੀ ਕਰਕੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ, ਉੱਥੇ ਹੀ ਉਨ੍ਹਾਂ ਦੇ ਪੰਜਾਬ ਪੁਲਸ ਦੇ ਰਿਟਾਇਰਡ ਸਾਥੀਆਂ ਵੱਲੋਂ ਉਹਨਾਂ ਨੂੰ ਫੁੱਲ ਮਾਲਾਵਾਂ ਅਰਪਣ ਕਰਕੇ ਆਪਣੇ ਵਿਛੜੇ ਸਾਥੀ ਨੂੰ ਸ਼ਰਧਾਂਜਲੀ ਭੇਟ ਕੀਤੀ ਕੀਤੀ। ਉਨ੍ਹਾਂ ਦੀ ਚਿਤਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਸੰਦੀਪ ਸਿੰਘ (ਸੀਪਾ) ਮਨਪ੍ਰੀਤ ਸਿੰਘ (ਮੰਨਾ) ਵੱਲੋਂ ਦਿੱਤੀ ਗਈ। ਇਸ ਮੌਕੇ ਬੀਬੀਐਸ ਸਕੂਲ ਦੇ ਚੇਅਰਮੈਨ ਸੰਜੀਵ ਸੈਣੀ, ਇਲੈਕਟਰੋ ਹੋਮਿਓਪੈਥਿਕ ਡਾਕਟਰ ਮੈਡੀਕਲ ਐਸੋਸੀਏਸ਼ਨ ਦੇ ਚੇਅਰਮੈਨ ਡਾ. ਜਗਤਾਰ ਸਿੰਘ ਸੇਖੋਂ, ਜਗਰੂਪ ਸਿੰਘ ਘਾਲੀ, ਹਰਬੰਸ ਸਿੰਘ ਘਾਲੀ, ਜਤਿੰਦਰ ਸਿੰਘ ਘਾਲੀ, ਇੰਦਰਪ੍ਰੀਤ ਸਿੰਘ ਸੰਧੂ, ਮਨਕਮਲਪ੍ਰੀਤ ਸਿੰਘ ਸੰਧੂ, ਪੁਲਸ ਪੈਨਸ਼ਨਰ ਐਸੋਸੀਏਸ਼ਨ ਦੇ ਕਾਰਜਕਾਰੀ ਪ੍ਰਧਾਨ ਸ੍ਰੀ ਬਲਵਿੰਦਰ ਸਿੰਘ ਬਰਾੜ, ਜਨਰਲ ਸਕੱਤਰ ਸੁਖਦੇਵ ਸਿੰਘ ਖੋਸਾ, ਕੈਸ਼ੀਅਰ ਲਾਲ ਸਿੰਘ, ਰਿਟਾਇਰ ਡੀ.ਐਸ.ਪੀ ਸ਼ਮਸ਼ੇਰ ਸਿੰਘ, ਰਿਟਾਇਰ ਇੰਸਪੈਕਟਰ ਸੁਰਜੀਤ ਸਿੰਘ, ਦਰਸ਼ਨ ਸਿੰਘ ਮਹੇਸਰੀ, ਪਿਰਥੀ ਸਿੰਘ, ਸੁਰਜੀਤ ਸਿੰਘ, ਕਿਸ਼ਨ ਕੁਮਾਰ, ਜਗਸੀਰ ਸਿੰਘ, ਚਮਕੌਰ ਸਿੰਘ, ਗੁਰਸੇਵਕ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਪਤਵੰਤੇ ਹਾਜ਼ਰ ਸਨ।



ਰਜਿਸਟਰੀ ਨੰ: ਡੀ.ਐਲ.-33004/99

**ਭਾਰਤ ਦਾ ਰਾਜਪੱਤਰ**

ਸੀ.ਜੀ.-ਡੀ.ਐਲ.-ਅ.-13102025-266901

ਅਸਾਧਾਰਣ

ਭਾਗ II-ਖੰਡ 3-ਉਪ ਖੰਡ (ii)

ਪ੍ਰਾਧਿਕਾਰ ਤੋਂ ਪ੍ਰਕਾਸ਼ਿਤ

**ਰੇਲ ਮੰਤਰਾਲਾ**

(ਉੱਤਰ ਰੇਲਵੇ) (ਨਿਰਮਾਣ ਸੰਗਠਨ)

**ਅਧਿਸੂਚਨਾ**

ਨਵੀਂ ਦਿੱਲੀ, 13 ਅਕਤੂਬਰ, 2025

ਕਾ.ਆ. 4651 (ਅ), ਕੇਂਦਰੀਯ ਸਰਕਾਰ ਰੇਲਵੇ (ਸੰਸ਼ੋਧਨ) ਅਧਿਨਿਯਮ-2008 ਦੀ ਧਾਰਾ 2 ਦੇ ਖੰਡ (37-ਕ) ਦੁਵਾਰਾ ਪ੍ਰਦੱਤ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ ਇਸ ਅਧਿਸੂਚਨਾ ਦੇ ਰਾਜਪੱਤਰ ਵਿਚ ਪ੍ਰਕਾਸ਼ਨ ਦੀ ਮਿਤੀ ਤੋਂ **"ਅੰਬਾਲਾ ਛਾਵਣੀ ਤੋਂ ਸਾਹਨੇਵਾਲ ਦੇ ਵਿਚ ਚੌਥੀ ਲਾਇਨ ਅਤੇ ਲੁਧਿਆਣਾ ਤੋਂ ਜਲੰਧਰ ਛਾਵਣੀ ਦੇ ਵਿਚ ਤੀਸਰੀ ਲਾਇਨ (138.138 ਕਿ.ਮੀ.)"**, ਉੱਤਰ ਰੇਲਵੇ ਦੇ ਨਿਰਮਾਣ ਵਿਚ ਲੋਕ ਪ੍ਰਯੋਜਨ ਦੇ ਲਈ ਰਾਸ਼ਟਰੀਯ ਅਵਸੰਰਚਨਾ ਉਪਬੰਧਿਤ ਕਰਾਣ ਲਈ, ਹਰਿਆਣਾ ਰਾਜ ਦੇ ਜਨਪਦ ਅੰਬਾਲਾ ਅਤੇ ਪੰਜਾਰ ਰਾਜ ਦੇ ਜਨਪਦ ਪਟਿਆਲਾ, ਫਤੇਹਗੜ੍ਹ ਸਾਹਿਬ, ਲੁਧਿਆਣਾ, ਕਪੂਰਥਲਾ ਅਤੇ ਜਲੰਧਰ ਵਿਚ 90.33 ਹੇਕਟੇਯਰ ਜ਼ਮੀਨ ਅਧਿਗ੍ਰਹਣ ਲਈ **"ਵਿਸ਼ੇਸ਼ ਰੇਲ ਪਰਿਯੋਜਨਾ"** ਦੇ ਰੂਪ ਵਿਚ ਅਧਿਸੂਚਿਤ ਕਰਦੀ ਹੈ।

[ਫ਼ਾ. ਨੰ: 190-W/Land/UMB/LDH-JUC]

3347/2025 ਸ਼ੈਲੇਸ਼ ਕੁਮਾਰ ਮਿਸ਼ਰਾ, ਮੁੱਖ ਪ੍ਰਸ਼ਾਸਨਿਕ ਅਧਿਕਾਰੀ/ਨਿਰਮਾਣ

# ਕਲਾਸੀਫਾਈਡ ਇਸ਼ਤਿਹਾਰ

## Change of Name

I Anita W/o Naresh Kumar R/o VPO Khusropur, Distt. Jalandhar, Punjab declare that in my matriculation certificate my mother name is wrongly mentioned as Ramesh Kaur instead of correct name as Ramesh Kumari and It should be read as Ramesh kumari. Please note.

I, Sikandar Singh Rawat S/o Surinder Rawat R/o 229/B Gali No.15, New Pawan Nagar Amritsar have changed my name from Sikandar Singh Rawat to Sikander Rawat. (R)

I, Simran W/o Rajesh Arora R/o 228, Hardev Nagar, Opp. Sports College Jalandhar City, I have changed my name from Simran to Simran Arora. Please note.

I, Tamana Chohan W/o Sandeep Duggal R/o H.No 475 Gali No 6 Jaura Phatak Krishna Nagar Amritsar have Changed my name from Tamana Chohan to Tamana.

I, Chanpreet Singh S/o Surjit Singh R/o Vill Bains Taniwal Tehsil and Distt Hoshiarpur Punjab declare that my name is Chanpreet Singh.. Singh is my Surname and my given name is Chanpreet. Concerned note.

I Sukhjit Singh S/O Jaspal Singh Resident Of Village Baupur Afgana PO. Dugri, Tehsil and Distt. Gurdaspur, Punjab, India, Pin Code-143526 I Have changed my name from Sukhjit Singh to Singh Sukhjit, Surname as Singh and given name As Sukhjit.

I Baljeet Kaur W/O Gurdarshan Lal Resident of VPO. Lambra Abadi, PO. Lambra, Distt. Jalandhar, Punjab, India, Have Changed My Name From Baljeet Kaur To Kaur Baljeet. (Surname As Kaur). All Please Note.

I, hitherto known as JEET KAUR W/O BALJIT SINGH R/O House Number 245, Village Kalipur, Karipur, Mansa, Punjab-151502 have changed my name and shall hereafterbe known as AJIT KAUR.

I, Lavleen W/o Sukhwinder Kumar R/o House No. B IX 449/19, Baba Nimbu Wali Gali, Santokhpura, District Jalandhar, Punjab have changed my name from Lavleen to Anita Rani. All concerned please note.

I, Jagdish Raj Saini S/o Desh Raj R/o H.No. D-5, New Beant Nagar, Jalandhar, Punjab have changed my name from Jagdish Raj to Jagdish Raj Saini. All concerned please note.

I, Parminder Kumar S/o Gurdev Raj R/o VPO Budhiana, Distt. Jalandhar-144025, Punjab have changed my minor daughter's name from Bandhna to Bandhna Kumari. All Concerned Please Note.

I, Gurinder Singh S/o Bhupinder Singh R/o Village Suchi Pind, PO. Chogitti, Distt. Jalandhar, Punjab-144009 have changed my name from Gurinder Singh to Gurinder Singh Bassi. All concerned please note.

I, Harmeet Singh S/o Dalbir Singh R/O Vill. Tangra Tehsil Baba Bakala Distt. Amritsar Punjab India have changed my name from Harmeet Singh to Harmeet Masih Concerned Note.

I Satpaul Singh S/o Darshan Singh R/o H.No. 1096, Rajput Nagar, Model House, Jalandhar-144001, Punjab, have changed my name from Satpaul Singh to Satpal Singh. All concerned please note.

I Jasvinder Kaur W/O Daljit Singh R/O H.no.1, Datar Nagar, Rama Mandi, Po. Ladhewali, Jalandhar, Punjab 144007 Has Changed My Name From Jasvinder Kaur To Jaswinder Kaur.

I Satya Devi W/O Mangal Singh R/O H.no.1, Datar Nagar, Rama Mandi, Po. Ladhewali, Jalandhar, Punjab 144007 Has Changed My Name From Satya Devi To Satya.

I Jyoti Taren W/O Paramjit R/O Vpo. Athouli, Teh. Phagwara, Dist: Kapurthala ,Punjab I Have Changed My Name Jyoti Taren To Jyoti.

I, Preeti Malhotra W/o Jatinder Kumar R/o House No. 35/9 Near Chitra Hospital, Mohalla No. 8, Jalandhar Cantt, Jalandhar, Punjab-144005 have changed the name of my minor daughter Ridhima aged 17 years and she shall hereafter be known as Ridhima Dang.

I, Jassi s/o Makhan Singh r/o Vill.Garhi Bakhsha, Po. Pachranga, Distt.Jalandhar, Punjab have changed my name to Jaswinder Singh. All concerned please note.

I, Makhan s/o Raja Singh r/o Vill.Garhi Bakhsha, Po. Pachranga, Distt.Jalandhar, Punjab have changed my name to Makhan Singh. All concerned please note.

I, Sita w/o Makhan Singh r/o Garhi Bakhsha, Po. Pachranga, Distt.Jalandhar, Punjab have changed my name to Shital Kaur. All concerned please note.

I, Sandeep Mohinder c/o Mohinder Lal r/o Vill. Kotly Sheikhan, Kishanpur, Distt. Jalandhar-144302, Punjab have changed my name to Sandeep Mohinder Gill. All concerned please note.

I, Sushma Kumari w/o Rajwant Singh r/o H.No. B-1/1094, Kabir Nagar, Near DAV College, Jalandhar, Punjab have changed my name to Sushma Rani. All concerned please note.

I, Amandeep Kaur d/o Gurmukh Singh r/o H.No. C-818, VPO.Sansarpur, Nurmahal Road, Jalandhar have changed my name to Given name as Amandeep and Surname as Kaur. All concerned please note.

I, Ervan Punani s/o Sat Pal Punyani r/o 125, Lajpat Nagar, Jalandhar, Punjab-144001, have changed my name from Ervan Punani to Ervan Punyani. All concerned please note.

I, Jaspreet S/o Rattan Chand R/o Vill. Chohak Kalan, Po. Ladhewali, Distt. Jalandhar-144007, Punjab have changed my name from Jaspreet to Jaspreet Sandhuu. All concerned please note.

I, Sukhraj Kaur W/o Palwinder Kaur R/o VPO. Saiflabad, Distt. Kapurthala, Punjab have changed my name from Sukhraj Kaur to Kaur Sukhraj (Surname as Kaur) All Please Note.

I, Palwinder Singh S/o Baldev Singh R/o VPO. Saiflabad, Distt.Kapurthala, Punjab have changed my minor daughter name from Navpreet Kaur to Kaur Navpreet (Surname as Kaur) All Please Note.

## Change of Name

I, Palwinder Singh S/o Baldev Singh R/o VPO. Saiflabad, Distt.Kapurthala, Punjab have changed my minor son name from Gurbaaz Singh to Singh Gurbaaz (Surname as Singh) All Please Note.

I, hitherto known as Baksho W/o Satnam R/o H.No. 142, Vill. Rasulpur, PO. Phillaur, Distt. Jalandhar, Punjab 144410 have changed my name and shall hereafter be known as Gurbakhsh Kaur.

I, hitherto known as Mamta Rani D/o Ram Saroop W/o Dharminder Malik R/o H.No.101, Bank Enclave, Po. Model Town, Distt. Jalandhar, Punjab- 144003, have changed my name and shall hereafter be known as Anu Malik.

I, Parminder Singh S/o Surinder Singh, R/o # H. No. 55 Sawraj Nagar Sector 1, Kharar 140301 have changed the name of my daughter from Inayat to Inayat walia. Please note.

I, Harbindar Singh Bhomra S/o Joginder Singh Bhomra R/o House No. B XIII/103 Onkar Nagar Gurdaspur, Tehsil/Distt. Gurdaspur, Punjab, India, have changed my name from Harbindar Singh Bhomra to Harbinder Singh Bhomra.

## PUBLIC NOTICE

I, Sawatanter Sachdeva resident of House No. 107, Green Park, Jalandhar, Punjab declare that in my birth certificate my name is written as Sawatanter Kumari. That my name after my marriage and stated on the Passport is Sawatanter Sachdeva. That on some documents my name is Sawatanter Sachdeva, Sawtanter Sachdeva, Sawtantar Rani, Savtantar Sachdeva, Sawatanter Kapoor and Sawatanter Kumari. That on the voter Identity Card, my name is incorrectly spelled Savtantar Sachdeva. That I am known by all these names. All these names are of one and the same person. All concerned please note.

I, Balwinder Kaur wife of Late Sh. Amarjit Singh R/O. H.No. 4/A, Professor Colony, Jalandhar-II, PAP Lines, Jalandhar Cantt hereby declare that I have already disown my son Narinder Singh and his wife Harvinder Kaur and their children on 08-01-2014 from my movable and immovable properties. It has come to my knowledge that said son Narinder Singh and Harvinder Kaur are claiming that I have taken back their disinheritance. I have not taken back that this disinheritance so far.

We, Ashwani Arora S/o Late. Kailash Mitter and Poonam W/o Ashwani Arora both R/o 137/1, Bank Enclave, Jalandhar 3, Wadala, Jalandhar, Punjab declare that our son Piyush R/o mississauga, ontario Canada & his wife Simrita D/o Gurjit Singh R/o Shivalik Avenue, Nangal Sector-2, Ropar are out of our control. We disinherit them from our movable and immovable properties. We and our family shall not be held responsible for any of their acts deeds and things.

We, Jasjeet Kaur and Harpreet Kaur D/o Niranjan Singh R/o H.No. HIG-198, Housing Board Colony, Jalandhar declare that our brother Kuljit Sahota is out of our control. We disinherit him from our moveable and immovable properties. We and our family shall not be held responsible for any of his acts, deeds and things.

I, Harmesh Kumar S/o Kartara Ram R/o H.No. B-9/49/47, New Hardial Nagar, Hoshiarpur Road, Jalandhar declare that my son Surinder Kumar & his wife Pawanjot Kaur are out of my control. I disinherit them from my movable and immovable properties. I and my family shall not be held responsible for any of their acts deeds and things. All please note.

I, Philipus Masih S/o Balwinder Masih R/o Block Dhariwal, Vill. Fateh Nangal, Distt. Gurdaspur, Pin Code 143519, State Punjab, declare that my given name as Philipus and my Surname Masih.

## ਨਾਂਅ ਦੀ ਬਦਲੀ

ਮੈਂ ਨਿੰਦਰ ਸਿੰਘ ਪੁੱਤਰ ਹਰੀ ਸਿੰਘ ਵਾਸੀ ਸ਼ਕਰੀ ਤਹਿਸੀਲ ਤੇ ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ। ਮੈਂ ਆਪਣਾ ਨਾਮ ਨਿੰਦਰ ਸਿੰਘ ਤੋਂ ਬਦਲ ਕੇ ਨਰਿੰਦਰ ਸਿੰਘ ਰੱਖ ਲਿਆ ਹੈ।ਸਾਰੇ ਸੰਬੰਧਤ ਨੋਟ ਕਰਨ।

ਮੈਂ ਪ੍ਰਭਜੋਤ ਕੌਰ ਪੁੱਤਰੀ ਨਿਰਮਲ ਸਿੰਘ ਵਾਸੀ ਪਿੰਡ ਮਹਿਤਾ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦੀ ਹਾਂ ਕਿ ਮੈਂ ਹੁਣ ਆਪਣਾ ਨਾਮ ਪ੍ਰਭਜੋਤ ਕੌਰ ਤੋਂ ਬਦਲ ਕੇ ਪ੍ਰਭਜੋਤ ਸਿੰਘ ਰੱਖ ਲਿਆ ਹੈ। ਭਵਿੱਖ ਵਿੱਚ ਹੁਣ ਮੈਨੂੰ ... ਮੈਨੂੰ ਪ੍ਰਭ... [illegible]

ਮੈਂ ... ਠਠਿਆਂ ... 144526 ... ਬਦਲ ਕੇ ... [illegible]

ਮੈਂ ... ਡਾਕਖਾਨਾ ... ਨੇ ਆਪਣਾ ... ਲਿਆ ਹੈ। [illegible]

## ਬੇਦਖਲੀ ਨੋਟਿਸ

ਮੈਂ, ... ਨੰ. ਕੇ-21/1756, ... ਮੋਹਨ ਨਗਰ, ... ਲੜਕਾ ... ਲਈ ਮੈਂ ... ਬੇਦਖਲ ... ਆਪਣੇ ... ਜਾਂ ਮੇਰੇ ... ਸੰਬੰਧਤ ... [illegible]

ਮੈਂ ... ਮਕਾਨ ਨੰ. 1122, ... ਅੰਮ੍ਰਿਤਸਰ ... ਪੁਨੀਤ ... ਉਨ੍ਹਾਂ ਦੇ ... ਉਨ੍ਹਾਂ ਨੂੰ ... ਕਰਦੀ ਹਾਂ ... ਨਫੇ-ਨੁਕਸਾਨ ... ਪਰਵਾਰ ... ਕਰਨ। [illegible]

ਮੈਂ ... ਨਗਰ, ... ਮੇਰਾ ਲੜਕਾ ... ਅਤੇ ਇੱਥੇ ... ਕੁਮਾਰ ਮੇਰੇ ... ਨੂੰ ਆਪਣੀ ... ਹਾਂ। ਇਸ ... ਨੁਕਸਾਨ ... ਪਰਵਾਰ ... ਕਰਨ। [illegible]

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਬੇਦਖਲੀ ਨੋਟਿਸ

ਮੈਂ ਸਵਰਨਾ ਰਾਣੀ ਪਤਨੀ ਮੋਹਨ ਲਾਲ ਵਾਸੀ ਝਾਵਲਾਂ ... ਜ਼ਿਲ੍ਹਾ ਫਿਰੋਜ਼ਪੁਰ ਦੀ ਰਹਿਣ ਵਾਲੀ ... ਕੁਮਾਰ ਗੁਰਮੀਤ ... ਮੇਰੀ ਸਾਂਝ ... ਹਨ ਜਦੋਂ ... ਹੈ ਮੈਂ ... ਜਾਇਦਾਦ ... ਕਰਨ ... [illegible]

ਮੈਂ ਉਜਾਗਰ ਸਿੰਘ ... ਵਾਰਡ ਨੰਬਰ 1, ... ਆਪਣੇ ... ਹੈ ਤੇ ... ਅਚੱਲ ... ਦੇਣ ਕਰਦਾ ... ਨਫੇ ਨੁਕਸਾਨ ... ਪਰਿਵਾਰ ... [illegible]

ਮੈਂ ਜਸਵਿੰਦਰ ਸਿੰਘ ... (ਆਧਾਰ ਕਾਰਡ ਨੰਬਰ 546-716241537) ... ਫਤਿਹਗੜ੍ਹ ਛੰਨਾ ... [illegible]

ਮੈਂ ਬਲਵੰਤ ... ਪਿੰਡ ਰੇਰੂ, ... ਹਾਂ ਕਿ ... ਕੁਰਾਹੇ ... ਮੈਨੂੰ ... ਚੱਲ-ਅਚੱਲ ... ਨਾਲ ... ਮੇਰੀ ਜਾ... [illegible]

ਮੈਂ, ... ਡੱਲਾ, ... ਕਰਦਾ ... ਦੀ ਪ... ਬਾਹਰ ... ਆਪਣੇ ... ਕੌਰ ਨੂੰ ... ਕਰਦਾ ... ਜ਼ਿੰਮੇਵਾਰ ... [illegible]

ਅਸੀਂ, ... ਸ਼ੰਭੂ, ... ਗਲੀ, ... ਕਿ ਸਾਡਾ ... ਕਹਿਣੇ ... ਅਸੀਂ ... ਬੇਦਖਲ ... ਖੁਦ ਜ਼ਿੰਮੇਵਾਰ ... ਕੋਈ ਜ਼ਿੰਮੇਵਾਰੀ ... [illegible]

ਮੈਂ ... ਨਾਨਕ ... ਦੂਜਾ ... ਸਾਹਿਬ ... ਅੰਮ੍ਰਿਤਸਰ ... ਸ਼ੁਭਮ ... ਪਤਨੀ ... ਤੋਂ ਬਾਹਰ ... ਵਿਵਹਾਰ ... ਆਪਣੀ ... ਹਾਂ। ਇਸ ... ਹੋਵੇਗਾ ... [illegible]

ਅਸੀਂ ... ਸੁਰਿੰਦਰ ... ਨੰ.17, ... ਪੇਪਰ ... ਲੜਕਾ ... ਕੌਰ ਦੋਨੋਂ ... ਨਾਲ ... ਤੰਗ ਪ... ਹਰ ਕਿ... ਹਾਂ। ਉਨ੍ਹਾਂ ... ਕੰਮਾਂ ਦੇ ... ਹੋਵਾਂਗੇ ... ਪਰਿਵਾਰ ... [illegible]

ਅਸੀਂ ... ਰਾਣੀ ... 9/2209, ... ਮਜੀਠਾ ... ਮੋਹਿਤ ... ਕਹਿਣੇ ... ਜਾਇਦਾਦ ... ਦੇਣ ਕ... [illegible]

ਮੈਂ ... ਪਿੰਡ ਜ... ਜ਼ਿਲ੍ਹਾ ... ਮੇਰੀ ਨੂੰਹ ... ਮੈਂ ... ਤੋਂ ਬੇਦਖਲ ... ਵਾਸਤਾ ... ਜ਼ਿੰਮੇਵਾਰ ... [illegible]

ਮੈਂ ... ਭਵਾਨੀ ... ਕਰਦਾ ... ਪਤਨੀ ... ਹਨ। ... ਪਤਨੀ ... ਬੇਦਖਲ ... ਦਾ ਲੈਣ ... ਹੋਵੇਗਾ ... [illegible]

ਮੈਂ ... ਮਕਾਨ ... ਘੋਸ਼ਣਾ ... ਕਹਿਣੇ ... ਤਮਾਮ ... [illegible]



## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ

**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**

ਬਿਨੈਕਾਰ ਦਾ ਨਾਮ : **ਪਰਮਜੀਤ ਕੌਰ** ਪਿਤਾ/ਪਤੀ ਦਾ ਨਾਮ : **ਹਰਮੇਸ਼ ਲਾਲ ਬਿਰਹਾ**

ਪਤਾ: Village Indna Kalaske Tehsil Phillaur District Jalandhar, Village-Indna Kalaske/ Tehsil-Phillaur/ District - Jalandhar, Punjab

ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੀ ਪੁੱਤਰੀ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।

ਨਾਮ : **ਡੇਜ਼ੀ ਬਿਰਹਾ**

ਪੱਕਾ ਪਤਾ: Village Indna Kalaske Tehsil Phillaur District Jalandhar,Indna Klaske Phillaur, Jalandhar, Punjab

ਉਮਰ/ਜਨਮ ਮਿਤੀ : 18-(24/05/2007)

ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।

ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫ਼ਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।

ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 27.10.2025 ਨੂੰ ਜਾਰੀ ਹੋਇਆ।

ਨੰਬਰ 86/ਨੰਬਰ/ਰੀਡਰ ਮਿਤੀ 27.10.2025 ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ



# Guru Gobind Singh Institute of Nursing

Samana Road Patran, P.O. Ghagga (Dist. Patiala)

G.N.M. (Eligibility 12th pass with 50% marks),

A.N.M. (Eligibility 12th pass with 50% marks only for girls)

Application are Invited for physical counseling which will be held

On 29/10/2025 to 31/10/2025 at College Campus.

Contact No. 98780-36201, 82641-09392



## VIDYA JYOTI COLLEGE OF NURSING KOTRA LEHAL, LEHRAGAGA (SANGRUR)

98888-46247/vidyajyotilehra@gmail.com

**NOTICE**

Semi online counseling for leftover seats in ANM & GNM Courses (Session 2025-26) for Vidya Jyoti College of Nursing

It is informed that the process for Semi Online Counseling of leftover seats for Vidya Jyoti College of Nursing will be conducted at institute level as per following schedule.

Only the candidates, who have completed application in all respects on Counseling admission portal 2025-26 of PNRC and not holding any seat in any institute, shall be allowed to appear in this round. After preparation of merit list no candidate shall be allowed to participate.

| Description | Date |
|---|---|
| Semi Online Counseling an joining of candidate for Vidya Jyoti college of Nursing, Kotra Lehal Lehragaga | 30-10-25 |

PNRC Helpline for Counseling

+91 62836-18852 (Mon-Fri, 9am-5pm) admissionspnrc@gmail.com

Principal,

Vidya Jyoti College for Nursing Kotra Lehal. Lehragaga (Sangrur)

## ਬੇਦਖਲੀ ਨੋਟਿਸ

ਮੈਂ, ਪ੍ਰਕਾਸ਼ ਕੌਰ ਪਤਨੀ ਲੇਟ ਬਲਵਿੰਦਰ ਸਿੰਘ, ਵਾਸੀ ਬੱਲ ਖੁਰਦ ਕਾਲੋਨੀ, ਥਾਣਾ ਕੰਬੋਅ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਪਹਿਲੀ ਸ਼ਾਦੀ ਤੋਂ ਲੜਕਾ ਅੰਗਰੇਜ਼ ਸਿੰਘ ਪੁੱਤਰ ਪ੍ਰੇਮ ਸਿੰਘ ਸੀ। ਦੂਜੀ ਸ਼ਾਦੀ ਬਲਵਿੰਦਰ ਸਿੰਘ, ਵਾਸੀ ਪਿੰਡ ਤੇ ਡਾਕਖਾਨਾ ਬੱਲ ਖੁਰਦ, ਅੰਮ੍ਰਿਤਸਰ ਨਾਲ ਹੋਈ। ਇਸ ਨਾਲ ਸ਼ਾਦੀ ਤੋਂ ਬਾਅਦ ਮੇਰੀਆਂ ਦੋ ਲੜਕੀਆਂ ਕੰਵਲਜੀਤ ਕੌਰ ਅਤੇ ਸਰਬਜੀਤ ... [illegible]

[illegible]

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਮਨਿੰਦਰ ਸਿੰਘ, ਤਹਿਸੀਲਦਾਰ ਕਮ-ਸਹਾਇਕ ਕੁਲੈਕਟਰ ਦਰਜਾ ਦੂਜਾ, ਨਵਾਂਸ਼ਹਿਰ

ਮਿਸਲ ਨੰਬਰ : 40/ਟੀ (ਏ ਟੂ ਐਫ) ਦਾਇਰ ਮਿਤੀ : 03.03.2025

ਕਿਸਮ : ਤਕਸੀਮ ਅਗਲੀ ਤਾਰੀਖ ਪੇਸ਼ੀ ਮਿਤੀ : 26.11.2025 ਪਿੰਡ : ਮਝੂਰ

ਅਨੁਵਾਨ ਮੁਕੱਦਮਾ

1. ਗੁਰਮੁੱਖ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਹਰਨਾਮ ਸਿੰਘ 2. ਸਤਵਿੰਦਰ ਸਿੰਘ ਪੁੱਤਰ ਗੁਰਮੁੱਖ ਸਿੰਘ ਪੁੱਤਰ ਜੋਗਿੰਦਰ ਦੋਨੋਂ ਵਾਸੀਆਨ ਪਿੰਡ ਜਾਡਲਾ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਰਾਹੀਂ ਅਟਾਰਨੀ ਬਲਵੀਰ ਸਿੰਘ ਪੁੱਤਰ ਗੁਰਨਾਮ ਸਿੰਘ, ਵਾਸੀ ਪਿੰਡ ਪੱਤੀ ਭੋਜਾ ਬਿਲਗਾ, ਜਲੰਧਰ, ਜ਼ਿਲ੍ਹਾ ਜਲੰਧਰ। .........ਫਰੀਕ ਅੱਵਲ

ਬਨਾਮ

1. ਹਰਨਾਮ ਸਿੰਘ 2. ਨਿਰਮਲ ਸਿੰਘ ਪੁੱਤਰ ਹਰਨਾਮ ਸਿੰਘ ਪੁੱਤਰ ਖੁਸ਼ਹਾਲ ਸਿੰਘ 3. ... ਸਿੰਘ 4. ਰਘਵੀਰ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਵਰਿਆਮ ਸਿੰਘ 5. ਇੰਦਰ ਕੌਰ ... ਪੁੱਤਰ ਨਰੰਜਣ ਸਿੰਘ ਪੁੱਤਰ ਰੁਲੀਆ 7. ਜਰਨੈਲ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਰੁਲੀਆ 9. ਸੁਰਿੰਦਰ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਰੁਲੀਆ 10. ਹਰਦੇਵ ਸਿੰਘ ... [illegible]

... ਫਰੀਕ ਦੋਇਮ ... ਕਨਾਲ 04 ... 17/19, ... [illegible]

ਉਪਰੋਕਤ ਮੁਕੱਦਮਾ ... ਨਵਾਂਸ਼ਹਿਰ [illegible]

## ਦਫ਼ਤਰ ਨਗਰ ਪੰਚਾਇਤ, ਲੋਹੀਆਂ ਖਾਸ

### ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਹ ਪ੍ਰੋਪਰਟੀ (ਵਪਾਰਕ/ਰਿਹਾਇਸ਼ੀ) ਦਫ਼ਤਰ ਨਗਰ ਪੰਚਾਇਤ ਲੋਹੀਆਂ ਖਾਸ ਦੇ ਪ੍ਰੋਪਰਟੀ ਟੈਕਸ ਰਿਕਾਰਡ ਵਿੱਚ ਸ੍ਰੀਮਤੀ ਰਮਨਦੀਪ ਕੌਰ ਪਤਨੀ ਵਿਧਵਾ ਬਲਜੀਤ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਲੋਹੀਆਂ ਖਾਸ ਖੁਦ ਵੱਲੋਂ ਗਾਰਡੀਅਨ ਸੁਖਰਾਜ ਸਿੰਘ-ਏਕਮਜੀਤ ਸਿੰਘ ਬੇਟੇ ਬਲਜੀਤ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀਆਨ ਲੋਹੀਆਂ ਖਾਸ ਵੱਲੋਂ ਹੁਕਮ ਮਾਣਯੋਗ ਅਦਾਲਤ ਨਕੋਦਰ C/S CASE NO GW-4-2024 DATE 21.04.2025 ਹੈ ਗਾਰਡੀਅਨ ਬਿਆਨੀ ਹੈ ਕਿ ਮੈਨੂੰ ਲੜਕਿਆਂ ਦੀ ਜਾਇਦਾਦ ਬੈ ਕਰਨ ਦਾ ਹੱਕ ਹਾਸਲ ਹੈ। ਜਿਸ ਦਾ ਪੀ.ਟੀ. ਨੰਬਰ PT-1007-2052146 ਹੈ। ਜਿਸ ਦਾ ਰਕਬਾ ਕਰੀਬ 00 ਕਨਾਲ 04 ਮਰਲਾ 06 ਸ (ਕਵਰਡ ਏਰੀਆ 200 ਫੁੱਟ) ਹੈ।ਇਹ ਪ੍ਰੋਪਰਟੀ ਵਾਰਡ ਨੰ. 01 ਗੁਰੂ ਨਾਨਕ ਕਾਲੋਨੀ ਵਿਚ ਹੈ। ਜਿਸ ਦੀਆਂ ਹੱਦਾਂ : ਚੜ੍ਹਦੇ ਰਸਤਾ, ਲਹਿੰਦੇ ਦਰਸ਼ਨ ਸਿੰਘ, ਪਹਾੜ ਕਰਨੈਲ ਸਿੰਘ ਦੱਖਣ ਬਲਦੇਵ ਸਿੰਘ, ਦੁਕਾਨ ਅਤੇ ਮਕਾਨ ਕਮਰਾ ਇੱਕ ਰਸੋਈ, ਮੀਟਰ ਬਿਜਲੀ ਖਾਤਾ ਨੰ. 3008459668 ਮਲਬਾ ਹਰ ਕਿਸਮ ਲੋਹੀਆਂ ਖਾਸ ਹੈ। ਸ੍ਰੀਮਤੀ ਰਮਨਦੀਪ ਕੌਰ ਪਤਨੀ ਵਿਧਵਾ ਬਲਜੀਤ ਸਿੰਘ ਪੁੱਤਰ ਹਰਜਿੰਦਰ ਸਿੰਘ, ਵਾਸੀ ਲੋਹੀਆਂ ਖਾਸ ਵੱਲੋਂ ਇਹ ਪ੍ਰੋਪਰਟੀ ਸ੍ਰੀ ਕਰਨੈਲ ਸਿੰਘ ਪੁੱਤਰ ਬੱਗਾ ਸਿੰਘ ਪੁੱਤਰ ਜਵਾਲਾ ਸਿੰਘ, ਵਾਸੀ ਲੋਹੀਆਂ ਖਾਸ ਦਸਤਾਵੇਜ਼ ਨੰਬਰ 229 ਮਿਤੀ 04.01.2025 ਰਜਿਸਟਰੀ ਕਰਵਾਈ ਗਈ ਹੈ।ਇਹ ਪ੍ਰੋਪਰਟੀ ਦਾ ਪ੍ਰੋਪਰਟੀ ਟੈਕਸ ਕਲੀਅਰ ਹੈ। ਸ੍ਰੀ ਕਰਨੈਲ ਸਿੰਘ ਪੁੱਤਰ ਬੱਗਾ ਸਿੰਘ ਪੁੱਤਰ ਜਵਾਲਾ ਸਿੰਘ ਲੋਹੀਆਂ ਖਾਸ ਵੱਲੋਂ ਇਹ ਸਵੈ-ਘੋਸ਼ਣਾ ਪੱਤਰ ਦਿੱਤਾ ਗਿਆ ਹੈ ਕਿ ਇਸ ਪ੍ਰੋਪਰਟੀ ਦਾ ਕੋਈ ਪਰਿਵਾਰਕ ਝਗੜਾ ਨਹੀਂ ਹੈ ਅਤੇ ਨਾ ਹੀ ਕੋਈ ਅਦਾਲਤੀ ਕੇਸ ਚਲਦਾ ਹੈ।ਇਸ ਲਈ ਇਹ ਪ੍ਰੋਪਰਟੀ (ਵਪਾਰਕ/ਰਿਹਾਇਸ਼ੀ) ਸਿਰਫ ਪ੍ਰੋਪਰਟੀ ਟੈਕਸ ਭਰਨ ਦੇ ਮੰਤਵ ਲਈ ਪ੍ਰੋਪਰਟੀ ਸ੍ਰੀ ਕਰਨੈਲ ਸਿੰਘ ਪੁੱਤਰ ਬੱਗਾ ਸਿੰਘ ਪੁੱਤਰ ਜਵਾਲਾ ਸਿੰਘ ਲੋਹੀਆਂ ਖਾਸ ਦੇ ਨਾਂਅ ਤਬਦੀਲ ਕਰ ਦਿੱਤੀ ਜਾਵੇ। ਇਸ ਇਸ਼ਤਿਹਾਰ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਦਫਤਰ ਨਗਰ ਪੰਚਾਇਤ ਲੋਹੀਆਂ ਖਾਸ ਵਿਖੇ ਦਰਜ ਕਰਵਾ ਸਕਦਾ ਹੈ। 30 ਦਿਨ ਦਾ ਸਮਾਂ ਖਤਮ ਹੋਣ ਤੋਂ ਬਾਅਦ ਇਹ ਸ੍ਰੀ ਕਰਨੈਲ ਸਿੰਘ ਪੁੱਤਰ ਬੱਗਾ ਸਿੰਘ ਪੁੱਤਰ ਜਵਾਲਾ ਸਿੰਘ ਲੋਹੀਆਂ ਖਾਸ, ਤਹਿਸੀਲ ਸ਼ਾਹਕੋਟ ਦੇ ਨਾਂਅ ਤਬਦੀਲ ਕਰ ਦਿੱਤੀ ਜਾਵੇਗੀ। ਸਮਾਂ ਖਤਮ ਹੋਣ ਤੋਂ ਬਾਅਦ ਵਿੱਚ ਕਿਸੇ ਦਾ ਕੋਈ ਉਜ਼ਰ ਜਾਂ ਸੁਝਾਅ ਨਹੀਂ ਸੁਣਿਆ ਜਾਵੇਗਾ।

ਸਹੀ/-ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਲੋਹੀਆਂ ਖਾਸ

ਰੈਫ ਨੰ: 912 ਮਿਤੀ: 27.10.25

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵੱਲੋਂ ... ਮੰਡਲ ਵਣਜ ਪ੍ਰਬੰਧਕ/ ਮਾਲਭਾੜਾ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ... ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-MA25-7 | 05.11.2025 ਨੂੰ 11:30 ਵਜੇ | ਗੱਡੀ ਨੰਬਰ 14634/33, 20424/23, 12408/07, 114622/21 & 14626/25, 20498/97 (ਗਰੁਪ ਰੇਲ ਲਿੰਕ) ਟ੍ਰੇਨਾਂ ਦੇ ਬਾਹਰੀ ਡੱਬਿਆਂ ਦੇ ਬਾਹਰੀ ਭਾਗ ਤੇ ਵਿਨਾਇਲ ਰੈਪਿੰਗ ਦੇ ਮਾਧਿਅਮ ਨਾਲ ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-MPS25-15 | 06.11.2025 ਨੂੰ 11:30 ਵਜੇ | ਲੁਧਿਆਣਾ, ਫਿਰੋਜ਼ਪੁਰ ਛਾਉਣੀ, ਫਰੀਦਕੋਟ ਅਤੇ ਫਿਲੌਰ ਰੇਲਵੇ ਸਟੇਸ਼ਨ ਤੇ ਬਹੁਉਦੇਸ਼ੀ ਸਟਾਲ (ਐਮਪੀਐਸ) ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-ATM25-2 | 07.11.2025 ਨੂੰ 11:30 ਵਜੇ | ਫਿਰੋਜ਼ਪੁਰ ਛਾਉਣੀ, ਫਗਵਾੜਾ, ਢੰਡਾਰੀ ਕਲਾਂ, ਹੁਸ਼ਿਆਰਪੁਰ, ਨਵਾਂ ਸ਼ਹਿਰ ਦੋਆਬਾ ਅਤੇ ਫਾਜਿਲਕਾ ਰੇਲਵੇ ਸਟੇਸ਼ਨ ਉਤੇ ਏਟੀਐਮ ਦੇ ਪ੍ਰਾਵਧਾਨ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। ਨੰਬਰ:NR-FZR0COML (NFR)/18/2024 ਤਾਰੀਕ: 27.10.2025 3335/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਅਸੀਂ ਆਪਣੇ ਕਰਮਚਾਰੀਆਂ ਨੂੰ ਮਹੱਤਵ ਦਿੰਦੇ ਹਾਂ
ਅਸੀਂ ਆਪਣੇ ਪੇਂਸ਼ਨਭੋਗੀਆਂ ਦਾ ਧਿਆਨ ਰਖਦੇ ਹਾਂ

# ਉੱਤਰ ਰੇਲਵੇ

ਪੇਂਸ਼ਨਭੋਗੀ ਸੇਵਾ ਕੇਂਦਰ,
ਹੈਡਕੁਆਟਰ ਦਫਤਰ
ਬੜੌਦਾ ਹਾਊਸ, ਨਵੀਂ ਦਿੱਲੀ
ਵਿਚ
1 ਨਵੰਬਰ ਤੋਂ 30 ਨਵੰਬਰ 2025 ਤਕ
ਰਾਸ਼ਟਰੀ ਵਿਆਪੀ ਡਿਜਿਟਲ ਜੀਵਨ
ਪ੍ਰਮਾਣ ਪੱਤਰ ਮੁਹਿੰਮ 4.0
ਦਾ ਆਯੋਜਨ ਕਰ ਰਿਹਾ ਹੈ।

ਬੈਂਕਾਂ ਵਿਚ ਜੀਵਨ ਪ੍ਰਮਾਣ-ਪੱਤਰ ਪੇਸ਼ ਕਰਨ ਵਿਚ ਪੇਂਸ਼ਨਭੋਗੀਆਂ/ਪਾਰਿਵਾਰਿਕ ਪੇਂਸ਼ਨਭੋਗੀਆਂ ਦੀ ਸਹਾਇਤਾ ਦੇ ਲਈ

**ਆਮ ਲੋੜਾਂ:-**

- **ਆਧਾਰ ਨੰਬਰ:** ਸੁਰੱਖਿਅਤ ਪਹਿਚਾਨ ਤਸਦੀਕ ਦੇ ਲਈ ਵੈਲਿਡ ਆਧਾਰ ਨੰਬਰ ਜਰੂਰੀ ਹੈ।
- **ਮੋਬਾਈਲ ਨੰਬਰ:** ਓਟੀਪੀ ਪ੍ਰਾਪਤ ਕਰਨ ਸਮੇਤ ਵਖ-ਵਖ ਪ੍ਰਕਿਰਿਆਵਾਂ ਦੇ ਲਈ ਮੋਬਾਈਲ ਨੰਬਰ ਹੋਣਾ ਜਰੂਰੀ ਹੈ।
- **ਪੇਂਸ਼ਨ ਦਾ ਵੇਰਵਾ:** ਪੇਂਸ਼ਨਭੋਗੀਆਂ ਨੂੰ ਆਪਣੇ ਪੇਂਸ਼ਨ ਵੰਡ ਬੈਂਕ ਖਾਤੇ ਦੀ ਜਾਣਕਾਰੀ ਅਤੇ ਅਨੁਮੋਦਨਕਰਤਾ ਪ੍ਰਾਧਿਕਾਰੀ ਦਾ ਨਾਮ (ਪੀਪੀਓ ਦੀ ਫੋਟੋਕਾਪੀ) ਤਿਆਰ ਰੱਖਣੀ ਚਾਹੀਦੀ।
- **ਪਾਸਪੋਰਟ ਸਾਈਜ ਫੋਟੋ:** ਪ੍ਰਸਤੂਤ ਕਰਨ ਦੀ ਵਿਧੀ ਦੇ ਆਧਾਰ ਉਤੇ ਇਕ ਰੰਗੀਨ ਪਾਸਪੋਰਟ ਸਾਈਜ ਫੋਟੋ ਹੋਣਾ ਜਰੂਰੀ ਹੈ।
- **ਬੈਂਕ ਖਾਤਾ ਵੇਰਵਾ:** ਤੁਹਾਡੇ ਬੈਂਕ ਖਾਤੇ ਦੀ ਪਾਸਬੁਕ ਜਿਸ ਵਿਚ ਆਈਐਫਐਸ ਕੋਡ ਦਰਸਾਇਆ ਗਿਆ ਹੋਵੇ, ਦੀ ਕਾਪੀ ਦੀ ਲੋੜ ਹੈ।

ਉੱਤਰ ਰੇਲਵੇ
ਤੁਹਾਡੀ ਸੁਵਿਧਾ... ਸਾਡਾ ਲਕਸ਼
ਸਾਨੂੰ www.nr.indianrailways.gov.in 'ਤੇ ਮਿਲੋ
3344/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



# ਕ੍ਰਿਕਟ ਟੂਰਨਾਮੈਂਟ 14 ਤੋਂ 16 ਤੱਕ

**ਮੋਹਾਲੀ (ਗੁਰਜੀਤ ਬਿੱਲਾ)**-ਸ਼ੇਰੇ ਪੰਜਾਬ ਸਪੋਰਟਸ ਕਲੱਬ ਪਿੰਡ ਮਨੌਲੀ ਅਤੇ ਸਮੂਹ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਦੂਸਰਾ ਕ੍ਰਿਕਟ ਟੂਰਨਾਮੈਂਟ ਪਿੰਡ ਮਨੌਲੀ ਵਿਖੇ 14,15 ਅਤੇ 16 ਨਵੰਬਰ ਨੂੰ ਕਰਵਾਇਆ ਜਾ ਰਿਹਾ ਹੈ। ਟੂਰਨਾਮੈਂਟ ਦਾ ਪੋਸਟਰ ਕੌਂਸਲਰ ਯੂਥ ਨੇਤਾ ਅਤੇ ਕੌਂਸਲਰ ਸਰਬਜੀਤ ਸਿੰਘ ਸਮਾਣਾ ਦੁਆਰਾ ਰਿਲੀਜ਼ ਕੀਤਾ ਗਿਆ, ਇਸ ਮੌਕੇ ਤੇ ਸਰਪੰਚ ਕੁਲਵੀਰ ਸਿੰਘ ਤੋਂ ਇਲਾਵਾ ਕਲੱਬ ਦੇ ਪ੍ਰਧਾਨ ਅਸ਼ੀਸ਼ ਵਸ਼ਿਸ਼ਟ, ਚੇਅਰਮੈਨ ਪ੍ਰਗਟ ਸਿੰਘ ਵੀ ਹਾਜ਼ਰ ਰਹੇ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਯੂਥ ਨੇਤਾ ਅਤੇ ਕੌਂਸਲਰ ਸਰਬਜੀਤ ਸਿੰਘ ਸਮਾਣਾ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵੱਲੋਂ ਸ਼ਹਿਰਾਂ ਦੇ ਨਾਲ- ਨਾਲ ਪਿੰਡਾਂ ਦੇ ਵਿੱਚ ਖਿਡਾਰੀਆਂ ਲਈ ਲੋੜੀਂਦਾ ਸਹੂਲਤ ਦਾ ਹਰ ਸਮਾਨ ਉਪਲਬਧ ਕਰਵਾਇਆ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਦੀ ਸਰਕਾਰ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵੱਲੋਂ ਪਿੰਡਾਂ ਵਿੱਚ ਖੇਡ ਮੇਲੇ ਕਰਵਾਏ ਜਾਣ ਵਾਲੀਆਂ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਵੀ ਉਚੇਚੇ ਤੌਰ 'ਤੇ ਸਨਮਾਨਤ ਕੀਤਾ ਜਾ ਰਿਹਾ ਹੈ। ਇਸ ਮੌਕੇ ਤੇ ਮੌਜੂਦ ਕਲੱਬ ਦੇ ਪ੍ਰਧਾਨ ਆਸ਼ੀਸ਼ ਵਸ਼ਿਸ਼ਟ ,ਚੇਅਰਮੈਨ ਪ੍ਰਗਟ ਸਿੰਘ ਨੇ ਦੱਸਿਆ ਕਿ ਦੂਸਰੇ ਕ੍ਰਿਕਟ ਟੂਰਨਾਮੈਂਟ ਦੇ ਦੌਰਾਨ ਪਹਿਲਾ ਇਨਾਮ ਪ੍ਰਾਪਤ ਕਰਨ ਵਾਲੀ ਟੀਮ ਨੂੰ 71000 ਨਕਦ ਤਕਸੀਮ ਕੀਤੇ ਜਾਣਗੇ ਜਦਕਿ ਦੂਸਰਾ ਨਾਮ ਜਿੱਤਣ ਵਾਲੀ ਟੀਮ ਨੂੰ ਟਰਾਫੀ ਦੇ ਨਾਲ -ਨਾਲ 51 ਹਜ਼ਾਰ ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਉਹਨਾਂ ਦੱਸਿਆ ਕਿ ਤੀਸਰਾ ਅਤੇ ਚੌਥੇ ਇਨਾਮ ਦੇ ਲਈ 11000 ਰੁਪਏ ਰੱਖੇ ਗਏ ਹਨ ਜਦਕਿ ਪੰਜਵੇਂ ਤੋਂ ਅੱਠਵੇਂ ਇਨਾਮ ਲਈ 21-21 ਸੌ ਰੁਪਏ ਖਿਡਾਰੀਆਂ ਨੂੰ ਨਕਦ ਦਿੱਤੇ ਜਾਣਗੇ। ਕਲੱਬ ਪ੍ਰਧਾਨ ਅਸ਼ੀਸ਼ ਵਸ਼ਿਸ਼ਟ ਨੇ ਦੱਸਿਆ ਕਿ ਮੈਨ ਆਫ ਦਾ ਸੀਰੀਜ਼ ਜਿੱਤਣ ਵਾਲੇ ਨੂੰ ਇਲੈਕਟਰੀਕਲ ਸਕੂਟਰ ਜਦਕਿ ਬੈਸਟ ਬੈਟਸਮੈਨ ਨੂੰ ਵਾਸ਼ਿੰਗ ਮਸ਼ੀਨ ਇਨਾਮ ਵਜੋਂ ਦਿੱਤੀ ਜਾਵੇਗੀ। ਕਲੱਬ ਦੇ ਮੀਤ ਪ੍ਰਧਾਨ ਪਰਮਿੰਦਰ ਸਿੰਘ ਅਤੇ ਰਕੇਸ਼ ਕੌਸ਼ਲ ਨੇ ਦੱਸਿਆ ਕਿ ਮੈਚ ਸਵੇਰੇ 7 ਵਜੇ ਤੋਂ ਸ਼ਾਮ 5 ਵਜੇ ਤੱਕ ਖੇਡੇ ਜਾਇਆ ਕਰਨਗੇ। ਉਹਨਾਂ ਦੱਸਿਆ ਕਿ ਸੈਕਟਰ 83 ਆਈ.ਟੀ ਸਿਟੀ ਮੋਹਾਲੀ ਮਨੌਲੀ ਵਿਖੇ ਇਹ ਮੈਚ ਕਰਵਾਏ ਜਾਣਗੇ। ਇਸ ਮੌਕੇ ਤੇ ਆਮ ਆਦਮੀ ਪਾਰਟੀ ਦੇ ਦਫਤਰ ਸੈਕਟਰ -79 ਵਿਖੇ ਸਰਬਜੀਤ ਸਿੰਘ ਸਮਾਣਾ ਵੱਲੋਂ ਪੋਸਟਰ ਰਿਲੀਜ਼ ਕੀਤੇ ਜਾਣ ਦੇ ਦੌਰਾਨ ਚੇਅਰਮੈਨ ਪ੍ਰਗਟ ਸਿੰਘ, ਮੀਤ ਪ੍ਰਧਾਨ ਪਰਮਿੰਦਰ ਸਿੰਘ, ਮੀਤ ਪ੍ਰਧਾਨ ਰਾਕੇਸ਼ ਕੌਂਸਲ, ਖਜ਼ਾਨਚੀ ਰਮਨਦੀਪ ਸਿੰਘ, ਯੂਥ ਨੇਤਾ ਰਮਨਦੀਪ ਸਿੰਘ, ਹਰਮਨ ਖਾਨ, ਅਮਨਦੀਪ ਸਿੰਘ ਤੂਰ, ਸਲਮਾਨ ਖਾਨ, ਮਨਪ੍ਰੀਤ ਸਿੰਘ, ਗੈਰੀ ਨੱਤ ਬਲਜਿੰਦਰ ਸਿੰਘ ਵੀ ਹਾਜ਼ਰ ਸਨ।

## PUNJAB STATE WAREHOUSING CORPORATION
## DISTRICT OFFICE GURDASPUR

SITE NO. 201, SCHEME NO. 7 BACK SIDE NEW BUS STAND GURDASPUR

Punjab Government has floated OTS-2025 policy for the benefit of defaulter Mills. Preliminary following mills have been found eligible for applying under OTS-2025.

| Sr No. | Name of Mill | Crop-Year | Address |
|---|---|---|---|
| 1. | M/s Avon Trading Company, Qadian | 1995-96 | Qadian |
| 2. | M/s Shiva Rice Mill, Qadian | 1995-96 | Qadian |
| 3. | M/s K.K. Rice and General Mill, Dera Baba Nanak | 2001-02 | Dera Baba Nanak |
| 4. | M/s Sanan Rice Mill, Fatehgarh Churian | 2011-12 | Fatehgarh Churian |

They are advised to contact the under signed before 31.10.2025.

District Manger
PSWC, Gurdaspur
Mob No. 97805-64483

## COURT NOTICE

(U/o 5 Rule 20 CPC)
(UNDER GUARDIAN AND WARD ACT)
In The Court of
**Parminder Kaur Bains**
Civil Judge (Senior Division), Amritsar
CNR No. PBAS02-005075-2025
Next Date:-19-11-2025

Paramjit Kaur D/o Baghel Singh, R/o Village Shahpur, Mehatpur, Tehsil Nakodar, District Jalandhar

Vs. : General Public

Application Under Section 8 of the Hindu Minority and Guardianship Act for permission to sell the property of the minor Arman Singh S/o late Mohinder Singh, R/o Shahpur, Mehatpur, Tehsil Nakodar, District Jalandhar with regard of 4 share of Kothi bearing No. B- 114, Ranjit Avenue, Amritsar

Notice To: General Public

:- Whom May its Concern

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 19-11-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Senior Division) Amritsar
Dated, this day of 24-10-2025

## ਪਬਲਿਕ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਿੰਡ ਰਣਸੀਂਹ ਖੁਰਦ ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦੇ ਖੇਤਰ ਵਿੱਚ ਸਥਿਤ 27 ਕਨਾਲ 14 ਮਰਲੇ ਖਸਰਾ ਨੰ: 108//19/1(6-8) 19/2(1-12) 20ਮਿਨ ਸਰਕ (1-18) 21ਮਿਨ ਕੋਨਾ ਸਰਕ ਜਨੂਬ (0-4) 22 ਮਿਨ ਸਰਕ (3-0) 108//22ਮਿਨ ਕੋਨਾ ਜਨੂਬ ਸਰਕ(4-0) 115//2ਮਿਨ ਸਰਕ (6-8) 9/1ਮਿਨ ਸਰਕ(3-14) ਖੇਵਟ ਨੰ. 106 ਜਮ੍ਹਾਂਬੰਦੀ ਸਾਲ 1999-2000 ਵਾਕਿਆ ਰਣਸੀਂਹ ਖੁਰਦ, ਵਾਲੀ ਜਾਇਦਾਦ ਸੰਬੰਧੀ ਵਸੀਕਾ ਨੰਬਰ 354 ਮਿਤੀ 15.05.2002 ਨੂੰ ਮਾਲਕੀ ਡੀਡ, ਜੋ ਕਿ ਪਵਨ ਕੁਮਾਰ ਪੁੱਤਰ ਰਾਮ ਕਰਿਸ਼ਨ ਪੁੱਤਰ ਬਾਬੂ ਰਾਮ 1/6 ਹਿੱਸਾ, ਸ਼ਸ਼ੀ ਬਾਲਾ ਪੁੱਤਰੀ ਪਵਨ ਕੁਮਾਰ ਪੁੱਤਰ ਰਾਮ ਕਿਸ਼ਨ 1/6 ਹਿੱਸਾ, ਰਾਕੇਸ਼ ਕੁਮਾਰ ਪੁੱਤਰ ਮਹਿੰਦਰਪਾਲ ਪੁੱਤਰ ਰਾਮ ਸਰੂਪ 1/6 ਹਿੱਸਾ, ਸਵੀਤਾ ਰਾਣੀ ਪਤਨੀ ਰਾਜੇਸ਼ ਕੁਮਾਰ ਪੁੱਤਰ ਮਹਿੰਦਰਪਾਲ 1/6 ਹਿੱਸਾ, ਪਵਨ ਕੁਮਾਰ ਪੁੱਤਰ ਅਮਰਨਾਥ ਪੁੱਤਰ ਸਾਦੀ ਰਾਮ 1/6 ਹਿੱਸਾ ਅਸ਼ੋਕ ਕੁਮਾਰ ਪੁੱਤਰ ਮੰਗਤ ਰਾਏ ਪੁੱਤਰ ਅਮਰਨਾਥ 1/6 ਹਿੱਸਾ ਵਾਸੀਆਨ ਨਿਹਾਲ ਸਿੰਘ ਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦੇ ਹੱਕ ਵਿੱਚ ਕੀਤੀ ਗਈ ਸੀ, ਜੋ ਕਿ ਮੌਜੂਦਾ ਸਮੇਂ M/S Sanjeevani Foods Private Limited, Near PSWC Ransih Kalan Road Nihal Singh Wala, District Moga ਬਰੂਏ ਵਸੀਕਾ ਨੰਬਰ 598 ਮਿਤੀ 04.07.2024 ਰਾਹੀਂ ਖਰੀਦ ਕੀਤੀ ਹੈ, ਜੋ ਕਿ ਗੁਆਚ ਗਈ ਹੈ। ਜਿਸ ਦੀ ਗੁੰਮਸ਼ੁਦਾ ਦੀ ਰਿਪੋਰਟ ਮਿਤੀ 30.08.2025 ਨੂੰ ਰੋਜ਼ਨਾਮਚਾ ਨੰ. 031 ਅਨੁਸਾਰ ਦਰਜ ਹੈ। ਜੇਕਰ ਕੋਈ ਵਿਅਕਤੀ/ਵਿੱਤੀ ਸੰਸਥਾ/ਬੈਂਕ ਆਦਿ ਜਿਸ ਕੋਲ ਜਾਇਦਾਦ ਦੇ ਗਿਰਵੀਨਾਮੇ ਵਿਰੁੱਧ ਵਿਆਜ/ਇਤਰਾਜ਼/ਦਾਅਵਾ ਹੈ ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੇ 7 ਦਿਨਾਂ ਦੇ ਅੰਦਰ-ਅੰਦਰ ਪੰਜਾਬ ਨੈਸ਼ਨਲ ਬੈਂਕ ਸ਼ਾਖਾ ਐੱਮ ਸੀ ਸੀ ਮੋਗਾ, ਸੰਪਰਕ 7611144414 ਜਾਂ ਹੇਠ ਹਸਤਾਖਰ ਕੀਤੇ ਵਿਅਕਤੀ ਅੱਗੇ ਜਵਾਬ ਦੇ ਸਕਦਾ ਹੈ ਜਾਂ ਇਤਰਾਜ਼ ਦਰਜ ਕਰ ਸਕਦਾ ਹੈ।

ਵਿਨੀਤ ਮਿੱਤਲ ਐਡਵੋਕੇਟ
ਚੈਂਬਰ ਨੰਬਰ 40 ਸਿਵਲ ਕੋਰਟ ਨਿਹਾਲ ਸਿੰਘ ਵਾਲਾ
ਮੋ: ਨੰ. 98881-38994

## ਆਮ ਸੂਚਨਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੇਵਕ ਸਿੰਘ, ਵਾਸੀ ਗਹਿਲ ਦੀ ਮੌਤ ਹੋ ਗਈ ਹੈ, ਜਿਨ੍ਹਾਂ ਦੇ ਨਾਂਅ ਪਰ ਇੱਕ ਵਹੀਕਲ ਰਜਿਸਟ੍ਰੇਸ਼ਨ ਨੰਬਰ PB01C4148 ਰਜਿਸਟਰਡ ਹੈ।ਵਹੀਕਲ ਦੀ ਮਾਲਕੀ ਤਬਦੀਲੀ ਲਈ ਉਨ੍ਹਾਂ ਦੀ ਪਤਨੀ ਬਲਰਾਜ ਕੌਰ ਵੱਲੋਂ ਇਸ ਦਫਤਰ ਵਿਖੇ ਅਪਲਾਈ ਕੀਤਾ ਹੈ।ਬਾਕੀ ਵਾਰਸਾਂ ਵੱਲੋਂ ਇਹ ਵਹੀਕਲ ਬਲਰਾਜ ਕੌਰ ਦੇ ਨਾਂਅ ਟਰਾਂਸਫਰ ਹੋਣ 'ਤੇ ਕੋਈ ਇਤਰਾਜ਼ ਨਹੀਂ ਹੈ।ਜੇਕਰ ਕਿਸੇ ਹੋਰ ਵਿਅਕਤੀ ਨੂੰ ਇਤਰਾਜ਼ ਹੈ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਸੂਚਿਤ ਕਰ ਸਕਦਾ ਹੈ।

Secretary, State Transport Authority Punjab, Chandigarh

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀਮਤੀ ਅਰਚਨਾ ਸ਼ਰਮਾ ਨਾਇਬ-ਤਹਿਸੀਲਦਾਰ-ਕਮ- ਸਬ-ਰਜਿਸਟਰਾਰ, ਤਰਨ ਤਾਰਨ।

### ਨੋਟਿਸ ਬਨਾਮ ਆਮ ਜਨਤਾ

ਵਿਸ਼ਾ :- ਜ਼ੇਰ ਧਾਰਾ 40-ਏ ਅਣਰਜਿਸਟਰਡ ਵਸੀਅਤ ਨੂੰ ਰਜਿਸਟਰ ਕਰਨ ਬਾਰੇ।

ਸ੍ਰੀ ਪ੍ਰਿਤਪਾਲ ਸਿੰਘ ਪੁੱਤਰ ਲੇਟ ਸ੍ਰੀ ਸੁਰਿੰਦਰ ਸਿੰਘ ਵਾਸੀ ਚੌਂਕ ਭਾਨ ਸਿੰਘ, ਗਲੀ ਕੂਚਾ ਭਾਈ ਜੈਮਲ ਸਿੰਘ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਨੇ ਇੱਕ ਅਣਰਜਿਸਟਰਡ ਵਸੀਅਤ ਮਿਤੀ 20 ਫਰਵਰੀ 2023 ਵੱਲੋਂ ਸ੍ਰੀਮਤੀ ਸ਼ਰਨਜੀਤ ਕੌਰ ਵਿਧਵਾ ਸੁਰਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ, ਵਾਸੀ ਚੌਂਕ ਭਾਨ ਸਿੰਘ, ਗਲੀ ਕੂਚਾ ਭਾਈ ਜੈਮਲ ਸਿੰਘ, ਤਹਿ. ਤੇ ਜ਼ਿਲ੍ਹਾ ਤਰਨ ਤਾਰਨ ਨੇ ਆਪਣੇ ਪੁੱਤਰ ਪ੍ਰਿਤਪਾਲ ਸਿੰਘ ਪੁੱਤਰ ਲੇਟ ਸੁਰਿੰਦਰ ਸਿੰਘ ਦੇ ਹੱਕ ਵਿੱਚ ਕੀਤੀ ਤੇ ਹੁਣ ਪ੍ਰਿਤਪਾਲ ਸਿੰਘ ਪੁੱਤਰ ਲੇਟ ਸੁਰਿੰਦਰ ਸਿੰਘ ਨੇ ਇਹ ਵਸੀਅਤਨਾਮਾ ਦਫਾ 40-ਏ ਤਹਿਤ ਰਜਿਸਟਰ ਕਰਾਉਣ ਲਈ ਪੇਸ਼ ਕੀਤੀ ਹੈ। ਵਸੀਅਤਕਰਤਾ ਸ਼ਰਨਜੀਤ ਕੌਰ ਦੀ ਮਿਤੀ 04 ਅਗਸਤ 2025 ਨੂੰ ਮੌਤ ਹੋ ਚੁੱਕੀ ਹੈ। ਇਸ ਲਈ ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਇਹ ਵਸੀਅਤ ਰਜਿਸਟਰਡ ਕਰਨ ਦੇ ਸੰਬੰਧ ਵਿਚ ਕਿਸੇ ਤਰ੍ਹਾਂ ਦਾ ਇਤਰਾਜ਼ ਹੋਵੇ ਤਾਂ ਉਹ ਅਸਾਲਤਨ/ਵਕਾਲਤਨ ਹਾਜ਼ਰ ਅਦਾਲਤ ਆ ਕੇ ਆਪਣਾ ਉਜ਼ਰ/ਦਾਅਵਾ ਇਸ ਇਸ਼ਤਿਹਾਰ ਦੇ ਜਨਤਕ ਹੋਣ ਦੇ ਤੀਹ (30) ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕਿਸੇ ਤਰ੍ਹਾਂ ਦਾ ਕੋਈ ਉਜ਼ਰ ਨਹੀਂ ਸੁਣਿਆ ਜਾਵੇਗਾ। ਇਹ ਇਸ਼ਤਿਹਾਰ ਮੋਹਰ ਅਦਾਲਤ ਅਤੇ ਮੇਰੇ ਦਸਤਖਤਾਂ ਨਾਲ ਮਿਤੀ 28.10.25 ਨੂੰ ਜਾਰੀ ਕੀਤਾ ਗਿਆ।

ਸਹੀ/- ਸਬ-ਰਜਿਸਟਰਾਰ, ਤਰਨ ਤਾਰਨ
ਮੀਮੋ ਨੰ: 349 ਮਿਤੀ : 28/10/25

## COURT NOTICE

(U/o 5 Rule 20 CPC)
In the Court of
**Ms. Harpreet Kaur Nafra**
Additional Civil Judge (Sr. Divn.), Amloh (P)
CNR No. PBFGA0-000789-2024
Next Date :- 24-11-2025

M/S Patan Finance and Investment Co. Ltd. 248 Room No. 2 First Floor, Sector 9 Block B, Guru Ki Nagri, Bhadla Road, Mandi Gobindgarh, Tehsil Amloh, District Fatehgarh Sahib, Punjab, India-147301 Through its Director/Authorized Persons Ms. Parveen Goel W/o Sh. Kuldeep Goel and Principal Officer (Legal) Harvinder Singh S/o Sh. Pritam Singh (Mobile No. 9216022283, Adhar No. 4931 5856 2745

Vs.

1. M/S IPS Wines and Ors.

Publication Issued To:

1. M/S IPS Wines, SCF 01, Sector 24-C, Chandigarh (Ut) Through Its Partner/Incharge & Responsible Person Sh. Harpreet Singh Chadha.

2nd Address:- M/S IPS Wines, House No. 506, Green Avenue, Amritsar-1, Amritsar Gop, (Punjab) Through its Partner/Incharge & responsible Person Sh. Harpreet Singh Chadha.

2. Sh. Harpreet Singh Chadha, Partner/Incharge & Responsible Person of M/S IPS Wines, House No. 506, Green Avenue, Amritsar-1, Amritsar GPO, (Punjab), Phone No. 95692-54400

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 24-11-2025 at 10:00 a.m.

For details logon to https://highcourtchd.gov.in/?mod=district_notice&district=mogacourt

Additional Civil Judge (Sr. Divn.)
Amloh (P)
Dated, this day of 24-10-2025

# ਸਕੂਲ ਵਾਹਨਾਂ ਦੀ ਚੈਕਿੰਗ, ਤਿੰਨ ਬੱਸਾਂ ਦੇ ਕੱਟੇ ਚਲਾਨ

**ਨਵਾਂਸ਼ਹਿਰ (ਮਨੋਜ ਲਾਡੀ)**- ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾ ਤਹਿਤ ਅਤੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋਂ ਟੀਮ ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ ਸੇਫ ਸਕੂਲ ਵਾਹਨ ਪਾਲਿਸੀ ਨੂੰ ਲਾਗੂ ਕਰਨ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਦੇ ਤਹਿਤ ਨਵਾਂ ਸ਼ਹਿਰ ਜ਼ਿਲ੍ਹੇ ਵਿੱਚ 28 ਅਕਤੂਬਰ ਨੂੰ ਜਿਲ੍ਹਾ ਨਵਾਂਸਹਿਰ ਵਿਚ ਸਕੂਲੀ ਵਾਹਨਾ ਦੀ ਚੈਕਿੰਗ ਕੀਤੀ ਗਈ ਅਤੇ ਸਕੂਲੀ ਬਸਾਂ ਦੇ ਡਰਾਈਵਰਾਂ ਨੂੰ ਸੇਫ ਸਕੂਲ ਵਾਹਨ ਪੋਲੀਸੀ ਦੀਆਂ ਸ਼ਰਤਾਂ ਬਾਰੇ ਜਾਣੂੰ ਕਰਵਾਇਆ ਗਿਆ। ਚੈਕਿੰਗ ਦੌਰਾਨ ਕੈਂਬਰਿਜ ਸਕੂਲ, ਦੁਆਬਾ ਪਬਲਿਕ ਸਕੂਲ, ਕੈਮਬ੍ਰਿਜ ਪਬਲਿਕ ਸਕੂਲ, ਟੈਗੋਰ ਮਾਡਲ ਸਕੂਲ, ਕੇਸੀ ਪਬਲਿਕ ਸਕੂਲ ਅਤੇ ਸਿਵਾਲਿਕ ਪਬਲਿਕ ਸਕੂਲ ਦੀਆਂ ਬੱਸਾਂ ਵੀ ਸ਼ਾਮਲ ਸਨ। ਇਸ ਮੁਹਿੰਮ ਦੌਰਾਨ ਤਕਰੀਬਨ 11 ਸਕੂਲਾਂ ਦੀਆਂ ਕੁੱਲ 24 ਸਕੂਲੀ ਬੱਸਾਂ ਦੇ ਦਸਤਾਵੇਜ ਚੈੱਕ ਕੀਤੇ ਗਏ ਅਤੇ ਸੇਫ ਸਕੂਲ ਵਾਹਨ ਪਾਲਸੀ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਵਾਲੀਆਂ 3 ਸਕੂਲੀ ਬੱਸਾਂ ਦੇ ਚਲਾਨ (ਡਰਾਈਵਰ ਵੱਲੋ ਸੀਟ ਬੈਲਟ ਨਾ ਲਾਉਣ ਕਰ ਕੇ, ਫਿੱਟਨੈਸ ਸਰਟੀਫਿਕੇਟ ਨਾ ਹੋਣ



ਕਾਰਨ ਅਤੇ ਫਸਟ ਐਡ ਬਾਕਸ ਵਿਚ ਐਕਸਪਾਇਰੀ ਦਵਾਈ ਮਿਲਣ ਕਾਰਨ) ਵੀ ਕੀਤੇ ਗਏ ।ਇਸ ਮੌਕੇ ਟੀਮ ਵਲੋਂ ਸਕੂਲੀ ਵਾਹਨਾਂ ਦੇ ਡਰਾਈਵਰਾਂ ਨੂੰ ਇਹ ਗੱਲ ਸਪੱਸ਼ਟ ਕੀਤੀ ਗਈ ਕਿ ਸੇਫ ਸਕੂਲ ਵਾਹਨ ਪਾਲਿਸੀ ਦੀਆ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਾਹਨਾਂ ਤੇ ਬਣਦੀ ਕਾਨੂੰਨੀ ਕਾਰਵਾਈ ਹੋਣੀ ਯਕੀਨੀ ਬਣਾਈ ਜਾਵੇਗੀ। ਜ਼ਿਲ੍ਹਾ ਬਾਲ ਸੁਰੱਖਿਆ ਦਫਤਰ ਵਲੋ ਸਮੇ-ਸਮੇ ਤੇ ਸਕੂਲ ਦੇ ਪ੍ਰਿੰਸੀਪਲ ਅਤੇ ਸਕੂਲ ਵਾਹਨਾ ਦੇ ਡਰਾਈਵਰਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਜਿਵੇ ਕਿ ਸੀ.ਸੀ ਟੀ. ਵੀ. ਕੈਮਰਾ, ਖਿੜਕੀ ਤੇ ਲੋਹੇ ਦੀ ਗਰਿਲ, ਫਸਟ ਐਡ ਬਾਕਸ, ਲੇਡੀ ਕੰਡਕਟਰ, ਬਸ ਡਰਾਈਵਰ ਦਾ ਸਕੂਲ ਯੂਨੀਫੋਮ ਵਿੱਚ ਹੋਣਾ, ਸੀਟ ਬੈਲਟ ਲਗਾਣਾ, ਕਪੈਸਿਟੀ ਤੋਂ ਵੱਧ ਬੱਚੇ ਸਕੂਲ ਬੱਸ ਵਿੱਚ ਨਾ ਬਿਠਾਣਾ ਆਦਿ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਤੋ ਇਲਾਵਾ ਸਕੂਲ ਵਾਰਨ ਦੇ ਡਰਾਇਵਰਾ ਕੋਲ ਵਾਹਨ ਦੇ ਕਾਗਜ਼ਾਤ ਵੀ ਪੂਰੇ ਹੋਣੇ ਚਾਹੀਦੇ ਹਨ ਤਾਂ ਜੋ ਉਹਨਾ ਨੂੰ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਟੀਮ ਵਿੱਚ ਇੰਦਰਪਾਲ ਸਿੰਘ ਰੀਜਨਲ ਟਰਾਂਸਪੋਰਟ ਅਫਸਰ, ਜਿਲਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ, ਸੰਤੋਸ਼ ਡੀਈਓ, ਸਿੱਖਿਆ ਵਿਭਾਗ ਤੋਂ ਸੁਮਿਤ ਸੋਢੀ ਟੀਚਰ, ਚਾਈਲਡ ਹੈਲਪ ਲਾਈਨ ਤੋਂ ਦੀਪਕ ਬੰਗਾ, ਪੁਲਿਸ ਵਿਭਾਗ ਤੋਂ ਟਰੈਫ਼ਿਕ ਇੰਚਾਰਜ ਸੁਭਾਸ਼ ਚੰਦ ਅਤੇ ਦਲਾਵਰ ਸਿੰਘ ਵੀ ਮੌਜੂਦ ਸਨ।

# ਵਿਜੀਲੈਂਸ ਬਿਊਰੋ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਵਚਨਬੱਧ : ਮੰਡੇਰ

**ਨਵਾਂਸ਼ਹਿਰ (ਮਨੋਜ ਲਾਡੀ)**- ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਦੀ ਰੋਕਥਾਮ ਲਈ ਰਾਜ ਭਰ ਵਿੱਚ ਮਨਾਏ ਜਾ ਰਹੇ ਵਿਜੀਲੈਂਸ ਜਾਗਰੂਕਤਾ ਹਫਤੇ ਤਹਿਤ 28 ਅਕਤੂਬਰ ਨੂੰ ਇੱਥੇ ਕਰਵਾਏ ਜਾਗਰੂਕਤਾ ਪ੍ਰੋਗਰਾਮ ਦੌਰਾਨ ਵਿਜੀਲੈਂਸ ਬਿਊਰੋ ਜਲੰਧਰ ਰੇਂਜ ਦੇ ਐੱਸ ਐੱਸ ਪੀ ਹਰਪ੍ਰੀਤ ਸਿੰਘ ਮੰਡੇਰ ਨੇ ਸਮਾਜ ਦੀਆਂ ਸਾਰੀਆਂ ਧਿਰਾਂ ਨੂੰ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਅੱਗੇ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਸਾਰਿਆਂ ਖਾਸਕਰ ਨੌਜਵਾਨਾਂ ਨੂੰ ਪੀ ਸੀ ਐਕਟ ਤੋਂ ਚੰਗੀ ਤਰ੍ਹਾਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ ਜਿਸ ਨਾਲ ਰਿਸ਼ਵਤਖੋਰੀ ਨੂੰ ਅਸਰਦਾਰ ਢੰਗ ਨਾਲ ਰੋਕਿਆ ਜਾ ਸਕਦਾ ਹੈ । ਸਥਾਨਕ ਡੀ.ਏ.ਐਨ. ਕਾਲਜ ਆਫ ਐਜੂਕੇਸ਼ਨ ਫਾਰ ਵਿਮੈਨ ਵਿਖੇ ਵਿਜੀਲੈਂਸ ਬਿਊਰੋ ਵੱਲੋਂ "ਚੌਕਸੀ-ਸਾਡੀ ਸਾਂਝੀ ਜ਼ਿੰਮੇਵਾਰੀ" ਦੇ ਨਾਅਰੇ ਹੇਠ ਕਰਵਾਏ ਜਾਗਰੂਕਤਾ ਪ੍ਰੋਗਰਾਮ ਮੌਕੇ ਬੋਲਦਿਆਂ ਐਸ.ਐਸ.ਪੀ. ਹਰਪ੍ਰੀਤ ਸਿੰਘ ਮੰਡੇਰ ਨੇ ਕਿਹਾ ਕਿ ਭ੍ਰਿਸ਼ਟਾਚਾਰ ਰੋਕੂ ਐਕਟ -1988 (ਪੀ ਸੀ ਐਕਟ) ਵੱਖ-ਵੱਖ ਤਰ੍ਹਾਂ ਦੇ ਭ੍ਰਿਸ਼ਟਾਚਾਰ ਨੂੰ ਠੱਲ ਪਾਉਣ ਵਿੱਚ ਬਹੁਤ




ਕਾਰਗਰ ਹੈ ਜਿਸ ਬਾਰੇ ਸਾਰਿਆਂ ਨੂੰ ਜਾਣੂ ਅਤੇ ਜਾਗਰੂਕ ਹੋਣਾ ਸਮੇਂ ਦੀ ਮੁੱਖ ਮੰਗ ਹੈ। ਪੀ ਸੀ ਐਕਟ ਦੀਆਂ ਵੱਖ-ਵੱਖ ਧਾਰਾਵਾਂ ਦਾ ਜ਼ਿਕਰ ਕਰਦਿਆਂ ਹਰਪ੍ਰੀਤ ਸਿੰਘ ਮੰਡੇਰ ਨੇ ਲੋਕਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਦਫਤਰਾਂ ਵਿੱਚ ਜੇਕਰ ਕੋਈ ਭ੍ਰਿਸ਼ਟ ਕਾਰਵਾਈ ਬਾਰੇ ਪਤਾ ਲੱਗਦਾ ਹੈ ਤਾਂ ਇਸ ਬਾਬਤ ਬਿਨਾਂ ਕਿਸੇ ਝਿਜਕ ਅਤੇ ਦੇਰੀ ਤੋਂ ਵਿਜੀਲੈਂਸ ਬਿਊਰੋ ਨੂੰ ਸੂਚਿਤ ਕੀਤਾ ਜਾਵੇ । ਵਿਜੀਲੈਂਸ ਬਿਊਰੋ ਦੀ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਵਚਨਬੱਧਤਾ ਨੂੰ ਦੁਹਰਾਉਂਦਿਆਂ ਐੱਸ ਐੱਸ ਪੀ ਹਰਪ੍ਰੀਤ ਸਿੰਘ ਮੰਡੇਰ ਨੇ ਕਿਹਾ ਕਿ ਜੇਕਰ ਕੋਈ ਸਰਕਾਰੀ ਮੁਲਾਜ਼ਮ ਰਿਸ਼ਵਤ ਮੰਗਦਾ ਹੈ ਜਾਂ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦਾ ਹੈ ਜਾਂ ਸਰਕਾਰੀ ਕੰਮਾਂ/ਫੰਡਾਂ ਦੀ ਦਰਵਰਤੋਂ ਕਰਦਾ ਹੈ ਤਾਂ ਬਿਊਰੋ ਦੀ ਐਂਟੀ ਕੁੱਰਪਸ਼ਨ ਲਾਈਨ ਦੇ ਨੰਬਰ 95012-00200 ਜਾਂ ਟੋਲ ਫਰੀ ਨੰਬਰ 1800-1800-1000 'ਤੇ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਬਿਊਰੋ ਦੇ ਆਨਲਾਈਨ ਪੋਰਟਲ vigilancebureau.punjab.gov.in ਜਾਂ complaintBvb @punjab.gov.in 'ਤੇ ਵੀ ਸ਼ਿਕਾਇਤ ਭੇਜੀ ਜਾ ਸਕਦੀ ਹੈ।

# ਅਨਾਜ ਮੰਡੀਆਂ 'ਚ ਝੋਨੇ ਦੀ ਖਰੀਦ ਜਾਰੀ



**ਨੰਗਲ, ਭਲਾਣ (ਹਰਭਜਨ ਢਿੱਲੋਂ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾ ਤਹਿਤ ਅਨਾਜ ਮੰਡੀਆਂ ਵਿੱਚ ਝੋਨੇ ਦੀ ਖਰੀਦ ਦੇ ਸੁਚੱਜੇ ਪ੍ਰਬੰਧ ਕੀਤੇ ਹੋਏ ਹਨ। ਅਨਾਜ ਮੰਡੀਆਂ ਵਿੱਚ ਝੋਨੇ ਦੀ ਆਮਦ ਨੇ ਰਫਤਾਰ ਫੜ ਲਈ ਹੈ। ਖਰੀਦ ਏਜੰਸੀਆਂ ਵੱਲੋਂ ਵੀ ਬਿਨ੍ਹਾਂ ਰੁਕਾਵਟ ਖਰੀਦ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਸਚਿਨ ਪਾਠਕ ਉਪ ਮੰਡਲ ਮੈਜਿਸਟ੍ਰੇਟ ਨੰਗਲ ਨੇ 28 ਅਕਤੂਬਰ ਨੂੰ ਇੱਥੇ ਦਿੱਤੀ। ਉਹਨਾਂ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਝੋਨੇ ਦੀ ਖਰੀਦ ਸ਼ੁਰੂ ਕਰਨ ਤੋਂ ਪਹਿਲਾਂ ਹੀ ਅਨਾਜ ਮੰਡੀਆਂ ਵਿੱਚ ਸਾਰੇ ਪ੍ਰਬੰਧ ਸੰਚਾਰੂ ਕਰਨ ਦੇ ਨਿਰਦੇਸ਼ ਦਿੱਤੇ ਸਨ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਵੱਲੋਂ ਵੀ ਮੰਡੀਆ ਵਿੱਚ ਕਿਸਾਨਾਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਗਏ ਸਨ।

# ਸਬ ਇੰਸਪੈਕਟਰ ਬਿਕਰਮ ਸਿੰਘ ਰੋੜੀ ਨੇ ਥਾਣਾ ਸਦਰ ਬਲਾਚੌਰ ਦਾ ਚਾਰਜ ਸੰਭਾਲਿਆ

**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਵੀਜ਼ਨ ਬਲਾਚੌਰ ਥਾਣਾ ਸਦਰ ਵਿਖੇ ਸਬ ਇੰਸਪੈਕਟਰ ਬਿਕਰਮ ਸਿੰਘ ਰੋੜੀ ਨੇ ਚਾਰਜ ਸੰਭਾਲ ਲਿਆ ਹੈ। ਉਪਰੰਤ



ਉਹਨਾਂ ਆਮ ਪਬਲਿਕ ਨੂੰ ਕਿਹਾ ਕਿ ਨਸ਼ਿਆਂ ਦੇ ਸੌਦਾਗਰ ਦੀ ਜਾਣਕਾਰੀ ਦਿਓ, ਜਾਣਕਾਰੀ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ। ਪੰਜਾਬ ਪੁਲਸ ਨੂੰ ਪਬਲਿਕ ਦਾ ਸਾਥ ਚਾਹੀਦਾ ਹੈ। ਬਲਾਚੌਰ ਵਿਖੇ ਚਾਰਜ ਸੰਭਾਲਣ ਉਪਰੰਤ ਉਨ੍ਹਾਂ ਗਲਤ ਅਨਸਰਾਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਉਹ ਗੈਰ ਕਾਨੂੰਨੀ ਧੰਦੇ ਬੰਦ ਕਰਕੇ ਸਨਮਾਨਜਨਕ ਧੰਦਿਆਂ ਨੂੰ ਅਪਨਾਉਣ । ਉਨ੍ਹਾਂ ਕਿਹਾ ਕਿ ਅਮਨ ਸ਼ਾਂਤੀ ਨੂੰ ਹਰ ਕੀਮਤ 'ਤੇ ਬਹਾਲ ਰੱਖਿਆ ਜਾਵੇਗਾ। ਉਨ੍ਹਾਂ ਸਮੁੱਚੇ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਬੁਰੀਆਂ ਅਲਾਮਤਾਂ ਨੂੰ ਜੜ੍ਹੋਂ ਖਤਮ ਕਰਨ ਲਈ ਪੁਲਸ ਨੂੰ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ।

# ਜਿੰਪਾ ਨੇ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡ ਮੁਕਾਬਲਿਆਂ ਦੀ ਕਰਵਾਈ ਸ਼ੁਰੂਆਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਹੁਸ਼ਿਆਰਪੁਰ ਦੇ ਲਾਜਵੰਤੀ ਮਲਟੀਪਰਪਜ਼ ਸਟੇਡੀਅਮ ਵਿਚ 28 ਅਕਤੂਬਰ ਨੂੰ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਖੁਸ਼ੀ ਅਤੇ ਉਤਸ਼ਾਹ ਦੇ ਮਾਹੌਲ ਵਿੱਚ ਹੋਈ। ਖੇਡਾਂ ਦਾ ਉਦਘਾਟਨ ਮੁੱਖ



ਮਹਿਮਾਨ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕੀਤਾ, ਜਦਕਿ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਵਿਧਾਇਕ ਜਿੰਪਾ ਨੇ ਕਿਹਾ ਕਿ ਇਹ ਬੱਚੇ ਕੇਂਦਰ ਅਤੇ ਬਲਾਕ ਪੱਧਰ ਦੇ ਮੁਕਾਬਲੇ ਜਿੱਤਣ ਤੋਂ ਬਾਅਦ ਹੁਣ ਜ਼ਿਲ੍ਹਾ ਪੱਧਰ 'ਤੇ ਪਹੁੰਚ ਗਏ ਹਨ, ਜੋ ਕਿ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਲਗਨ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਖੇਡਾਂ ਨਾ ਸਿਰਫ਼ ਬੱਚਿਆਂ ਨੂੰ ਸਿਹਤਮੰਦ ਰੱਖਦੀਆਂ ਹਨ ਸਗੋਂ ਉਨ੍ਹਾਂ ਨੂੰ ਨਸ਼ਿਆਂ ਤੋਂ ਵੀ ਦੂਰ ਰੱਖਦੀਆਂ ਹਨ। ਵਿਧਾਇਕ ਨੇ ਸਪੱਸ਼ਟ ਕੀਤਾ ਕਿ ਸੂਬਾ ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਦ੍ਰਿੜ ਹੈ ਅਤੇ ਕਿਸੇ ਨੂੰ ਵੀ ਇਸ ਗਤੀਵਿਧੀ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ, ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਚੌਬੇ, ਮਨੀ ਗੋਗੀਆ, ਪ੍ਰਿੰਸੀਪਲ ਸ਼ੈਲੇਂਦਰ ਠਾਕੁਰ, ਪ੍ਰਿੰਸੀਪਲ ਤ੍ਰਿਲੋਚਨ ਸਿੰਘ, ਲੈਕਚਰਾਰ ਸੰਦੀਪ ਸੂਦ, ਚੰਦਰ ਪ੍ਰਕਾਸ਼ ਸਿੰਘ ਸੈਣੀ, ਜ਼ਿਲ੍ਹਾ ਕੋਆਰਡੀਨੇਟਰ ਰਜਨੀਸ਼ ਗੁਲਿਆਨੀ, ਬੀ ਪੀ ਈ ਓ ਜਸਵਿੰਦਰ ਪਾਲ ਬਾਂਸਲ, ਚਰਨਜੀਤ ਸਿੰਘ ਸਿੱਧੂ, ਰਾਜ ਕੁਮਾਰ, ਹੈਡ ਟੀਚਰ ਰਮਨ ਕੁਮਾਰ, ਰਮਨ ਕੁਮਾਰ ਐਰੀ, ਉਂਕਾਰ ਸਿੰਘ ਸੂਸ, ਮਨਜੀਤ ਸਿੰਘ ਲਲੀਆ, ਹਰਪ੍ਰੀਤ ਕੌਰ, ਪੂਨਮ ਰਾਜਪੂਤ, ਜਸਵੀਰ ਸਿੰਘ, ਨਿਤਿਨ ਸੂਮਨ, ਮੂਨੀਤ ਖੰਨਾ ਸਮੇਤ ਸਿੱਖਿਆ ਵਿਭਾਗ ਦੇ ਹੋਰ ਅਧਿਕਾਰੀ ਅਤੇ ਅਧਿਆਪਕ ਮੌਜੂਦ ਸਨ।

# ਪੀਣ ਵਾਲੇ ਪਾਣੀ ਦੇ 62 ਪ੍ਰਤੀਸ਼ਤ ਸੈਂਪਲ ਫੇਲ੍ਹ, ਸੂਚਨਾ ਅਧਿਕਾਰ ਐਕਟ ਤਹਿਤ ਧੀਮਾਨ ਨੇ ਕੀਤਾ ਖੁਲਾਸਾ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਸੂਚਨਾ ਅਧਿਕਾਰ ਐਕਟ 2005 ਤਹਿਤ ਖੁਲਾਸਾ ਕਰਦਿਆਂ ਦਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਪ੍ਰਾਇਮਰੀ ਹੈਲਥ ਸੈਂਟਰ ਮੰਡ ਭੰਡੇਰ ਹੇਠ ਪੈਂਦੇ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੇ 62 ਪ੍ਰਤੀਸ਼ਤ ਤੋਂ ਜਿਆਦਾ ਸੈਂਪਲ ਫੈਲ੍ਹ ਹੋਣਾ ਇਕ ਬਹੁਤ ਹੀ ਵੱਡਾ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਦਸਿਆ ਕਿ 2022 ਤੋਂ ਲੈ ਕੇ 31 ਜੁਲਾਈ 2025 ਤੱਕ ਲਏ ਗਏ ਕੁਲ ਸੈਂਪਲਾਂ ਵਿਚੋਂ ਸਰਕਾਰੀ ਲੈਬੋਰੈਟਰੀ ਦੀ ਰਿਪੋਰਟ ਅਨੁਸਾਰ 159 ਸੈਪਲਾਂ ਵਿਚੋਂ 83 ਫੈਲ੍ਹ ਪਾਏ ਗਏ ਅਤੇ 10 ਸੈਂਪਲਾਂ ਦੇ ਨਤੀਜੇ ਆਉਣੇ ਬਾਕੀ ਹਨ ਅਤੇ 16 ਸੈਂਪਲਾਂ ਦੇ ਨਤੀਜੇ ਰਿਪੀਟ ਕੀਤੇ ਗਏ ਹਨ।ਧੀਮਾਨ ਨੇ ਦਸਿਆ ਕਿ ਸਰਕਾਰੀ ਐਲੀਮੈਂਟਰੀ ਸਕੂਲ ਆਦੋ ਚੱਕ-ਸਰਕਾਰੀ ਮਿਡਲ ਅਤੇ ਐਲੀਮੈਂਟਰੀ ਸਕੂਲ ਅਗਲੋਰ, ਸਰਕਾਰੀ ਐਲੀਮੈਂਟਰੀ ਅਤੇ ਹਾਈ ਸਕੂਲ ਦਦਿਆਲ, ਸਰਕਾਰੀ ਐਲੀਮੈਂਟਰੀ ਸਕੂਲ ਮਕੋਵਾਲ, ਸਰਕਾਰੀ ਸੀਨੀਅਰ ਸੈਕੰਡਰੀ ਅਤੇ ਐਲੀਮੈਂਟਰੀ ਸਕੂਲ ਸੰਸਾਰ ਪੁਰ,ਸਰਕਾਰੀ ਐਲੀਮੈਂਟਰੀ ਸਕੂਲ ਦਸੂਹਾ, ਆਂਗਣਵਾੜੀ ਸੈਂਟਰ ਅਤੇ ਸਰਕਾਰੀ ਮਿਡਲ ਸਕੂਲ ਬਰਸਾ, ਆਂਗਣਵਾੜੀ ਸੈਂਟਰ ਚੋਨੀ, ਪੰਜਾਬ ਐਂਡ ਸਿੰਘ ਬੈਂਕ ਬੋਦਲ, ਆਂਗਣਵਾੜੀ ਸੈਂਟਰ ਕੰਗ, ਸਰਕਾਰੀ ਮਿਡਲ ਅਤੇ ਐਲੀਮੈਂਟਰੀ ਸਕੂਲ ਟੈਰਕੀਆਣਾ, ਸਰਕਾਰੀ ਐਲੀਮੈਂਟਰੀ ਸਕੂਲ ਵਧਾਈਆ, ਸਰਕਾਰੀ ਐਲੀਮੈਂਟਰੀ ਸਕੂਲ ਹਿੰਮਤਪੁਰ, ਸਰਕਾਰੀ ਐਲੀਮੈਂਟਰ ਸਕੂਲ ਮੱਖਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਾਮੀਨ, ਸਰਕਾਰੀ ਮਿਡਲ ਸਕੂਲ ਉਚੀ ਬੱਸੀ, ਸਰਕਾਰੀ ਐਲੀਮੈਂਟਰੀ ਸਕੂਲ ਰੰਧਾਵਾ, ਸਰਕਾਰੀ ਐਲੀਮੈਂਟਰੀ ਸਕੂਲ ਅਤੇ ਆਂਗਣਵਾੜੀ ਸੈਂਟਰ ਕੁਲਾਰ, ਸਰਕਾਰੀ ਐਲੀਮੈਂਟਰ ਸਕੂਲ ਜੰਡੋੜ, ਸਰਕਾਰੀ ਐਲੀਮੈਂਟਰੀ ਸਕੂਲ ਝਿੰਗੜ, ਸਰਕਾਰੀ ਐਲੀਮੈਂਟਰੀ ਸਕੂਲ ਦਵਾਖੜੀ, ਸਰਕਾਰੀ ਐਲੀਮੈਂਟਰੀ ਸਕੂਲ ਨੰਗਲ, ਸਰਕਾਰੀ ਐਲੀਮੈਂਟਰੀ ਸਕੂਲ ਦੁਗਲ, ਸਰਕਾਰੀ ਐਲੀਮੈਂਟਰੀ ਸਕੂਲ ਤੂਰ, ਪਿੰਡ ਧੋਲੀਆ, ਪਿੰਡ ਚੋਹਾਨਾ ਪੱਟੀ, ਆਂਗਣਵਾੜੀ ਸੈਂਟਰ ਬੱਡਲਾ, ਪਿੰਡ ਸਿੰਘਪੁਰ ਤਰਖਾਣਾ,ਐਸਸੀ ਸੌਂਸਪੁਰ,ਪਿੰਡ ਢੱਡਰ, ਸਰਕਾਰੀ ਐਲੀਮੈਂਟਰੀ ਸਕੂਲ ਜਲਾਲ ਚੱਕ, ਸਰਕਾਰੀ ਹਾਈ ਸਕੂਲ ਢੱਡਰ,ਐਸਸੀ



ਸੰਗਰਾਂ,ਪਿੰਡ ਜਿਉ ਚੱਕ, ਘੋਗਰਾ ਇੱਟਾਂ ਦਾ ਭੱਠਾ, ਪਿੰਡ ਘੋਗਰਾ, ਸਰਕਾਰੀ ਐਲੀਮੈਂਟਰੀ ਸਕੂਲ ਬਨਿਆਲ, ਸਰਕਾਰੀ ਐਲੀਮੈਂਟਰੀ ਸਕੂਲ ਕਾਲੂਵਾਲ, ਐਸਸੀ ਮੀਰਪੁਰ, ਸਰਕਾਰੀ ਐਲੀਮੈਂਟਰੀ ਸਕੂਲ ਮੀਰਪੁਰ, ਪਿੰਡ ਟੋਅ, ਸਰਕਾਰੀ ਮਿਡਲ ਸਕੂਲ ਟੈਰਕੀਆਣਾ ਸਬਮਰਸੀਵਲ ਬੋਰ,ਸਰਕਾਰੀ ਐਲੀਮੈਂਟਰੀ ਸਕੂਲ ਲਾਮੀਨ ਸਬਮਰਸੀਵਲ ਬੋਰ,ਸਰਕਾਰੀ ਐਲੀਮੈਂਟਰੀ ਸਕੂਲ ਮੀਰਪੁਰ ਸਬਮਰਸੀਵਲ ਬੋਰ, ਸਰਕਾਰੀ ਐਲੀਮੈਂਟਰੀ ਸਕੂਲ ਕਲੂਵਾਲ ਸਬਮਰਸੀਵਲ, ਪਿੰਡ ਬਨਿਆਲ ਸਬਮਰਸੀਵਲ, ਪਿੰਡ ਬੀਸੋਚੱਕ ਸਬਮਰਸੀਵਲ, ਵਾਟਰ ਸਪਲਾਈ ਮੇਹਰ ਭਟੋਲੀ, ਸਰਕਾਰੀ ਐਲੀਮੈਂਟਰੀ ਸਕੂਲ ਮੰਗਤ ਸਬਮਰਸੀਵਲ, ਸਰਕਾਰੀ ਐਲੀਮੈਂਟਰੀ ਸਕੂਲ ਗੋੜਸੀਆ, ਗੁਰਦੁਆਰਾ ਨਾਨਕ ਦਰਵਾਰ ਪਿੰਡ ਰਸ਼ਪਲਵਾ ਸਬਮਰਸੀਵਲ,ਕੋਆਪਰੇਟਿਵ ਸੋਸਾਇਟੀ ਪਿੰਡ ਪਨਢੇਰ ਸਬਮਰਸੀਵਲ,ਐੱਸ ਸੀ ਮੰਡ ਵਾਟਰ ਸਪਲਾਈ, ਵਾਟਰ ਸਪਲਾਈ ਪਿੰਡ ਗਜਰੇਲੀ, ਗੁਰੂਦਵਾਰਾ ਸਾਹਿਬ ਪਿੰਡ ਬਨਿਆਲ ਵਾਟਰ ਸਪਲਾਈ, ਗੁਜਰ ਡੇਰਾ ਪਿੰਡ ਬਨਿਆਲ ਵਾਟਰ ਸਪਲਾਈ,ਐਸਸੀ ਮੀਰਪੁਰ ਵਾਟਰ ਸਪਲਾਈ,ਪੀਰ ਦੀ ਜਗ੍ਹਾ ਪਿੰਡ ਮੀਰਪੁਰ ਵਾਟਰ ਸਪਲਾਈ, ਕੋਆਪਰੇਟਿਵ ਸੁਸਾਇਟੀ ਪਿੰਡ ਬੀਸੋਚੱਕ ਵਾਟਰ ਸਪਲਾਈ, ਮੰਦਰ ਪਿੰਡ ਬੀਸੋਚੱਕ ਵਾਟਰ ਸਪਲਾਈ, ਗੁਰੂਦਵਾਰਾ ਸਾਹਿਬ ਪਿੰਡ ਰਾਏਚੱਕ ਵਾਟਰ ਸਪਲਾਈ, ਗੁਰੂਦਵਾਰਾ ਸਾਹਿਬ ਪਿੰਡ ਚੋਹਾਨਾ ਵਾਟਰ ਸਪਲਾਈ, ਸ਼ਿਵ ਮੰਦਰ ਪਿੰਡ ਪਨਡੇਰ,ਸਿੰਘ ਸਭਾ ਗੁਰੂਦਵਾਰਾ ਐਮਾਂ ਮਾਂਗਟ ਸਬਮਰਸੀਵਲ,ਬੱਸ ਸਟੈਂਡ ਪਿੰਡ ਨੰਗਲ ਬਿਹਾਲਾ ਖੂਹ,ਸ਼ਿਵ ਮੰਦਰ ਪਿੰਡ ਨੰਗਲ ਬਿਹਾਲਾ ਖੂਹ,ਬਾਬਾ ਬਾਲਕ ਨਾਥ ਮੰਦਰ ਰਨਸੋਤਾ ਸਬਮਰਸੀਵਲ, ਬਲਾਗਨ ਚੋਕ ਦਸੂਹਾ ਸਬਮਰਸੀਵਲ ਆਦਿ ਥਾਵਾਂ ਤੇ ਪੀਣ ਵਾਲਾ ਪਾਣੀ ਸਰਕਾਰੀ ਮਾਪਦੰਡਾਂ ਉਤੇ ਚੰਗਾ ਨਹੀਂ ਪਾਇਆ ਗਿਆ ਤੇ ਅਯੋਗ ਸਿੱਧ ਹੋਇਆ। ਧੀਮਾਨ ਨੇ ਕਿਹਾ ਕਿ ਅਜਿਹੀਆਂ ਸੰਵਿਧਾਨਕ ਅਣਗਹਿਲੀਆਂ ਪੰਜਾਬ ਅੰਦਰ ਆਮ ਲੋਕਾਂ,ਉਨ੍ਹਾਂ ਦੇ ਬੱਚਿਆਂ ਨਾਲ ਸਿੱਧਾ ਸਰੀਰਕ ਖਿਲਵਾੜ ਕਰ ਰਹੀਆਂ ਹਨ। ਧੀਮਾਨ ਨੇ ਕਿਹਾ ਕਿ ਜਲਦੀ ਹੀ ਇਸ ਘਟੀਆ ਕਾਰਗੁਜ਼ਾਰੀ ਵਿਰੁੱਧ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿਚ ਜਨਹਿੱਤ ਪਟੀਸ਼ਨ ਪਾਈ ਜਾਵੇਗੀ ।

# ਸ਼ੈਲਬੀ ਹਸਪਤਾਲ ਮੋਹਾਲੀ ਵੱਲੋਂ 'ਕੈਨ ਸਰਵਾਈਵ-ਪਿੰਕ ਪਰਪਲ ਪ੍ਰਾਮਿਸ' ਮੁਹਿੰਮ ਦੀ ਸ਼ੁਰੂਆਤ



**ਮੋਹਾਲੀ (ਗੁਰਜੀਤ ਬਿੱਲਾ)**- ਸ਼ੈਲਬੀ ਹਸਪਤਾਲ ਮੋਹਾਲੀ ਵੱਲੋਂ ਔਰਤਾਂ ਦੇ ਸਿਹਤ ਤੇ ਕੈਂਸਰ ਬਾਰੇ ਜਾਗਰੂਕਤਾ ਵਧਾਉਣ ਲਈ 'ਕੈਨ ਸਰਵਾਈਵ-ਪਿੰਕ ਪਰਪਲ ਪ੍ਰਾਮਿਸ' ਨਾਂਅ ਦੀ ਨਵੀਂ ਜਨ-ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਦਾ ਮਕਸਦ ਲੋਕਾਂ ਨੂੰ ਕੈਂਸਰ ਦੀ ਸ਼ੁਰੂਆਤੀ ਪਹਿਚਾਣ, ਸਮੇਂ ਸਿਰ ਜਾਂਚ ਤੇ ਇਲਾਜ ਲਈ ਪ੍ਰੇਰਿਤ ਕਰਨਾ ਹੈ।ਇਸ ਮੌਕੇ ਰਾਣੀ ਬ੍ਰੈਸਟ ਕੈਂਸਰ ਟਰਸਟ ਦੀ ਮੈਨੇਜਿੰਗ ਟਰਸਟੀ ਬਿੱਟੂ ਸਫੀਨਾ ਸੰਧੂ ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਰਹੀ। ਉਨ੍ਹਾਂ ਨੇ ਵਿਸ਼ੇਸ਼ ਕੈਂਸਰ ਸਕ੍ਰੀਨਿੰਗ ਕੂਪਨ ਜਾਰੀ ਕੀਤਾ, ਜਿਸ ਰਾਹੀਂ ਤ੍ਰਿਸਿਟੀ ਖੇਤਰ ਦੀਆਂ ਔਰਤਾਂ ਨੂੰ ਰਿਆਇਤੀ ਦਰਾਂ ਤੇ ਜਾਂਚ ਸਹੂਲਤਾਂ ਮਿਲਣਗੀਆਂ।ਡਾ. ਅਸ਼ਵਨੀ ਕੁਮਾਰ ਸਚਦੇਵਾ, ਸੀਨੀਅਰ ਕਨਸਲਟੈਂਟ ਨੇ ਕਿਹਾ ਕਿ ਜ਼ਿਆਦਾਤਰ ਕੈਂਸਰਾਂ ਦੇ ਸ਼ੁਰੂ ਵਿੱਚ ਹੀ ਲੱਛਣ ਦਿਖਾਈ ਦੇ ਜਾਂਦੇ ਹਨ ਅਤੇ ਸਮੇਂ ਸਿਰ ਜਾਂਚ ਨਾਲ ਜਾਨ ਬਚਾਈ ਜਾ ਸਕਦੀ ਹੈ। ਡਾ. ਪ੍ਰੀਆ ਦਿਵੇਦੀ, ਕਨਸਲਟੈਂਟ, ਓਨਕੋਲੋਜੀ ਨੇ ਕਿਹਾ ਕਿ ਜਾਣਕਾਰੀ ਤੇ ਸਚੇਤਨਾ ਹੀ ਬਚਾਅ ਦੀ ਪਹਿਲੀ ਪੜਾਅ ਹੈ। ਔਰਤਾਂ ਨੂੰ ਆਪਣੇ ਸਿਹਤ ਨੂੰ ਤਰਜੀਹ ਦੇਣੀ ਚਾਹੀਦੀ ਹੈ।

# ਲਿੰਗ ਅਨੁਪਾਤ ਪੱਧਰ ਨੂੰ ਸਥਿਰ ਰੱਖਣ ਲਈ ਫੀਲਡ ਸਟਾਫ਼ ਤੇ ਆਸ਼ਾ ਵਰਕਰਾਂ ਦੀ ਮੀਟਿੰਗ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਬਲਾਕ ਹਾਰਟਾ-ਬਡਲਾ ਅੰਦਰ ਲਿੰਗ ਅਨੁਪਾਤ ਨੂੰ ਲੈ ਕੇ ਸੀ ਐਚ ਸੀ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾ. ਮਨਪ੍ਰੀਤ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਸਮੂਹ ਫੀਲਡ ਸਟਾਫ਼, ਆਸ਼ਾ ਫੈਸਿਲੀਟੇਟਰ ਅਤੇ ਆਸ਼ਾ ਵਰਕਰਾਂ ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੌਕੇ ਡਾ. ਮਨਪ੍ਰੀਤ ਸਿੰਘ ਬੈਂਸ ਨੇ ਸਟਾਫ਼ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਸਬ-ਸੈਂਟਰ ਪੱਧਰ 'ਤੇ ਲਿੰਗ ਅਨੁਪਾਤ ਦਾ ਸਰਵੇ ਆਪਡੇਟ ਕੀਤਾ ਜਾਵੇ, ਗਰਭਵਤੀ ਮਾਵਾਂ ਦੀ ਜਲਦੀ ਰਜਿਸਟ੍ਰੇਸ਼ਨ ਕੀਤੀ ਜਾਵੇ, ਘੱਟ ਸੈਕਸ ਰੇਸ਼ੋ ਵਾਲੇ ਪਿੰਡਾਂ ਦੀ ਲਿਸਟ ਤਿਆਰ ਕੀਤੀ ਜਾਵੇ ਅਤੇ ਆਪਣੇ ਅਧੀਨ ਆਉਂਦੇ ਪਿੰਡਾਂ ਵਿੱਚ ਜਾਗਰੂਕ ਕਰਨ ਲਈ ਵਰਕਸ਼ਾਪਾਂ, ਰੈਲੀਆਂ, ਸਕੂਲ ਹੈਲਥ ਪ੍ਰੋਗਰਾਮ, ਵਿਲੇਜ ਹੈਲਥ ਸੈਨੀਟੇਸ਼ਨ ਕਮੇਟੀਆਂ, ਸੈਕਟਰ ਮੀਟਿੰਗਾਂ, ਬਲਾਕ ਪੱਧਰੀ ਵਰਕਸ਼ਾਂਪਾਂ, ਏ. ਐੱਨ. ਸੀ. ਰਿਕਾਰਡ ਦੀ ਚੈਕਿੰਗ ਕੀਤੀ ਜਾਵੇ ਅਤੇ ਟੀਮਾਂ ਬਣਾ ਕੇ ਸੁਪਰਵਿਜ਼ਨ ਕੀਤੀ ਜਾਵੇ। ਉਨਾਂ ਹਦਾਇਤ ਕੀਤੀ ਕਿ ਗਰਭਵਤੀਆਂ ਦਾ ਸਮੇਂ ਸਿਰ ਰਜਿਸਟਰੇਸ਼ਨ ਨੂੰ ਯਕੀਨੀ ਬਣਾਇਆ ਜਾਵੇ, ਤਾਂ ਜੋ ਹਰੇਕ ਗਰਭਵਤੀ ਦਾ ਮੈਡੀਕਲ ਸਟਾਫ਼ ਕੋਲ ਸਾਰਾ ਰਿਕਾਰਡ ਹੋਵੇ। ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਸਾਨੂੰ ਲਿੰਗ ਜਾਂਚ 'ਤੇ ਕਾਬੂ ਕਰਨਾ ਚਾਹੀਦਾ ਹੈ ਅਤੇ ਅਜਿਹਾ ਕਰਨ ਵਾਲਿਆਂ ਦੀ ਸੂਚਨਾ ਦੇਣੀ ਚਾਹੀਦੀ ਹੈ ਤਾਂ ਜੋ ਅਜਿਹਾ ਕਰਨ ਵਾਲਿਆ ਵਿਰੁਧ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵਲੋਂ ਲਿੰਗ ਅਨੁਪਾਤ ਵਿਚ ਹੋਰ ਸੁਧਾਰ ਲਿਆਉਣ ਅਤੇ ਪੀ ਸੀ ਪੀ ਐਨ ਡੀ ਟੀ ਐਕਟ ਨੂੰ ਸਖਤੀ ਨਾਲ ਲਾਗੂ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ । ਬਲਾਕ ਪੱਧਰ 'ਤੇ ਹੈਲਥ ਵਿਭਾਗ, ਆਂਗਨਵਾੜੀ ਸੈਂਟਰਾਂ ਅਤੇ ਸਕੂਲਾਂ ਦੇ ਸਹਿਯੋਗ ਨਾਲ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ, ਤਾਂ ਜੋ ਹਰ ਘਰ ਤੱਕ ਇਹ ਸੁਨੇਹਾ ਪਹੁੰਚੇ ਕਿ ਪੁੱਤਰ ਤੇ ਪੁੱਤਰੀ ਵਿੱਚ ਕੋਈ ਫ਼ਰਕ ਨਹੀਂ। ਹਰ ਮਾਪੇ ਦਾ ਫ਼ਰਜ਼ ਹੈ ਕਿ ਉਹ ਲੜਕੀਆਂ ਨਾਲ



ਭੇਦਭਾਵ ਨਾ ਕਰਨ ਅਤੇ ਉਨ੍ਹਾਂ ਨੂੰ ਸਿੱਖਿਆ, ਸਿਹਤ ਤੇ ਸਮਾਨ ਮੌਕਿਆਂ ਵਿੱਚ ਅੱਗੇ ਵਧਣ ਲਈ ਉਤਸ਼ਾਹਿਤ ਕਰਨ। ਇਸ ਮੌਕੇ ਬਲਾਕ ਐਕਸਟੈਨਸ਼ਨ ਐਜੂਕੇਟਰ ਅਮਨਦੀਪ ਸਿੰਘ ਨੇ ਕਿਹਾ ਕਿ ਬਲਾਕ ਦੇ ਉਨ੍ਹਾਂ ਪਿੰਡਾਂ ਵਿੱਚ ਜਿੱਥੇ ਲਿੰਗ ਅਨੁਪਾਤ 'ਚ ਬਹੁਤ ਫਰਕ ਹੈ, ਦੀ ਸੈਕਸ ਰੇਸ਼ੋ ਨੂੰ ਸੁਧਾਰਨ ਲਈ ਕੀਤੀਆਂ ਜਾਣ ਵਾਲੀਆ ਗਤੀਵਿਧੀਆਂ ਸੰਬੰਧੀ ਐਕਸ਼ਨ ਪਲਾਨ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਘਟ ਸੈਕਸ ਰੇਸ਼ੋ ਵਾਲੇ ਪਿੰਡਾਂ 'ਚ ਜਾਗਰੂਕਤਾ ਸੈਮੀਨਾਰਾਂ ਦਾ ਆਯੋਜਨ ਕੀਤਾ ਜਾਵੇਗਾ ਜਿਸ ਵਿੱਚ ਸਿਹਤ ਸਟਾਫ਼, ਆਂਗਣਵਾੜੀ ਸਟਾਫ਼, ਪੰਚਾਇਤ ਮੈਂਬਰਾਂ, ਪੇਂਡੂ ਸਿਹਤ ਖੁਰਾਕ ਕਮੇਟੀਆਂ ਦੇ ਮੈਂਬਰਾਂ ਦੀ ਭਾਗੀਦਾਰੀ ਸੁਨਿਸਚਿਤ ਕੀਤੀ ਜਾਵੇਗੀ।

# ਸਾਂਝ ਕੇਂਦਰ ਵੱਲੋਂ ਸਕੂਲ ਦੇ ਬੱਚਿਆਂ ਨੂੰ ਕੀਤਾ ਜਾਗਰੂਕ



**ਨਕੋਦਰ (ਮਨਜੀਤ ਮਾਨ)**- ਮਾਨਯੋਗ ਸਪੈਸ਼ਲ ਡਾਇਰੈਕਟਰ ਜਨਰਲ ਪੁਲਸ ਕਮਿਊਨਿਟੀ ਅਫੇਅਰ ਡਵੀਜ਼ਨ ਪੰਜਾਬ , ਐੱਸ ਐੱਸ ਪੀ ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ ਪੀ ਪੀ ਐਸ ਤੇ ਮਨਜੀਤ ਕੌਰ ਪੀ ਪੀ ਐਸ ਜ਼ਿਲ੍ਹਾ ਕਮਿਊਨਿਟੀ ਪੁਲਸ ਅਫ਼ਸਰ ਜਲੰਧਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾ ਤਹਿਤ ਤੇ ਐਸ ਆਈ ਦਲਵਿੰਦਰ ਸਿੰਘ ਇੰਚਾਰਜ ਜਿਲਾ ਸਾਂਝ ਕੇਂਦਰ ਜਲੰਧਰ ਦਿਹਾਤੀ ਅਤੇ ਏ ਐਸ ਆਈ ਨਰਿੰਦਰ ਸਿੰਘ ਸੁਪਰਵਾਇਜ਼ਰ ਜ਼ਿਲ੍ਹਾ ਸਾਂਝ ਐਸ ਪੀ ਸੀ ਟਰੇਨਰ ਦੀ ਯੋਗ ਅਗਵਾਈ ਹੇਠ ਸਬ ਡਵੀਜਨ ਸਾਂਝ ਕੇਂਦਰ ਸ਼ਾਹਕੋਟ ਅਤੇ ਸਾਂਝ ਕੇਂਦਰ ਲੋਹੀਆਂ ਵੱਲੋ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਪਿੰਡ ਲਸੂੜੀ ਦੇ ਵਿਦਿਆਰਥੀਆਂ ਨਾਲ ਸਕੂਲ ਇੰਚਾਰਜ ਮੇਜਰ ਸਿੰਘ ਦੀ ਹਾਜ਼ਰੀ ਵਿੱਚ ਸੈਮੀਨਾਰ ਲਗਾਇਆ ਗਿਆ। ਸੈਮੀਨਾਰ ਮੌਕੇ ਏ ਐਸ ਆਈ ਗੁਰਦੇਵ ਸਿੰਘ ਸਾਂਝ ਕੇਂਦਰ ਲੋਹੀਆਂ ਅਤੇ ਐਚ ਸੀ ਸੁੱਖਵਿੰਦਰ ਸਿੰਘ ਸਾਂਝ ਕੇਂਦਰ ਸ਼ਾਹਕੋਟ ਵੱਲੋ ਬੱਚਿਆਂ ਨੂੰ ਕੌਮੀ ਸਾਈਬਰ ਸੁਰੱਖਿਆ ਸੰਬੰਧੀ, ਸਾਈਬਰ ਕ੍ਰਾਈਮ ਸੰਬੰਧੀ ਅਤੇ ਸਾਈਬਰ ਹੈਲਪ ਲਾਈਨ 1930 ਸੰਬੰਧੀ ਡਿਸਿਪਲਨ ਅਤੇ ਟ੍ਰੈਫਿਕ ਨਿਜਮਾਂ ਦੀ ਪਾਲਣਾ ਕਰਨ ,ਸਿਹਤ ਸੰਭਾਲ ਅਤੇ ਬੱਚਿਆਂ ਨੂੰ ਸੋਸਲ ਮੀਡੀਆ ਦੀ ਵਰਤੋਂ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਸਾਈਬਰ ਕਰਾਇਮ ਅਤੇ ਇਸ ਤੋਂ ਹੋਣ ਵਾਲੇ ਨੁਕਸਾਨਾਂ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਸਾਂਝ ਕੇਂਦਰ ਵੱਲੋਂ ਦਿੱਤੀਆਂ ਸੇਵਾਵਾਂ ਸਬੰਧੀ ਜਾਗਰੂਕ ਕੀਤਾ ਗਿਆ।

# ਸਤਿੰਦਰ ਸਰਤਾਜ ਮਹਾਨ ਸ਼ਾਇਰ ਤੇ ਗਾਇਕ : ਟੇਰਕਿਆਨਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪ੍ਰਸਿੱਧ ਲੇਖਕ ਰਘਵੀਰ ਸਿੰਘ ਟੇਰਕਿਆਨਾ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪੂਰੀ ਦੁਨੀਆ ਵਿੱਚ ਮਕਬੂਲ ਹੋਏ ਸ਼ਾਇਰ ,ਗੀਤਕਾਰ ਤੇ ਸੰਗੀਤਕਾਰ ਸਤਿੰਦਰ ਸਰਤਾਜ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸ਼ਹੀਦੀ ਸ਼ਤਾਬਦੀ ਬਾਰੇ ਇਨ੍ਹਾਂ ਦਿਨਾਂ ਵਿੱਚ ਲਿਖੇ ਤੇ ਗਾਏ ਬਿਲਕੁਲ ਸੱਜਰੇ ਗੀਤ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸਤਿੰਦਰ ਸਰਤਾਜ ਵਾਕਿਆ ਹੀ ਇੱਕ ਮਹਾਨ ਸ਼ਾਇਰ ਤੇ ਗਵੱਈਆ ਹੈ ਜਿਸ ਕੋਲ ਸਿੱਖ ਇਤਿਹਾਸ ਨਾਲ ਸੰਬੰਧਿਤ ਲਫ਼ਜ਼ਾਂ ਦਾ ਜ਼ਖ਼ੀਰਾ ਹੈ । ਟੇਰਕਿਆਨਾ ਨੇ ਦੱਸਿਆ ਕਿ ਸਤਿੰਦਰ ਸਿਰਤਾਜ ਨੇ ਨਵੇ ਸਿਰਿਓਂ ਹਿੰਦ ਦੀ ਚਾਦਰ ਸ੍ਰੀ



ਗੁਰੂ ਤੇਗ ਬਹਾਦਰ ਜੀ ਬਾਰੇ ਬਹੁਤ ਸਾਰੇ ਥਾਵਾਂ ਉੱਤੇ ਖਿਲਰੇ ਹੋਏ ਅਣਗਿਣਤ ਵਡਮੁੱਲੇ ਸ਼ਬਦਾਂ ਦੇ ਮੋਤੀ ਚੁਣ ਚੁਣ ਕੇ ਇੱਕ ਅਜਿਹੇ ਗੀਤ ਵਿੱਚ ਫਿੱਟ ਕਰ ਦਿੱਤੇ ਹਨ ਕਿ ਇਹ ਇੱਕੋ ਗੀਤ ਸੁਣਾ ਕੇ ਸਿਰਤਾਜ ਨੇ ਸਰੋਤਿਆਂ ਅੱਗੇ ਇਤਿਹਾਸ ਦੇ ਅਣਗਿਣਤ ਵਰਕੇ ਖੋਲ ਕੇ ਰੱਖ ਦਿੱਤੇ ਹਨ ਜੋ ਹਰ ਵਰਗ ਦੇ ਲੋਕਾਂ ਨੂੰ ਕਾਇਲ ਕਰਨ ਵਾਲੇ ਸੱਚੇ ਸੁੱਚੇ ਇਤਿਹਾਸ ਤੱਥ ਹਨ । ਟੇਰਕਿਆਨਾ ਨੇ ਵਡਿਆਈ ਕਰਦਿਆਂ ਕਿਹਾ ਕਿ ਇਸ ਗੀਤ ਦੇ ਰਚੇਤੇ ਅਤੀ ਸੂਖਮ ਤੇ ਸੰਵੇਦਨਸ਼ੀਲ ਸਤਿੰਦਰ ਸਿਰਤਾਜ ਦੇ ਬੋਲ ਵੀ ਹਮੇਸ਼ਾ ਦੀ ਤਰਾਂ ਬਹੁਤ ਹੀ ਸੁਰੀਲੇ ਹਨ ਜੋ ਹਰ ਰੰਗ ,ਨਸਲ ,ਜਾਤ ,ਧਰਮ ਦੇ ਸਰੋਤਿਆਂ ਦੇ ਦਿਲ ਨੂੰ ਮੋਹਦੇ ਤੇ ਮਨ ਨੂੰ ਭਾਉਂਦੇ ਹਨ ਤੇ ਇਹੋ ਹੀ ਕਿਸੇ ਲੇਖਕ ਦੀ ਮਹਾਨ ਪ੍ਰਾਪਤੀ ਹੁੰਦੀ ਹੈ ।

# ਸ਼ਹੀਦੀ ਸ਼ਤਾਬਦੀ ਪੁਰਬ ਨੂੰ ਸਮਰਪਿਤ ਧਾਰਮਿਕ ਦੀਵਾਨ ਸਜਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਟਾਂਡਾ ਵੱਲੋਂ ਹਿੰਦ ਦੀ ਚਾਦਰ ਧੰਨ-ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਸਮਰਪਿਤ ਆਰੰਭ ਕੀਤੇ ਗਏ ਧਾਰਮਿਕ ਸਮਾਗਮਾਂ ਦੀ ਲੜੀ ਤਹਿਤ ਪਿੰਡ ਖਿਆਲਾ ਬੁਲੰਦਾ ਵਿਖੇ ਮਹਾਨ ਧਾਰਮਿਕ ਦੀਵਾਨ ਸਜਾਇਆ ਗਿਆ। ਗੁਰਦੁਆਰਾ ਸਾਹਿਬ ਸੁਖਦਰਸ਼ਨ ਪ੍ਰਕਾਸ਼ ਵਿਖੇ ਸੰਧਿਆ ਦੇ ਸਮੇਂ ਸਜਾਏ ਗਏ ਦੀਵਾਨਾਂ ਵਿੱਚ ਸਭ ਤੋਂ ਪਹਿਲਾਂ ਰਹਿਰਾਸ ਸਾਹਿਬ ਜੀ ਦੇ ਪਾਠ ਕੀਤੇ ਗਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਹੋਈ ਉਪਰੰਤ ਭਾਈ ਸੁਖਦੀਪ ਸਿੰਘ ਬੈਂਸ ਖਰਲਾਂ ਨੇ ਰਸ ਭਿੰਨਾ ਅਤੇ ਬੀਰ ਰਸ 'ਚ ਕੀਰਤਨ ਕੀਤਾ। ਇਸ ਤੋਂ ਬਾਅਦ ਬੀਬੀ ਜਤਿੰਦਰ ਕੌਰ ਅਨੰਦਪੁਰ ਸਾਹਿਬ ਵਾਲਿਆਂ ਨੇ ਤੰਤੀ ਸਾਜਾਂ ਨਾਲ ਨੌਂਵੇ ਪਾਤਸ਼ਾਹੀ ਦੀ ਰਚਿਤ ਬਾਣੀ ਦਾ ਕੀਰਤਨ ਕੀਤਾ ਸਮਾਗਮ ਦੌਰਾਨ ਪ੍ਰੋਫੈਸਰ



ਗੁਰਬਚਨ ਸਿੰਘ ਅਮਰੀਕਾ ਨੇ ਗੁਰੂ ਸਾਹਿਬ ਜੀ ਦੇ ਜੀਵਨ ਅਤੇ ਲਾਸਾਨੀ ਸ਼ਹਾਦਤ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਅਖੀਰ ਵਿਚ ਭਾਈ ਰਵਿੰਦਰ ਸਿੰਘ ਮੁੱਖ ਸੇਵਾਦਾਰ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਭਾਈ ਰਵਿੰਦਰ ਸਿੰਘ ਰਵੀ ਨੇ ਦੱਸਿਆ ਕਿ ਆਰੰਭ ਕੀਤੇ ਗਏ ਸਮਾਗਮਾਂ ਦੀ ਲੜੀ ਤਹਿਤ 1 ਨਵੰਬਰ ਨੂੰ ਹਰਸੀ ਪਿੰਡ ਵਿਖੇ ਇਸੇ ਲੜੀ ਤਹਿਤ ਸਮਾਗਮ ਕਰਵਾਇਆ ਜਾਵੇਗਾ ਜਿਸ ਵਿੱਚ ਰਾਗੀ ਢਾਡੀ ਜਥੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕਰਨਗੇ। ਇਸ ਮੌਕੇ ਖਿਆਲਾ ਬੁਲੰਦਾ ਦੀ ਪ੍ਰਬੰਧਕ ਕਮੇਟੀ ਰੋਸ਼ਨ ਸਿੰਘ, ਨਿਰੰਜਨ ਸਿੰਘ, ਬਲਜੀਤ ਸਿੰਘ, ਰਵਿੰਦਰ ਸਿੰਘ, ਬਹਾਦਰ ਸਿੰਘ, ਇੰਦਰਜੀਤ ਸਿੰਘ, ਮਨਵੀਰ ਸਿੰਘ, ਕੁਲਦੀਪ ਕੌਰ, ਅਮਰਜੀਤ ਕੌਰ, ਦਵਿੰਦਰ ਕੌਰ, ਹਰਵਿੰਦਰ ਕੌਰ, ਜਸਵਿੰਦਰ ਕੌਰ ਅਤੇ ਗੁਰਮਤਿ ਪ੍ਰਚਾਰ ਸੁਸਾਇਟੀ ਟਾਂਡਾ ਦੇ ਸਰਪ੍ਰਸਤ ਸ਼ਰਧਾ ਸਿੰਘ, ਮਾ. ਜਸਵੀਰ ਸਿੰਘ ਨੇ ਹਾਜ਼ਰੀ ਅਤੇ ਸਮੂਹ ਸੰਗਤ ਨੂੰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਲਾਸਾਨੀ ਸ਼ਹਾਦਤ ਤੋਂ ਪ੍ਰੇਰਨਾ ਲੈਣ ਲਈ ਕਿਹਾ। ਸਮੁੱਚੇ ਸਮਾਗਮ ਦੌਰਾਨ ਸਟੇਜ ਦੀ ਸੇਵਾ ਭਾਈ ਸੁਖਵਿੰਦਰ ਸਿੰਘ ਸਾਬਕਾ ਡਿਪਟੀ ਡੀ ਈ ਓ ਨੇ ਨਿਭਾਉਂਦੇ ਹੋਏ ਜਿੱਥੇ ਗੁਰਦੁਆਰਾ ਪ੍ਰਬੰਧਕ ਕਮੇਟੀ ਖਿਆਲਾ ਬੁਲੰਦ ਦਾ ਧੰਨਵਾਦ ਕੀਤਾ ਉੱਥੇ ਹੀ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਦੇ ਇਸ ਮਹਾਨ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਗੁਰੂ ਸਾਹਿਬ ਅਤੇ ਮਹਾਨ ਸ਼ਹੀਦਾਂ ਦੀ ਸ਼ਹਾਦਤ ਤੇ ਚਾਨਣਾ ਪਾਇਆ। ਇਸ ਮੌਕੇ ਗੁਰੂ ਦੇ ਅਤੁੱਟ ਲੰਗਰ ਵੀ ਵਰਤਾਏ ਗਏ।

# ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਭ੍ਰਿਸ਼ਟਾਚਾਰ ਵਿਰੁੱਧ ਇਕਜੁੱਟ ਹੋ ਕੇ ਚੁੱਕੀ ਸਹੁੰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਕੇਂਦਰੀ ਵਿਜੀਲੈਂਸ ਕਮਿਸ਼ਨ ਦੀ ਅਗਵਾਈ ਹੇਠ ਦੇਸ਼ ਭਰ ਵਿੱਚ ਸ਼ੁਰੂ ਕੀਤੀ ਪਹਿਲਕਦਮੀ ਦੇ ਹਿੱਸੇ ਵਜੋਂ, ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਵੀ 27 ਅਕਤੂਬਰ ਤੋਂ 2 ਨਵੰਬਰ ਤੱਕ ਸੂਬੇ ਭਰ ਵਿੱਚ ਸਾਲਾਨਾ ਵਿਜੀਲੈਂਸ ਜਾਗਰੂਕਤਾ ਹਫ਼ਤਾ ਮਨਾਇਆ ਜਾਵੇਗਾ। ਇਸ ਹਫ਼ਤੇ ਨੂੰ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਮਨਾਉਣ ਲਈ, ਵਿਜੀਲੈਂਸ ਬਿਊਰੋ ਦੇ ਸਾਰੇ ਅਧਿਕਾਰੀਆਂ/ ਕਰਮਚਾਰੀਆਂ ਨੇ 27 ਅਕਤੂਬਰ ਨੂੰ ਵਿਜੀਲੈਂਸ ਬਿਊਰੋ ਹੈੱਡਕੁਆਰਟਰ ਮੋਹਾਲੀ ਵਿਖੇ ਕਰਵਾਏ ਸਮਾਗਮ ਦੌਰਾਨ ਭ੍ਰਿਸ਼ਟਾਚਾਰ ਵਿਰੁੱਧ ਇੱਕਜੁੱਟ ਹੋਣ ਦੀ ਸਹੁੰ ਚੁੱਕੀ। ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਹ ਸਹੁੰ ਜਾਇੰਟ ਡਾਇਰੈਕਟਰ ਸ਼ਿਕਾਇਤ ਸ਼ਾਖਾ, ਪ੍ਰਭਜੋਤ ਕੌਰ ਵੱਲੋਂ ਸਪੈਸ਼ਲ ਡੀ ਜੀ ਪੀ-ਕਮ-ਚੀਫ਼ ਡਾਇਰੈਕਟਰ ਪ੍ਰਵੀਨ ਕੁਮਾਰ ਸਿਨਹਾ, ਤੁਸ਼ਾਰ ਗੁਪਤਾ ਅਤੇ ਡਿਆਮਾ ਹਰੀਸ਼ ਕੁਮਾਰ ਓਮ ਪ੍ਰਕਾਸ਼, (ਦੋਵੇਂ ਜੁਆਇੰਟ ਡਾਇਰੈਕਟਰ) ਅਤੇ ਹਰਪ੍ਰੀਤ ਸਿੰਘ ਏ ਆਈ ਜੀ, ਆਰਥਿਕ ਅਪਰਾਧ ਵਿੰਗ ਦੀ ਮੌਜੂਦਗੀ ਵਿੱਚ ਚੁਕਾਈ ਗਈ।ਇਸ ਸਬੰਧੀ 27 ਅਕਤੂਬਰ ਨੂੰ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਹਫ਼ਤਾ ਭਰ ਚੱਲਣ ਵਾਲੀ



ਇਸ ਮੁਹਿੰਮ ਦਾ ਮੁੱਖ ਉਦੇਸ਼ ਆਮ ਲੋਕਾਂ ਨੂੰ ਸਰਕਾਰੀ ਦਫਤਰਾਂ ਵਿੱਚੋਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਬਿਊਰੋ ਦੀਆਂ ਠੋਸ ਅਤੇ ਬਹੁ-ਪੱਖੀ ਪਹਿਲਕਦਮੀਆਂ ਵਿੱਚ ਇਕਜੁੱਟ ਹੋਣ ਲਈ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਪ੍ਰਤੀ ਜਾਗਰੂਕ ਕਰਨਾ ਅਤੇ ਸਸ਼ਕਤ ਬਣਾਉਣਾ ਹੈ।ਉਨ੍ਹਾਂ ਅੱਗੇ ਕਿਹਾ ਕਿ ਇਸ ਸਪਤਾਹ ਦੌਰਾਨ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ (ਏ ਸੀ ਏ ਐੱਲ) ਦੇ ਵੱਟਸਅਪ ਨੰਬਰ 9501200200 ਦੀ ਪਹੁੰਚ ਵਧਾਉਣ 'ਤੇ ਧਿਆਨ ਕੇਂਦਰਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮਾਰਚ 2022 ਵਿੱਚ ਸ਼ੁਰੂ ਕੀਤੇ ਗਏ ਇਸ ਸਮਰਪਿਤ ਪਲੇਟਫਾਰਮ ਰਾਹੀਂ ਆਮ ਲੋਕ ਭ੍ਰਿਸ਼ਟਾਚਾਰ ਨਾਲ ਸਬੰਧਤ ਆਡੀਓ-ਵੀਡੀਓ ਮੈਸੇਜ ਭੇਜ ਕੇ ਗੁਪਤ ਰੂਪ ਵਿੱਚ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ।

# ਦਰਗਾਹ 'ਤੇ ਬਾਬਾ ਸ਼ੇਰ ਸਿੰਘ ਨੇ ਝੰਡਾ ਚੜ੍ਹਾਉਣ ਦੀ ਰਸਮ ਕੀਤੀ ਅਦਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸਾਬਿਰ ਪਾਕ ਸੱਚੀ ਦਰਗਾਹ ਅਤੇ ਦੂਸਰੇ ਕਲੀਅਰ ਸ਼ਰੀਫ਼ ਅਹੀਆਪੁਰ ਵਿਖੇ ਹਜ਼ਰਤ ਸਰਕਾਰ ਸਾਬਿਰ ਪਾਕ ਦੀ ਯਾਦ ਨੂੰ ਸਮਰਪਤ 30 ਅਕਤੂਬਰ ਨੂੰ ਕਰਵਾਏ ਜਾ ਰਹੇ ਸੱਭਿਆਚਾਰਕ ਮੇਲੇ ਸਬੰਧੀ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਜੀ ਘੋੜੀਆਂ ਵਾਲਿਆਂ ਨੇ ਮੰਗਲਵਾਰ ਦਰਗਾਹ ਵਿਖੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ। ਬਾਅਦ ਦੁਪਹਿਰ ਮਹਿੰਦੀ ਦੀ ਰਸਮ ਪੂਰੀ ਕੀਤੀ ਗਈ। ਦਰਬਾਰ 'ਚ ਬਾਬਾ ਸ਼ੇਰ ਸਿੰਘ ਨੇ ਕਿਹਾ ਕਿ ਇਸ ਸੱਭਿਆਚਾਰਕ ਮੇਲੇ ਵਿੱਚ ਇੰਟਰਨੈਸ਼ਨਲ ਗਾਇਕ ਜੀ-ਖ਼ਾਨ ਐਂਡ ਪਾਰਟੀ ਅਤੇ ਰਿਤਿਕਾ ਕੱਕੜ ਐਂਡ ਪਾਰਟੀ ਜੰਮੂ ਵਾਲਿਆਂ ਤੋਂ ਇਲਾਵਾ ਕਵਾਲ ਦੀਦਾਰ ਖ਼ਾਨ ਐਂਡ ਪਾਰਟੀ ਜਲੰਧਰ ਵਾਲੇ ਆਪਣੀਆਂ ਕਵਾਲੀਆਂ ਤੇ ਗੀਤਾਂ ਰਾਹੀਂ ਬਾਬਾ ਜੀ ਦਾ ਗੁਣਗਾਨ ਕਰਕੇ ਸ਼ਰਧਾਲੂਆਂ ਨੂੰ ਬਾਬਾ ਜੀ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦੇਣਗੇ। ਉਨ੍ਹਾਂ ਕਿਹਾ ਕਿ ਕਮੇਡੀ ਕਲਾਕਾਰ ਸੋਨੂੰ ਆਪਣੀ ਕਲਾ ਦਾ ਫ਼ਨ ਦਿਖਾਉਣਗੇ।ਉਨ੍ਹਾਂ ਕਿਹਾ ਕਿ ਦੇਸ਼ ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਦੇ ਰਾਤ ਠਹਿਰਨ ਅਤੇ ਉਨ੍ਹਾਂ ਦੇ ਖਾਣ-ਪੀਣ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸੱਭਿਆਚਾਰਕ ਮੇਲੇ ਦੌਰਾਨ ਬੈਂਡ ਵਾਜੇ



ਦੀਆਂ ਧੁਨਾਂ 'ਤੇ ਘੋੜੀਆਂ ਡਾਂਸ ਕਰਕੇ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕਰਨਗੀਆਂ। ਉਨ੍ਹਾਂ ਕਿਹਾ ਕਿ ਸਜਾਏ ਗਏ ਪੰਡਾਲ ਵਿੱਚ ਔਰਤਾਂ ਅਤੇ ਮਰਦਾਂ ਦੇ ਵੱਖ-ਵੱਖ ਬੈਠਣ ਦੇ ਸਾਰੇ ਇੰਤਜ਼ਾਮ ਕਰ ਲਏ ਗਏ ਹਨ। ਸ਼ਰਧਾਲੂਆਂ ਨੂੰ ਕਿਸੇ ਵੀ ਪ੍ਰਕਾਰ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਦੇ ਲਈ ਦਰਗਾਹ ਦੇ ਵਲੰਟੀਅਰਜ਼ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।ਬਾਬਾ ਸ਼ੇਰ ਸਿੰਘ ਨੇ ਕਿਹਾ ਕਿ ਇਸ 7 ਰੋਜ਼ਾ ਸੱਭਿਆਚਾਰਕ ਮੇਲੇ ਦੌਰਾ ਅਤੁੱਟ ਲੰਗਰ ਚਲਦਾ ਰਹੇਗਾ। ਇਸ ਮੌਕੇ ਬੀਬੀ ਬਲਜੀਤ ਕੌਰ, ਸੇਵਾਦਾਰ ਮੀਰ ਕਮਲ ਸਾਬਰੀ, ਸ਼ਹਿਜ਼ਾਦਾ ਡਾ. ਮੀਰ ਹਸਨ, ਦੇਵਿਕਾ, ਸੇਵਾਦਾਰ ਗੋਪੀ, ਅਮਨ ਸੈਣੀ, ਤਲਵਿੰਦਰ ਕੂੰਦਾ, ਉਂਕਾਰ ਸਿੰਘ, ਭਜਨ ਸੈਣੀ, ਹਰਭਜਨ ਸਿੰਘ, ਗੁਰਬਚਨ ਸਿੰਘ ਤੋਂ ਇਲਾਵਾ ਹੋਰ ਸ਼ਰਧਾਲੂਆਂ ਨੇ ਦਰਗਾਹ 'ਤੇ ਹਾਜ਼ਰੀ ਲਗਵਾ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਜਾਗਰਤੀ ਯਾਤਰਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪਹੁੰਚੀ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ, ਜਿਸ ਨੂੰ ਜਾਗਰਤੀ ਯਾਤਰਾ ਦਾ ਨਾਂਅ ਦਿੱਤਾ ਗਿਆ ਹੈ, ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪਹੁੰਚੀ। ਸਤਿਨਾਮ ਵਾਹਿਗੁਰੂ ਅਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜਾਪ ਨਾਲ ਗੂੰਜ ਰਹੀ ਇਹ ਜਾਗਰਤੀ ਯਾਤਰਾ ਜਦੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਪਹੁੰਚੀ ਤਾਂ ਸੰਗਤਾਂ ਵੱਲੋਂ ਬਹੁਤ ਸ਼ਰਧਾ ਨਾਲ ਸਵਾਗਤ ਕੀਤਾ ਗਿਆ।ਇਸ ਮੌਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸਵਾਗਤ ਕਮੇਟੀ ਦੇ ਇੰਚਾਰਜ ਸੋਢੀ ਵਿਕਰਮ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਆਗੂ ਚਰਨਜੀਤ ਸਿੰਘ ਬਰਾੜ, ਕਰਨੈਲ ਸਿੰਘ ਪੀਰ ਮੁਹੰਮਦ, ਮੈਨੇਜਰ ਗੁਰਦੀਪ ਸਿੰਘ ਕੰਗ, ਐਡੀਸ਼ਨਲ ਮੈਨੇਜਰ ਹਰਦੇਵ ਸਿੰਘ, ਹਰਪਾਲ ਸਿੰਘ



ਜੌਹਲ, ਇੰਦਰਜੀਤ ਸਿੰਘ ਅਤੇ ਮਲਵਿੰਦਰ ਸਿੰਘ ਬੈਣੀਪਾਲ ਸਮੇਤ ਕਈ ਹੋਰ ਸ਼ਖਸੀਅਤਾਂ ਹਾਜ਼ਰ ਸਨ।ਸਮੂਹ ਸੰਗਤਾਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ । ਇਸ ਮੌਕੇ ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਚਰਨਜੀਤ ਸਿੰਘ ਬਰਾੜ ਅਤੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਜਿਸ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੁਨੀਆ ਨੂੰ ਰੋਸ਼ਨੀ ਦਿੱਤੀ, ਅੱਜ ਅਸੀਂ ਉਹਨਾਂ ਨੂੰ ਹਨੇਰੇ ਵਿੱਚ ਲੈ ਆਏ ਹਾਂ।ਉਹਨਾਂ ਨੇ ਗੰਭੀਰ ਚਿੰਤਾ ਪ੍ਰਗਟਾਈ ਕਿ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਣ ਵਾਲੀਆਂ ਸੜਕਾਂ ਥਾਂ ਥਾਂ ਤੋਂ ਟੁੱਟੀਆਂ ਹੋਈਆਂ ਹਨ, ਟੋਇਆਂ ਨਾਲ ਭਰੀਆਂ ਪਈਆਂ ਹਨ ਅਤੇ ਲਾਈਟਾਂ ਦਾ ਕੋਈ ਪ੍ਰਬੰਧ ਨਹੀਂ। ਉਹਨਾਂ ਕਿਹਾ ਕਿ ਜਦੋਂ ਗੁਰੂ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਵਰਗਾ ਮਹਾਨ ਸਮਾਗਮ ਮਨਾਇਆ ਜਾ ਰਿਹਾ ਹੈ ਅਤੇ ਇਸ ਪਵਿੱਤਰ ਨਗਰੀ ਤੱਕ ਜਾਣ ਲਈ ਵੀ ਸੰਗਤਾਂ ਨੂੰ ਹਨੇਰੇ ਵਿੱਚ ਸਫਰ ਕਰਨਾ ਪੈ ਰਿਹਾ ਹੈ, ਤਾਂ ਇਹ ਗੱਲ ਬਹੁਤ ਅਫਸੋਸਜਨਕ ਹੈ।ਉਹਨਾਂ ਨੇ ਸਰਕਾਰਾਂ ਅਤੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਜਲਦੀ ਤੋਂ ਜਲਦੀ ਸੜਕਾਂ ਦੀ ਮੁਰੰਮਤ ਅਤੇ ਰੋਸ਼ਨੀ ਦੀ ਵਿਵਸਥਾ ਕੀਤੀ ਜਾਵੇ, ਤਾਂ ਜੋ ਗੁਰੂ ਨਗਰੀ ਆਉਣ ਵਾਲੀ ਸੰਗਤ ਨੂੰ ਕੋਈ ਤਕਲੀਫ਼ ਨਾ ਹੋਵੇ।

# ਗੁਰਦੁਆਰਾ ਸਿੰਘ ਸਭਾ ਦਾਦਰ ਨੇ ਦਸਤਾਵੇਜ਼ੀ ਫਿਲਮ 'ਸ਼ਹੀਦ' ਦਿਖਾਈ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜਗਮੀਤ ਸਮੁੰਦਰੀ ਵੱਲੋਂ ਨਿਰਦੇਸ਼ਿਤ 'ਸ਼ਹੀਦ' ਦਸਤਾਵੇਜ਼ੀ ਫ਼ਿਲਮ ਦਾ ਸ਼ੋ ਹਾਲ



ਹੀ ਵਿੱਚ ਨਵੀਂ ਮੁੰਬਈ ਦੇ ਸਿਡਕੋ ਔਡੀਟੋਰੀਅਮ ਵਿੱਚ ਦਿਖਾਇਆ ਗਿਆ । ਇਹ ਫ਼ਿਲਮ ਸਿੱਖ ਇਤਿਹਾਸ ਤੇ ਬਣੀ ਅੰਤਰਾਸ਼ਟਰੀ ਪੱਧਰ ਦੀ ਆਪਣੇ ਕਿਸਮ ਦੀ ਪਹਿਲੀ ਦਸਤਾਵੇਜ਼ੀ ਫ਼ਿਲਮ ਹੈ । ਇਸ ਵਿੱਚ ਗੁਰੂ ਤੇਗ਼ ਬਹਾਦਰ ਜੀ ਤੋਂ ਲੈ ਕੇ ਬਾਬਾ ਗਰਜਾ ਸਿੰਘ ਤੇ ਬੋਤਾ ਸਿੰਘ ਦਾ ਇਤਿਹਾਸ ਬਾਖ਼ੂਬੀ ਦਰਸਾਇਆ ਗਿਆ ਹੈ । ਕਾਬਿਲੇ ਗੌਰ ਹੈ ਕੇ ਇਹ ਫ਼ਿਲਮ ਹੁਣ ਤੱਕ ਦੁਨੀਆ ਦੇ 12 ਮੁਲਕਾਂ ਵਿੱਚ ਦਿਖਾਈ ਜਾ ਚੁੱਕੀ ਹੈ । ਨਿਊ ਮੁੰਬਈ ਵਿਖੇ ਇਸ ਦੇ ਸ਼ੋਅ ਵਿੱਚ 1000 ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ ਤੇ ਫ਼ਿਲਮ ਨੂੰ ਬਹੁਤ ਪਸੰਦ ਕੀਤਾ ਗਿਆ । ਇਸ ਫ਼ਿਲਮ ਦੇ ਸ਼ੋਅ ਦਾ ਆਯੋਜਨ ਗੁਰਦੁਆਰਾ ਸਿੰਘ ਸਭਾ ਦਾਦਰ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੀਂ ਸ਼ਹੀਦੀ ਸ਼ਤਾਬਦੀ ਦਿਵਸ ਨੂੰ ਮਨਾਉਣ ਲਈ ਆਯੋਜਿਤ ਸਮਾਗਮ ਦੌਰਾਨ ਕੀਤਾ ਗਿਆ । ਇਸ ਮੌਕੇ ਕੁਲਵੰਤ ਸਿੰਘ ਪ੍ਰਧਾਨ ਅਤੇ ਸੁਖਵਿੰਦਰ ਸਿੰਘ ਚਾਵਲਾ ਮੀਡੀਆ ਕੋਆਰਡੀਨੇਟਰ ਗੁਰਦੁਆਰਾ ਸਿੰਘ ਸਭਾ ਦਾਦਰ ਵੱਲੋਂ ਫਿਲਮ ਸ਼ਹੀਦ ਦੇ ਡਾਇਰੈਕਟਰ ਜਗਮੀਤ ਸਮੁੰਦਰੀ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ।

29 Oct Page 9.qxd 10/28/2025 9:24 PM Page 1



# ਸੈਣੀ ਵੱਲੋਂ ਰਤਨਾਵਲੀ ਮਹੋਤਸਵ ਦਾ ਉਦਘਾਟਨ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਸੂਬਾ ਪੱਧਰੀ ਰਤਨਾਵਲੀ ਮਹੋਤਸਵ ਦੀ ਮੰਗਲਵਾਰ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਵਿੱਚ ਸ਼ਾਨਦਾਰ ਸ਼ੁਰੂਆਤ ਹੋਈ। ਮਹੋਤਸਵ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਅਤੇ ਦੀਪ ਪ੍ਰਜਵਲਿਤ ਕਰ ਮਹੋਤਸਵ ਦਾ ਉਦਘਾਟਨ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਉਤਸਵ ਹਰਿਆਣਾ ਦੀ ਗੌਰਵਸ਼ਾਲੀ ਵਿਰਾਸਤ, ਸਾਂਝੀ ਮਿੱਟੀ ਦੀ ਮਹਿਕ ਅਤੇ ਲੋਕ ਜੀਵਨ ਦੀ ਝਲਕ ਪੇਸ਼ ਕਰਦਾ ਹੈ। ਇਹ ਵਿਦਿਆਰਥੀਆਂ ਨੂੰ ਨਾ ਸਿਰਫ਼ ਆਪਣੇ ਵਿਅਕਤੀਤਵ ਨੂੰ ਨਿਖਾਰਨ ਦਾ ਮੌਕਾ ਦਿੰਦਾ ਹੈ, ਸਗੋਂ ਉਨ੍ਹਾਂ ਨੂੰ ਆਪਣੀ ਸੱਭਿਆਚਾਰਕ ਪਹਿਚਾਣ 'ਤੇ ਮਾਣ ਕਰਨ ਦੀ ਭਾਵਨਾ ਭਰਦਾ ਹੈ। ਰਤਨਾਵਲੀ ਮਹੋਤਸਵ ਸਿਰਫ਼ ਸੱਭਿਆਚਾਰਕ ਆਯੋਜਨ ਨਹੀਂ, ਸਗੋਂ ਸਾਡੀਆਂ ਜੜ੍ਹਾਂ ਅਤੇ ਪਹਿਚਾਣ ਨੂੰ ਮੁੜ ਸੁਰਜੀਤ ਕਰਨ ਦਾ ਇੱਕ ਪ੍ਰਬਲ ਮੰਚ ਹੈ। ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਸੈਣੀ ਅਤੇ ਵਿਰਾਸਤ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਵੱਲੋਂ ਪਦਮਸ਼੍ਰੀ ਨਾਲ ਸਨਮਾਨਤ ਸੰਤਰਾਮ ਦੇਸ਼ਵਾਲ ਅਤੇ ਕਲਾ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਵਰਣਨਯੋਗ ਯੋਗਦਾਨ ਦੇਣ ਵਾਲੇ ਅਨੂਪ ਲਾਠਰ ਨੂੰ ਸਨਮਾਨਤ ਕੀਤਾ। ਇਸ ਤੋਂ ਇਲਾਵਾ, ਮੁੱਖ ਮੰਤਰੀ ਨੇ ਹੋਰ ਮਹਿਮਾਨਾਂ ਨੇ ਹਰਿਆਣਵੀ ਬੋਲੀ ਵਿੱਚ ਪ੍ਰਕਾਸ਼ਿਤ ਰਤਨਾਵਲੀ ਟਾਈਮਸ ਮੈਗਜ਼ੀਨ ਦੀ ਵੀ ਘੁੰਡ ਚੁਕਾਈ ਕੀਤੀ।ਆਪਣੇ ਸੰਬੋਧਨ ਵਿੱਚ ਸ੍ਰੀ ਸੈਣੀ ਨੇ ਕਿਹਾ ਕਿ ਉਹ ਊਰਜਾਵਾਨ ਨੌਜੁਆਨਾਂ ਵਿੱਚ ਆ ਕੇ ਬਹੁਤ ਖੁਸ਼ ਹਨ। ਇਹ ਦੇਖ ਕੇ ਮਾਣ ਹੁੰਦਾ ਹੈ ਕਿ ਨਵੀਂ ਪੀੜ੍ਹੀ ਭਾਰਤੀ ਸੱਭਿਆਚਾਰ ਅਤੇ ਰਵਾਇਤਾਂ ਨਾਲ ਜੁੜੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਮਹੋਤਸਵ ਇੱਕ ਅਜਿਹਾ ਮੰਚ ਹੈ, ਜੋ ਨੌਜੁਆਨ ਪੀੜ੍ਹੀ ਨੂੰ ਸਾਡੀਆਂ ਜੜ੍ਹਾਂ ਨਾਲ ਜੋੜਦਾ ਹੈ। ਉਨ੍ਹਾਂ ਭਗਵਾਨ ਸ੍ਰੀ ਕ੍ਰਿਸ਼ਨ ਦੇ ਕਰਮਯੋਗ ਸੰਦੇਸ਼ ਦਾ ਵਰਣਨ ਕਰਦੇ ਹੋਏ ਕਿਹਾ ਕਿ ਹਰਿਆਣਾ ਦੀ ਸੱਭਿਆਚਾਰ ਵਿੱਚ ਸਾਦਗੀ, ਸਵਾਭਿਮਾਨ ਅਤੇ ਦੇਸ਼ਭਗਤੀ ਦਾ ਭਾਵ ਰਚਿਆ-ਵਸਿਆ ਹੈ। ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰ ਯੂਨੀਵਰਸਿਟੀ ਹਰਿਆਣਾ ਦੀ ਸਭ ਤੋਂ ਪੁਰਾਣੀ ਯੂਨੀਵਰਸਿਟੀ ਹੈ। ਇਹ ਸੂਬਾ 1966 ਵਿੱਚ ਬਣਿਆ ਪਰ ਇਸ ਯੂਨੀਵਰਸਿਟੀ ਦੀ ਨੀਂਹ 1956 ਵਿੱਚ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਨੇ ਰੱਖੀ ਸੀ। ਹਰਿਆਣਾ ਸੂਬੇ ਦੇ ਵਿਦਿਅਕ, ਆਰਥਕ ਅਤੇ ਸਮਾਜਿਕ ਵਿਕਾਸ ਵਿੱਚ ਇਸ ਯੂਨੀਵਰਸਿਟੀ ਦਾ ਅਮੁੱਲ ਯੋਗਦਾਨ ਹੈ। ਹਰਿਆਣਾ ਨੇ ਸਿਖਿਆ, ਖੇਡ, ਸਭਿਆਚਾਰ, ਖੇਤ, ਉਦਯੋਗਿਕ ਖੇਤਰ ਵਿੱਚ ਪ੍ਰਗਤੀ ਕਰ ਮੋਹਰੀ ਸੂਬੇ ਵਜੋਂ ਭਾਰਤ ਵਿੱਚ ਵੱਖ ਪਹਿਚਾਣ ਬਣਾਈ ਹੈ। ਇਸ ਪਹਿਚਾਣ ਵਿੱਚ ਕੁਰੂਕਸ਼ੇਤਰ ਯੂਨੀਵਰਸਿਟੀ ਦਾ ਵੀ ਮਹੱਤਵਪੂਰਣ ਯੋਗਦਾਨ ਹੈ। ਇਹ ਯੂਨੀਵਰਸਿਟੀ, ਗਿਆਨ-ਵਿਗਿਆਨ, ਖੋਜ, ਸਮਾਜ ਵਿਕਾਸ, ਖੇਡ, ਕਲਾ, ਸਭਿਆਚਾਰ ਸਮੇਤ ਸਾਰੇ ਖੇਤਰਾਂ ਵਿੱਚ ਦੇਸ਼ ਦੇ ਮੋਹਰੀ ਯੂਨੀਵਰਸਿਟੀਆਂ ਵਿੱਚੋਂ ਇੱਕ ਹੈ।ਉਨ੍ਹਾਂ ਨੇ ਮਹੋਤਸਵ ਵਿੱਚ ਹਿੱਸਾ ਲੈਣ ਵਾਲੇ ਕੁੜੀਆਂ-ਮੁੰਡਿਆਂ ਨੂੰ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਸਭ ਮਿਲ ਕੇ ਆਪਣੇ ਸੱਭਿਆਚਾਰ ਨੂੰ ਜ਼ਿੰਦਾ ਰੱਖਣ, ਆਪਣੀ ਕਲਾਵਾਂ 'ਤੇ ਮਾਣ ਕਰਨ, ਉਨ੍ਹਾਂ ਨੂੰ ਸਿੱਖਣ ਅਤੇ ਦੂਜਿਆਂ ਨੂੰ ਵੀ ਸਿਖਾਉਣ।ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋਫੈਸਰ ਸੋਮਨਾਥ ਸਚਦੇਵਾ ਨੇ ਮੁੱਖ ਮੰਤਰੀ ਸੈਣੀ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਰਤਨਾਵਲੀ ਜਿਸ ਨੂੰ ਇੱਕ ਛੋਟੇ ਜਿਹੇ ਬੂਟੇ ਵਜੋਂ ਲਗਾਇਆ ਗਿਆ ਸੀ, ਉਹ ਅੱਜ ਇੱਕ ਬੋਹੜ ਦਾ ਦਰੱਖਤ ਬਣ ਚੁੱਕਾ ਹੈ।

# ਡਿਪਟੀ ਕਮਿਸ਼ਨਰ ਨੇ ਪ੍ਰਕਾਸ਼ ਪੁਰਬ ਲਈ ਤਿਆਰੀਆਂ ਦਾ ਲਿਆ ਜਾਇਜ਼ਾ

**ਕਪੂਰਥਲਾ (ਬਲਵੀਰ ਸ਼ਾਲ੍ਹਾਪੁਰੀ)**- ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਵਲੋਂ ਸੁਲਤਾਨਪੁਰ ਲੋਧੀ ਵਿਖੇ 5 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨਾਏ ਜਾ ਰਹੇ ਪ੍ਰਕਾਸ਼ ਪੁਰਬ ਸਬੰਧੀ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਕਿ ਉਹ ਸਮੁੱਚੇ ਪ੍ਰਬੰਧ ਜਲਦ ਤੋਂ ਜਲਦ ਮੁਕੰਮਲ ਕਰਨਾ ਯਕੀਨੀ ਬਣਾਉਣ ਤਾਂ ਜੋ ਲੱਖਾਂ ਦੀ ਗਿਣਤੀ ਵਿੱਚ ਆਉਣ ਵਾਲੀ ਸੰਗਤ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਡਿਊਟੀ ਸੇਵਾ ਭਾਵਨਾ ਨਾਲ ਨਿਭਾਉਣ। 28 ਅਕਤੂਬਰ ਨੂੰ ਇੱਥੇ ਆਪਣੇ ਦਫ਼ਤਰ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਗੁਰਦੁਆਰਾ ਸੰਤ ਘਾਟ ਤੋਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੱਕ 4 ਨਵੰਬਰ ਨੂੰ ਸਜਾਇਆ ਜਾਵੇਗਾ। ਇਸ ਸਬੰਧੀ ਉਨ੍ਹਾਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਸੜਕਾਂ ਦੀ ਮੁਰੰਮਤ ਦਾ ਕੰਮ ਤੁਰੰਤ ਪੂਰਾ ਕਰਨਾ ਹਰ ਹਾਲ ਯਕੀਨੀ ਬਣਾਉਣ। ਉਨ੍ਹਾਂ ਨਗਰ



ਨਿਗਮ ਦੇ ਅਧਿਕਾਰੀਆਂ ਨੂੰ ਆਰਜ਼ੀ ਪਖਾਨੇ, ਪੀਣ ਵਾਲਾ ਸਾਫ ਪਾਣੀ ਤੇ ਪੂਰੇ ਸੁਲਤਾਨਪੁਰ ਲੋਧੀ ਵਿਚ ਸਾਫ਼ ਸਫ਼ਾਈ ਦੇ ਕੰਮ ਨੂੰ ਪਹਿਲ ਦੇ ਆਧਾਰ 'ਤੇ ਕੀਤੇ ਜਾਣ ਨੂੰ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਸੰਤ ਘਾਟ ਤੋਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਨਗਰ ਕੀਰਤਨ ਲਈ ਰਸਤੇ ਦੀ ਸਾਫ਼ ਸਫ਼ਾਈ ਯਕੀਨੀ ਬਣਾਈ ਜਾਵੇ, ਕਿਉਂਕਿ ਇਸੇ ਰਸਤੇ ਤੋਂ ਨਗਰ ਕੀਰਤਨ ਸਜਾਇਆ ਜਾਣਾ ਹੈ। ਡਿਪਟੀ ਕਮਿਸ਼ਨਰ ਵਲੋਂ ਸੰਗਤ ਦੀ ਸਹੂਲਤ ਲਈ ਸੁਲਤਾਨਪੁਰ ਲੋਧੀ ਸ਼ਹਿਰ ਨੂੰ ਲੋਹੀਆਂ, ਕਪੂਰਥਲਾ ਬਾਰਾਸਤਾ ਡਡਵਿੰਡੀ ਅਤੇ ਬਾਰਾਸਤਾ ਫੱਤੂਢੀਂਗਾ ਸੜਕਾਂ ਉੱਪਰ ਸ਼ਹਿਰ ਦੇ ਨੇੜੇ ਪਾਰਕਿੰਗ ਦੀ ਸਹੂਲਤ ਪ੍ਰਦਾਨ ਕਰਨ ਲਈ ਪੁਲਸ ਵਿਭਾਗ ਨੂੰ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਮੈਡੀਕਲ ਟੀਮਾਂ ਦੀ ਤਾਇਨਾਤੀ ਸਮੇਤ ਐਂਬੂਲੈਂਸ ਯਕੀਨੀ ਬਣਾਉਣ ਲਈ ਵੀ ਨਿਰਦੇਸ਼ ਦਿੱਤੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਨਵਨੀਤ ਕੌਰ ਬੱਲ, ਬੇਰ ਸਾਹਿਬ ਦੇ ਮੈਨੇਜਰ ਅਤਵਾਰ ਸਿੰਘ, ਅਲਕਾ ਕਾਲੀਆ, ਡੀ ਐੱਸ ਪੀ ਧੀਰੇਂਦਰ ਵਰਮਾ, ਸਹਾਇਕ ਕਮਿਸ਼ਨਰ ਵਿਸ਼ਾਲ ਵਟਸ, ਵਾਟਰ ਸਪਲਾਈ, ਨਗਰ ਕੌਂਸਲ, ਲੋਕ ਨਿਰਮਾਣ ਵਿਭਾਗ, ਸੀਵਰੇਜ ਬੋਰਡ ਦੇ ਅਧਿਕਾਰੀ ਹਾਜ਼ਰ ਸਨ।

# ਪੰਜਾਬ 'ਵਰਸਿਟੀ ਵੱਲੋਂ ਸੈਮੀਨਾਰ ਨੂੰ ਪ੍ਰਵਾਨਗੀ ਨਾ ਦੇਣਾ ਮੰਦਭਾਗਾ : ਪੀਰ ਮੁਹੰਮਦ

**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੱਬੀ)**- ਪੰਜਾਬ ਯੂਨੀਵਰਸਿਟੀ ਵਿਖੇ 27 ਅਕਤੂਬਰ ਨੂੰ ਵਿਦਿਆਰਥੀ ਜਥੇਬੰਦੀ ਸੱਥ ਵੱਲੋਂ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੈਮੀਨਾਰ ਉਲੀਕਿਆ ਗਿਆ ਸੀ ਪਰ ਪੰਜਾਬ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਇਸ ਸੈਮੀਨਾਰ ਨੂੰ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦੇਣਾ ਬਹੁਤ ਹੀ ਮੰਦਭਾਗਾ ਹੈ ਅਤੇ ਇਸ ਦੀ ਜਿੰਨੀ ਨਿਖੇਧੀ ਕੀਤੀ ਜਾਵੇ, ਘੱਟ ਹੈ। ਇਨ੍ਹਾਂ



ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਭਾਈ ਕਰਨੈਲ ਸਿੰਘ ਪੀਰਮੁਹੰਮਦ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ ( ਪੁਨਰ ਸੁਰਜੀਤੀ ) ਦੇ ਮੈਂਬਰ ਵਰਕਿੰਗ ਕਮੇਟੀ ਜਥੇ ਗੁਰਿੰਦਰ ਸਿੰਘ ਗੋਗੀ ਨੇ ਕੀਤਾ। ਉਕਤ ਆਗੂਆਂ ਨੇ ਕਿਹਾ ਕਿ ਜਿੱਥੇ ਸਾਰਾ ਸੰਸਾਰ ਤਿਲਕ ਜੰਞੂ ਦੇ ਰਾਖੇ ਹਿੰਦ ਦੀ ਚਾਦਰ ਨੌਵੇਂ ਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਜਿਨ੍ਹਾਂ ਨੇ ਕਸ਼ਮੀਰ ਦੇ ਪੰਡਤਾਂ ਦੇ ਤਿਲਕ, ਜੰਞੂ ਤੇ ਮਨੁੱਖਤਾ ਦੀ ਰੱਖਿਆ ਦੇ ਲਈ ਕੁਰਬਾਨੀ ਦਿੱਤੀ ਤੇ ਉਨ੍ਹਾਂ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਜਿੱਥੇ ਪੂਰੇ ਸੰਸਾਰ ਭਰ 'ਚ ਬਹੁਤ ਹੀ ਸ਼ਰਧਾਪੂਰਵਕ ਮਨਾਈ ਜਾ ਰਹੀ ਹੈ, ਉੱਥੇ ਹੀ ਪੰਜਾਬ ਯੂਨੀਵਰਸਿਟੀ ਵਿਖੇ ਇਕ ਵਿਦਿਆਰਥੀ ਜਥੇਬੰਦੀ ਵੱਲੋਂ ਕਰਵਾਏ ਜਾ ਰਹੇ ਸੈਮੀਨਾਰ ਨੂੰ ਰੋਕਣਾ ਤੇ ਸੈਮੀਨਾਰ ਲਈ ਯੋਗ ਥਾਂ ਨਾ ਦੇਣਾ ਯੂਨੀਵਰਸਿਟੀ ਦੇ ਪ੍ਰਬੰਧਕਾਂ ਲਈ ਬਹੁਤ ਹੀ ਮਾੜੀ ਗੱਲ ਹੈ। ਪੀਰਮੁਹੰਮਦ ਨੇ ਕਿਹਾ ਕਿ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੂੰ ਆਪਣਾ ਫੈਸਲਾ ਵਾਪਸ ਲੈ ਕੇ ਸੈਮੀਨਾਰ ਕਰਵਾਉਣ ਲਈ ਥਾਂ ਦੇਣੀ ਚਾਹੀਦੀ ਹੈ ਤਾਂ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜੇਕਰ ਯੂਨੀਵਰਸਿਟੀ ਪ੍ਰਬੰਧਕਾਂ ਨੇ ਸੈਮੀਨਾਰ ਲਈ ਥਾਂ ਜਲਦ ਤੋਂ ਜਲਦ ਨਾ ਮੁਹੱਈਆ ਕਰਵਾਈ ਤਾਂ ਉਨ੍ਹਾਂ ਵੱਲੋਂ ਯੂਨੀਵਰਸਿਟੀ ਦੇ ਪ੍ਰਬੰਧਕਾਂ ਖਿਲਾਫ ਸੰਘਰਸ਼ ਆਰੰਭ ਕੀਤਾ ਜਾਵੇਗਾ ਜੋ ਕਿ ਯੂਨੀਵਰਸਿਟੀ ਵਿੱਚ ਸੈਮੀਨਾਰ ਨਾ ਹੋਣ ਤੱਕ ਜਾਰੀ ਰਹੇਗਾ ।

# ਮਾਛੀ ਵਾਹਲਾ 'ਚ ਮੈਡੀਕਲ ਕੈਂਪ ਲਗਾਇਆ

**ਮਹਿਤਾ (ਜਗਤਾਰ ਸਿੰਘ ਭੁੰਗਰਨੀ)**- ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਚਲਾਈ ਜਾ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਗੁਰੂ ਨਾਨਕ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨੂਰੜ ਦੇ ਸਹਿਯੋਗ ਨਾਲ ਗਰੀਬ ਦਾ ਮੂੰਹ, ਗੁਰੂ ਦੀ ਗੋਲਕ



ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ ਵਲੋਂ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਜੀ ਵੱਲੋਂ ਵਰਸਾਏ ਬਾਬਾ ਯੱਖ ਜੀ ਦੇ ਜੱਦੀ ਪਿੰਡ ਨੂਰੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਸੰਸਥਾ (ਰਜਿ.) ਅਜਨੋਹਾ ਵਲੋਂ ਐਨ ਆਰ ਆਈ ਵੀਰਾਂ ਦੀ ਮਦਦ ਨਾਲ ਜ਼ਿਲ੍ਹਾ ਗੁਰਦਾਸਪੁਰ ਦੇ ਹਲਕਾ ਡੇਰਾ ਬਾਬਾ ਨਾਨਕ ਹੜ੍ਹ ਪੀੜਤ ਇਲਾਕੇ ਦੇ ਪਿੰਡ ਮਾਛੀਵਾਹਲਾ ਵਿਖੇ ਸੰਸਥਾ ਵਲੋਂ ਫ੍ਰੀ ਮੈਡੀਕਲ ਕੈਂਪ ਲਗਾਇਆ ਗਿਆ। ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਦਾ ਚੈੱਕਅੱਪ ਕਰਕੇ ਫ੍ਰੀ ਵਿੱਚ ਦਵਾਈਆਂ ਦਿੱਤੀਆਂ ਗਈਆਂ। ਸੰਸਥਾ ਵਲੋਂ ਹੜ੍ਹ ਪੀੜਤ ਇਲਾਕਿਆਂ ਵਿੱਚ ਵੱਧ ਤੋਂ ਵੱਧ ਕੈਂਪ ਲਗਾਏ ਜਾਣੇ ਹਨ। ਸੰਗਤਾਂ ਤਨ, ਮਨ, ਧਨ ਨਾਲ ਆਪਣਾ ਸਹਿਯੋਗ ਜ਼ਰੂਰ ਦੇਣ। ਜਿਹੜੀਆਂ ਸੰਗਤਾਂ ਨੇ ਹੱਥੀਂ ਸੇਵਾ ਕਰਨੀ ਹੈ ਉਹ ਫੋਨ 'ਤੇ ਸੰਪਰਕ ਕਰਕੇ ਆ ਸਕਦੇ ਹਨ। ਇਸ ਮੌਕੇ ਹਾਜ਼ਰ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਡਾਕਟਰ ਸਤਨਾਮ ਸਿੰਘ ਖਾਲਸਾ, ਡਾਕਟਰ ਸੂਬੇਦਾਰ ਬਲਦੇਵ ਸਿੰਘ ਐਕਸ ਏ ਐਮ ਸੀ, ਡਾਕਟਰ ਤਰਸੇਮ ਸਿੰਘ, ਲੈਬ ਟੈਕਨੀਸ਼ੀਅਨ ਗੁਰਪ੍ਰੀਤ ਸਿੰਘ, ਲਵਪ੍ਰੀਤ ਕੌਰ, ਸੰਦੀਪ ਕੌਰ ਪਾਸ਼ਟਾਂ, ਪ੍ਰੀਆ ਨੂਰੜ, ਹਰਪ੍ਰੀਤ ਕੌਰ, ਰਾਜਵੀਰ ਕੌਰ, ਉਂਕਾਰ ਸਿੰਘ ਨੂਰੜ, ਗੁਰਜੀਤ ਸਿੰਘ ਸੋਨੂੰ ਯੂ ਐਸ ਏ, ਬਲਜੀਤ ਸਿੰਘ ਬਿੱਲਾ ਅਜਨੋਹਾ, ਹਰਦੀਪ ਸਿੰਘ ਨਸੀਰਾਬਾਦ, ਸੁਖਜਿੰਦਰ ਸਿੰਘ ਦੇਹ ਗਵਾਰ, ਕੁਲਵਿੰਦਰ ਸਿੰਘ ਖਾਲਸਾ ਡੇਰਾ ਬਾਬਾ ਨਾਨਕ, ਦਰਬਾਰ ਸਿੰਘ ਅਜਨੋਹਾ, ਕੁਲਵਿੰਦਰ ਸਿੰਘ ਠੰਡਲ, ਰਾਮ ਰਤਨ ਸਿੰਘ ਖਾਲਸਾ, ਵਿਪਨ ਕੁਮਾਰ ਪੰਚਨੰਗਲਾ, ਹਰਕਮਲ ਸਿੰਘ ਪਰਮਾਰ, ਸੁਖਵਿੰਦਰ ਸਿੰਘ, ਹਰਜੋਤ ਕੌਰ, ਹਰਪ੍ਰੀਤ ਕੌਰ, ਸੁਖਵਿੰਦਰ ਕੌਰ, ਗੁਰਜੀਤ ਸਿੰਘ, ਹਰਜੀਤ ਸਿੰਘ, ਗੁਰਵਿੰਦਰ ਸਿੰਘ, ਨਵਜੋਤ ਕੌਰ, ਦਲੀਪ ਕੌਰ, ਰਾਮਾ ਦੇਵੀ, ਹਰਜੀਤ ਕੌਰ, ਬਲਦੇਵ ਸਿੰਘ ਅਤੇ ਰਾਜ ਕੁਮਾਰ ਆਦਿ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਜਾਰੀ ਹੋਏ ਨੂੰ ਤਿੰਨ ਸਾਲ ਹੋਏ, ਪਰ ਪੈਨਸ਼ਨ ਨਹੀਂ ਹੋਈ ਸ਼ੁਰੂ : ਪੀ ਪੀ ਪੀ ਐੱਫ

**ਟਾਂਡਾ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ. ਪੀ ਪੀ ਐੱਫ) ਦੀ ਸੂਬਾ ਕਾਰਜਕਾਰਨੀ ਦੇ ਫ਼ੈਸਲੇ ਅਨੁਸਾਰ ਨਵੀਂ ਪੈਨਸ਼ਨ ਸਕੀਮ (ਐੱਨ ਪੀ ਐੱਸ) ਨੂੰ ਰੱਦ ਕਰਵਾ ਕੇ ਪੁਰਾਣੀ ਪੈਨਸ਼ਨ ਸਕੀਮ ਦੁਬਾਰਾ ਲਾਗੂ ਕਰਵਾਉਣ ਹਿੱਤ 3 ਨਵੰਬਰ ਨੂੰ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਹੁਸ਼ਿਆਰਪੁਰ ਮੂਹਰੇ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਦੀਆਂ ਤਿਆਰੀਆਂ ਲਈ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ (ਪੀ ਪੀ ਪੀ ਐੱਫ) ਬਲਾਕ ਇਕਾਈ ਟਾਂਡਾ ਦੀ ਇੱਕ ਅਹਿਮ ਮੀਟਿੰਗ ਮਨਜੀਤ ਸਿੰਘ ਸੈਣੀ, ਅਮਨਦੀਪ ਸਿੰਘ ਚੌਹਾਨ ਅਤੇ ਰਾਜਵਿੰਦਰ ਸਿੰਘ ਬੁੱਢੀ ਪਿੰਡ ਆਦਿ ਆਗੂਆਂ ਦੀ ਅਗਵਾਈ ਹੇਠ ਸ਼ਿਮਲਾ ਪਹਾੜੀ ਟਾਂਡਾ ਵਿਖੇ ਹੋਈ ਜਿਸ ਵਿੱਚ ਫ਼ਰੰਟ ਦੇ ਦੋਆਬਾ ਜ਼ੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ ਅਤੇ ਜ਼ਿਲ੍ਹਾ ਕਨਵੀਨਰ ਮਨਜੀਤ ਸਿੰਘ ਦਸੂਹਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮੀਟਿੰਗ ਦੀ ਕਾਰਵਾਈ ਦੀ ਜਾਣਕਾਰੀ ਸਾਂਝੀ ਕਰਦਿਆਂ ਉਕਤ ਆਗੂਆਂ ਨੇ ਦੱਸਿਆ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲਗਭਗ ਤਿੰਨ ਸਾਲ ਪਹਿਲਾਂ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਮੌਕੇ ਪੰਜਾਬ ਅੰਦਰ ਨਵੀਂ ਪੈਨਸ਼ਨ ਸਕੀਮ



ਨੂੰ ਬੰਦ ਕਰਕੇ ਦੁਬਾਰਾ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਐਲਾਨ ਕੀਤਾ ਸੀ ਅਤੇ ਇਸ ਬਾਰੇ 18 ਨਵੰਬਰ 2022 ਨੂੰ ਇੱਕ ਨੋਟਫਿਕੇਸ਼ਨ ਵੀ ਜਾਰੀ ਕੀਤਾ ਸੀ ਪਰ ਇਸ ਨੋਟੀਫਿਕੇਸ਼ਨ ਨੂੰ ਜਾਰੀ ਹੋਇਆਂ ਨੂੰ ਤਿੰਨ ਸਾਲ ਹੋਣ ਨੂੰ ਆਏ ਹਨ ਪਰ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਨਹੀਂ ਕੀਤਾ ਗਿਆ। ਸਰਕਾਰ ਦੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੇ ਐਲਾਨ ਅਤੇ ਨੋਟੀਫਿਕੇਸ਼ਨ ਜਾਰੀ ਕਰਨ ਦੇ ਬਾਵਜੂਦ ਵੀ ਪੰਜਾਬ ਦੇ ਸਰਕਾਰੀ ਵਿਭਾਗਾਂ ਅਧੀਨ ਸੇਵਾਵਾਂ ਨਿਭਾ ਰਹੇ ਮੁਲਾਜ਼ਮਾਂ ਦੀ ਐੱਨ ਪੀ ਐੱਸ ਕਟੌਤੀ ਕਰਨੀ ਬੰਦ ਨਹੀਂ ਹੋਈ ਅਤੇ ਨਾ ਹੀ ਮੁਲਾਜ਼ਮਾਂ ਦੇ ਜੀ ਪੀ ਐੱਫ (ਜਨਰਲ ਪਰਾਵੀਡੈਂਟ ਫੰਡ) ਦੇ ਖ਼ਾਤੇ ਖੋਲ੍ਹ ਕੇ ਉਨ੍ਹਾਂ ਦਾ ਜੀ ਪੀ ਐਫ਼ ਕੱਟਣਾ ਹੀ ਸ਼ੁਰੂ ਹੋਇਆ ਹੈ। ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ ਵਲੋਂ 3 ਨਵੰਬਰ ਦਿਨ ਸੋਮਵਾਰ ਨੂੰ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਹੁਸ਼ਿਆਰਪੁਰ ਮੂਹਰੇ ਰੋਸ ਪ੍ਰਦਰਸ਼ਨ ਕਰਨ ਤੋਂ ਬਾਅਦ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਜਾਵੇਗਾ ਜਿਸ ਵਿੱਚ ਬਲਾਕ ਟਾਂਡਾ ਤੋਂ ਵੀ ਵੱਡੀ ਗਿਣਤੀ ਵਿੱਚ ਮੁਲਾਜ਼ਮ ਸ਼ਮੂਲੀਅਤ ਕਰਨਗੇ।ਇਸ ਮੌਕ ਵਰਿੰਦਰ ਸੈਣੀ ਤੱਲਾ ਮੱਦਾ, ਕੁਲਵਿੰਦਰ ਸਿੰਘ ਸੈਦੂਪੁਰ, ਲਖਵੀਰ ਸਿੰਘ ਗੁਰਾਲਾ, ਬਲਰਾਜ ਸਿੰਘ ਕੰਧਾਲਾ ਜੱਟਾਂ, ਵਰਿੰਦਰ ਸ਼ਹਿਬਾਜ਼ਪੁਰ, ਮਨਵਿੰਦਰ ਸਿੰਘ, ਜਗਪ੍ਰੀਤ ਸਿੰਘ, ਰਜਿੰਦਰ ਕੁਮਾਰ ਖੁਰਾਣਾ, ਦਲਜੀਤ ਸਿੰਘ, ਕੁਲਵਿੰਦਰ ਸਿੰਘਆਦਿ ਆਗੂ ਵੀ ਹਾਜ਼ਰ ਸਨ।

# ਤਰਨ ਤਾਰਨ ਜ਼ਿਮਨੀ ਚੋਣ : ਵੋਟਰ 'ਆਪ' ਚ ਸ਼ਾਮਿਲ ਹੋ ਰਹੇ : ਮਨਦੀਪ, ਗੌਰਵ

**ਫਿਲੌਰ (ਨਿਰਮਲ)**- ਤਰਨਤਾਰਨ ਦੀ ਜ਼ਿਮਨੀ ਚੋਣ ਹਰ ਪੱਖੋਂ ਜ਼ੋਰ ਫੜਦੀ ਨਜ਼ਰ ਰਹੀ ਹੈ। ਜਿਵੇਂ ਜਿਵੇਂ ਵੋਟਾਂ ਦਾ ਸਮਾਂ ਨੇੜੇ ਆ ਰਿਹਾ ਹੈ ਲੋਕ ਅਕਾਲੀ ਦਲ,ਕਾਂਗਰਸ ਤੇ ਭਾਜਪਾਵਰਗੀਆਂ ਰਿਵਾਇਤੀ ਪਾਰਟੀਆਂ ਨੂੰ ਛੱਡ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋ ਰਹੇ ਹਨ। 28 ਅਕਤੂਬਰ ਨੂੰ ਆਮ ਆਦਮੀ ਪਾਰਟੀ ਹਲਕਾ ਫਿਲੌਰ ਤੋਂ ਮੀਡੀਆ ਕੋਆਰਡੀਨੇਟਰ ਮਨਦੀਪ ਸਿੰਘ ਤੇ ਵਾਇਸ ਕੋਆਰਡੀਨੇਟਰ ਗੌਰਵ ਬਾਵਾ ਨੇ ਤਰਨਤਾਰਨ ਹਲਕੇ ਵਿੱਚ ਚੋਣ ਪ੍ਰਚਾਰ ਕਰਦੇ ਹੋਏ ਘਰ ਘਰ ਜਾ ਕੇ ਪਾਰਟੀ ਦੇ ਕੀਤੇ ਕੰਮਾਂ ਨੂੰ ਦੱਸ ਵੋਟਰਾਂ ਨੂੰ ਵੋਟ ਪਾਉਣ ਲਈ ਕਿਹਾ ਲੋਕਾਂ ਵਲੋਂ ਬਹੁਤ ਭਰਵਾਂ ਹੁੰਗਾਰਾ ਦਿੱਤਾ ਗਿਆ। ਲੋਕਾਂ ਦਾ ਇਹ ਕਹਿਣਾ ਸੀ ਹਰਮੀਤ ਸਿੰਘ ਸੰਧੂ ਸਾਡੇ ਆਪਣੇ ਹਲਕੇ ਦੇ ਉਮੀਦਵਾਰ ਨੇ ਦੂਜੀਆਂ ਪਾਰਟੀਆਂ ਦੇ ਉਮੀਦਵਾਰਾਂ ਹੋਰ ਹਲਕਿਆਂ ਵਿੱਚ ਆ ਕੇ ਚੋਣ ਲੜ ਰਹੇ ਹਨ। ਇਹਨਾਂ ਨੂੰ ਬਹੁਤ ਭਾਰੀ ਬਹੁਮਤ ਨਾਲ ਜਿੱਤ ਹਾਸਲ ਕਰਾਵਾਂਗੇ। ਕੁਝ ਦਿਨਾਂ ਬਾਅਦ ਦੂਜੀਆਂ ਪਾਰਟੀਆਂ ਦੇ ਦਿੱਗਜ ਨੇਤਾ ਪਾਰਟੀ ਵਿੱਚ ਸ਼ਾਮਲ ਹੋਣਗੇ। ਇਸ ਮੌਕੇ ਮਨਦੀਪ ਸਿੰਘ ਮੀਡੀਆ ਕੋਆਰਡੀਨੇਟਰ ਤੇ ਗੌਰਵ ਬਾਵਾ ਮੀਡੀਆ ਵਾਇਸ ਕੋਆਰਡੀਨੇਟਰ ਨਾਲ ਹੋਰ ਪਾਰਟੀ ਵਰਕਰ ਮੌਜੂਦ ਸਨ।

# ਆਰ ਐੱਮ ਪੀ ਆਈ ਕਾਂਗਰਸ (ਆਈ) ਦੇ ਉਮੀਦਵਾਰ ਦੀ ਹਮਾਇਤ ਕਰੇਗੀ : ਰੰਧਾਵਾ, ਜਾਮਾਰਾਏ

**ਜਲੰਧਰ (ਰਾਜੇਸ਼ ਥਾਪਾ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਦੀ ਪੰਜਾਬ ਰਾਜ ਕਮੇਟੀ ਨੇ ਤਰਨਤਾਰਨ ਵਿਧਾਨ ਸਭਾ ਹਲਕੇ ਦੇ ਵੋਟਰਾਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਉਹ ਆਉਣ ਵਾਲੀ 11 ਨਵੰਬਰ ਨੂੰ ਹੋਣ ਜਾ ਰਹੀ ਉਪ ਚੋਣ 'ਚ ਅਜਿਹੇ ਕਿਸੇ ਵੀ ਕੱਟੜਪੰਥੀ ਉਮੀਦਵਾਰ ਨੂੰ ਮੂੰਹ ਨਾ ਲਾਉਣ, ਜਿਸ ਦੀਆਂ ਹਰਕਤਾਂ ਤੇ ਬੋਲ-ਬਾਣੀ ਪੰਜਾਬ ਦੇ ਅਮਨ-ਚੈਨ ਨੂੰ ਲਾਂਬੂ ਲਾਉਣ ਦਾ ਜ਼ਰੀਆ ਬਣ ਸਕਦੇ ਹਨ। ਇੱਥੋਂ ਜਾਰੀ ਇਕ ਬਿਆਨ ਰਾਹੀਂ ਰਾਜ ਕਮੇਟੀ ਦੇ ਪ੍ਰਧਾਨ ਰਤਨ ਸਿੰਘ ਰੰਧਾਵਾ ਤੇ ਸਕੱਤਰ ਪ੍ਰਗਟ ਸਿੰਘ ਜਾਮਾਰਾਏ ਨੇ ਕਿਹਾ ਹੈ ਕਿ ਵੋਟਰਾਂ ਨੂੰ ਆਪਣੇ ਮਤ ਰਾਹੀਂ ਕੇਂਦਰੀ ਹੁਕਮਰਾਨਾਂ ਦੀਆਂ ਪੰਜਾਬ ਨੂੰ ਅਸਥਿਰ ਕਰਨ ਦੀਆਂ ਸਾਜ਼ਿਸ਼ਾਂ ਨੂੰ ਸਿਰੇ ਚੜ੍ਹਾਉਣ ਲਈ ਚੋਣ ਮੈਦਾਨ 'ਚ ਨਿੱਤਰੇ ਸ਼ਰਾਰਤੀ ਅਨਸਰਾਂ ਦੀ ਸਪਸ਼ਟ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਭਾਂਜ ਦੇਣੀ ਚਾਹੀਦੀ ਹੈ। ਉਨ੍ਹਾਂ ਐਲਾਨ ਕੀਤਾ ਹੈ ਕਿ ਆਰ ਐੱਮ ਪੀ ਆਈ 'ਇੰਡੀਆ' ਗਠਜੋੜ ਦੀ ਮੁੱਖ ਭਾਈਵਾਲ ਪਾਰਟੀ, ਕਾਂਗਰਸ (ਆਈ) ਦੇ ਉਮੀਦਵਾਰ ਦੀ ਡੱਟਵੀਂ ਹਮਾਇਤ ਕਰੇਗੀ।ਇਸ ਮੰਤਵ ਲਈ ਪਾਰਟੀ ਵਲੋਂ ਆਉਣ ਵਾਲੀ 7 ਨਵੰਬਰ ਨੂੰ ਜਿਲ੍ਹਾ ਪੱਧਰੀ ਰੈਲੀ ਕੀਤੀ ਜਾਵੇਗੀ, ਜਿਸ ਨੂੰ ਪਾਰਟੀ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਸੰਬੋਧਨ ਕਰਨਗੇ।

# ਜ਼ਿਮਨੀ ਚੋਣ 'ਆਪ' ਸ਼ਾਨ ਨਾਲ ਜਿੱਤੇਗੀ : ਰਜਨੀਸ਼ ਬੱਬਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਯੂਥ ਪ੍ਰਧਾਨ ਹਲਕਾ ਨਕੋਦਰ ਰਜਨੀਸ਼ ਬੱਬਰ (ਨੂਰਮਹਿਲ) ਨੇ ਪੱਤਰਕਾਰਾਂ ਨੂੰ ਕਿਹਾ ਕਿ ਤਰਨ ਤਾਰਨ ਦੀ ਚੋਣ ਕੇਵਲ ਕਿਸੇ ਉਮੀਦਵਾਰ ਦੀ ਨਹੀਂ, ਸਗੋਂ ਵਿਕਾਸ, ਇਮਾਨਦਾਰੀ ਤੇ ਸਚਾਈ ਦੀ ਲੜਾਈ ਹੈ। ਉਨ੍ਹਾਂ ਕਿਹਾ ਕਿ ਤਰਨ ਤਾਰਨ ਹਲਕੇ ਦੇ ਲੋਕ ਸਮਝਦਾਰ ਹਨ ਅਤੇ ਉਹ ਜਾਣਦੇ ਹਨ ਕਿ ਕੌਣ ਉਨ੍ਹਾਂ ਦੇ ਹਿੱਤਾਂ ਦੀ ਸਿਆਸਤ



ਕਰਦਾ ਹੈ ਤੇ ਕੌਣ ਸਿਰਫ਼ ਚੋਣਾਂ ਦੇ ਸਮੇਂ ਆ ਕੇ ਵਾਅਦੇ ਕਰਦਾ ਹੈ। ਯੂਥ ਪ੍ਰਧਾਨ ਰਜਨੀਸ਼ ਬੱਬਰ ਨੇ ਕਿਹਾ ਕਿ ਇਸ ਹਲਕੇ ਤੋਂ ਪਹਿਲਾਂ ਵੀ ਆਮ ਆਦਮੀ ਪਾਰਟੀ ਦਾ ਵਿਧਾਇਕ ਚੁਣਿਆ ਗਿਆ ਸੀ ਜਿਸ ਨੇ ਹਲਕੇ ਦੇ ਵਿਕਾਸ ਲਈ ਬੇਮਿਸਾਲ ਕੰਮ ਕੀਤੇ ਸਨ। ਉਹਨਾਂ ਦੇ ਅਚਾਨਕ ਦੇਹਾਂਤ ਕਾਰਨ ਹੁਣ ਜ਼ਿਮਨੀ ਚੋਣ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਸਾਰੇ ਵਰਕਰ ਇਕਜੁੱਟ ਹੋ ਕੇ ਇਸ ਚੋਣ ਨੂੰ ਜਿੱਤਣ ਲਈ ਜੁਟੇ ਹੋਏ ਹਨ ਅਤੇ ਲੋਕਾਂ ਦਾ ਰੁਝਾਨ ਵੀ ਆਮ ਆਦਮੀ ਪਾਰਟੀ ਵੱਲ ਸਾਫ਼ ਦਿਸ ਰਿਹਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਭਰ ਵਿੱਚ ਸਿਹਤ, ਸਿੱਖਿਆ, ਬਿਜਲੀ ਤੇ ਰੁਜ਼ਗਾਰ ਦੇ ਖੇਤਰਾਂ 'ਚ ਇਤਿਹਾਸਕ ਸੁਧਾਰ ਕੀਤੇ ਹਨ। ਮੁਫ਼ਤ ਬਿਜਲੀ ਸਕੀਮਾਂ ਨਾਲ ਗਰੀਬ ਤੇ ਮੱਧ ਵਰਗ ਦੇ ਘਰਾਂ ਦਾ ਬੋਝ ਘਟਿਆ ਹੈ, ਸਰਕਾਰੀ ਸਕੂਲ ਹੁਣ ਪ੍ਰਾਈਵੇਟ ਸਕੂਲਾਂ ਨਾਲ ਮੁਕਾਬਲੇ ਦੇ ਯੋਗ ਬਣ ਰਹੇ ਹਨ ਅਤੇ ਸਰਕਾਰੀ ਹਸਪਤਾਲਾਂ 'ਚ ਲੋਕਾਂ ਨੂੰ ਵਧੀਆ ਇਲਾਜ ਮਿਲ ਰਿਹਾ ਹੈ। ਆਮ ਆਦਮੀ ਪਾਰਟੀ ਨੇ ਹਮੇਸ਼ਾਂ ਲੋਕਾਂ ਨੂੰ ਕੇਂਦਰ ਵਿੱਚ ਰੱਖ ਕੇ ਕੰਮ ਕੀਤਾ ਹੈ ਅਤੇ ਅਗਲੇ ਸਮੇਂ 'ਚ ਵੀ ਇਹੀ ਰਵਾਇਤ ਜਾਰੀ ਰਹੇਗੀ।

# ਮੇਹਰ ਚੰਦ ਦੇ ਵਿਦਿਆਰਥੀ ਨੂੰ ਮਿਲਿਆ ਬੈੱਸਟ ਸਟੂਡੈਂਟ ਐਵਾਰਡ



**ਜਲੰਧਰ (ਸ਼ੈਲੀ ਐਲਬਰਟ)**- ਮੇਹਰ ਚੰਦ ਪੌਲੀਟੈਕਨਿਕ ਕਾਲਜ, ਜਲੰਧਰ ਦੇ ਹੋਣਹਾਰ ਤੇ ਮਿਹਨਤੀ ਵਿਦਿਆਰਥੀ ਲਵਦੀਪ ਸਿੰਘ ਨੂੰ ਇੰਡੀਅਨ ਸੋਸਾਇਟੀ ਫਾਰ ਟੈਕਨੀਕਲ ਐਜੂਕੇਸ਼ਨ (ਆਈ ਐੱਸ ਟੀ ਈ) ਵੱਲੋਂ ਸਾਲ 2025 ਲਈ ਬੈਸਟ ਸਟੂਡੈਂਟ ਅਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਸਨਮਾਨ ਆਈ ਐੱਸ ਟੀ ਈ ਦੇ ਪੰਜਾਬ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਸੈਕਸ਼ਨ ਵੱਲੋਂ ਦਿੱਤਾ ਗਿਆ। ਇਹ ਐਵਾਰਡ ਅਕਤੂਬਰ 2025 ਵਿੱਚ ਪੀ ਸੀ ਟੀ ਈ ਇੰਸਟੀਟਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ, ਲੁਧਿਆਣਾ ਵਿੱਚ ਹੋਏ ਅਹਿਸਾਸ-2025 ਕਨਵੈਨਸ਼ਨ ਦੌਰਾਨ ਪ੍ਰਦਾਨ ਕੀਤਾ ਗਿਆ।ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਲਵਦੀਪ ਸਿੰਘ ਦੀ ਇਸ ਵੱਡੀ ਉਪਲਬਧੀ 'ਤੇ ਮਾਣ ਪ੍ਰਗਟਾਇਆ।

# ਮਾਸਟਰ ਲਾਲ ਚੰਦ ਨੂੰ ਭਰਪੂਰ ਸ਼ਰਧਾਂਜਲੀਆਂ

**ਸ਼ਾਹਕੋਟ (ਪੱਤਰ ਪ੍ਰੇਰਕ)**- ਮਾਸਟਰ ਸਾਹਿਬ ਗਿੱਲ ਦੇ ਪਿਤਾ ਮਾਸਟਰ ਲਾਲ ਚੰਦ ਗਿੱਲ ਨੂੰ ਵੱਖ-ਵੱਖ ਸ਼ਖ਼ਸ਼ੀਅਤਾਂ ਨੇ ਭਰਪੂਰ ਸ਼ਰਧਾਂਜਲੀਆਂ ਭੇਟ ਕੀਤੀਆਂ। ਉਹ ਲੰਘੇ 20 ਅਕਤੂਬਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਸਥਾਨਕ ਸੀ ਐਨ ਆਈ ਚਰਚ ਵਿਖੇ 89 ਰੱਖੀ ਗਈ ਪ੍ਰਾਰਥਨਾ ਸਭਾ ਵਿੱਚ ਮੁੱਖ ਪ੍ਰਾਰਥਨਾ ਪਾਸਟਰ ਜੌਰਜ ਮਸੀਹ ਨੇ ਕੀਤੀ। ਉਹਨਾਂ ਤੋਂ ਇਲਾਵਾ ਪਾਸਟਰ ਰੁਬੀਨਾ ਜੌਰਜ, ਪਾਸਟਰ ਸੋਹਨ ਲਾਲ, ਪਾਸਟਰ ਬਿੰਦਰ ਅਤੇ ਸੋਸਿਨ ਮਸੀਹ ਕਪੂਰਥਲਾ ਨੇ ਵਿਛੜੀ ਰੂਹ ਲਈ ਪ੍ਰਾਰਥਨਾਵਾਂ ਕੀਤੀਆਂ ਅਤੇ ਇਸਾਈਅਤ ਅਨੁਸਾਰ ਜ਼ਿੰਦਗੀ ਮੌਤ ਦੇ ਫਲਸਫੇ ਦਾ ਵਿਸਥਾਰ ਨਾਲ ਵਰਣਨ ਕੀਤਾ। 'ਆਪ' ਦੇ ਘੱਟ ਗਿਣਤੀ ਵਿੰਗ ਦੇ ਸਕੱਤਰ ਡਾਕਟਰ ਵਿਲੀਅਮ ਜ਼ੌਨ ਅਤੇ ਭਾਰਤ ਦੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਜਲੰਧਰ ਦੀ ਕਾਰਜਕਾਰਨੀ ਦੇ ਮੈਂਬਰ ਗਿਆਨ ਸੈਦਪੁਰੀ ਅਤੇ ਮੇਹਰ ਚੰਦ ਗਿੱਲ ਨੇ ਮਾਸਟਰ ਲਾਲ ਚੰਦ ਦੀ ਸ਼ਖ਼ਸੀਅਤ ਦੇ ਵੱਖ ਵੱਖ ਪਹਿਲੂਆਂ ਦਾ ਜ਼ਿਕਰ ਕਰਦਿਆਂ ਭਾਵ ਪੂਰਤ ਸ਼ਬਦਾਂ ਵਿੱਚ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਤੋਂ ਇਲਾਵਾ ਮਸੀਹੀ ਕਲੀਸੀਆ ਨੇ ਭਜਨ ਗਾਇਕੀ ਰਾਹੀਂ ਯਿਸੂ ਮਸੀਹ ਦੀਆਂ ਸਿੱਖਿਆਵਾਂ ਦਾ ਵਰਣਨ ਕੀਤਾ। ਮਾਸਟਰ ਲਾਲ ਚੰਦ ਦੇ ਪੁੱਤਰ



ਮਾਸਟਰ ਸਾਹਿਬ ਗਿੱਲ ਨੇ ਪ੍ਰਾਰਥਨਾ ਸਭਾ ਵਿੱਚ ਸ਼ਾਮਿਲ ਹੋਣ ਵਾਲਿਆਂ ਦਾ ਧੰਨਵਾਦ ਕਰਦਿਆਂ ਭਾਵਨਾਵਾਂ ਦੇ ਵਹਿਣ ਵਿੱਚ ਉਹਨਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਛਲਕ ਪਏ। ਪਾਸਟਰ ਸਾਹਿਬਾਨ ਨੇ ਉਨ੍ਹਾਂ ਨੂੰ ਦਿਲਾਸਾ ਦਿੱਤਾ। ਸਟੇਜ ਸਕੱਤਰ ਦੇ ਫਰਜ਼ ਪਾਸਟਰ ਜਸਵਿੰਦਰ ਗਿੱਲ ਨੇ ਨਿਭਾਏ।ਇਸ ਮੌਕੇ ਪਰਵਾਰਿਕ ਮੈਂਬਰਾਂ ਤੋਂ ਇਲਾਵਾ ਸੂਫੀ ਗਾਇਕ ਕੁਲਵਿੰਦਰ ਸ਼ਾਹਕੋਟੀ, ਸਾਬਕਾ ਸਰਪੰਚ ਬਾਹਮਣੀਆਂ ਬਚਨ ਲਾਲ, ਮਾਸਟਰ ਅੰਮ੍ਰਿਤ ਪਾਲ ਸਿੰਘ, ਮਾਸਟਰ ਸਵਰਨ ਸਿੰਘ ਸੰਗਤਪੁਰ, ਡਾ ਇਕਬਾਲ ਭੱਟੀ, ਰਸੀਦ ਰਿਆਜ਼ੀ, ਪੰਜਾਬ ਕ੍ਰਿਸਚਨ ਮੂਵਮੈਂਟ ਯੂਥ ਵਿੰਗ ਦੇ ਸੂਬਾ ਪ੍ਰਧਾਨ ਸੁਧੀਰ ਨਾਹਰ, ਮਾਸਟਰ ਪ੍ਰਿਥੀਪਾਲ ਸਿੰਘ, ਬਾਲ ਸਾਹਿਤ ਲੇਖਕ ਡਾਕਟਰ ਨਰਿੰਦਰ ਸਿੰਘ ਬਾਂਸਲ ਆਦਿ ਮੌਜੂਦ ਸਨ।

# ਵਿਦਿਆਰਥੀਆਂ ਦੀ ਫੀਸ ਲਈ 20,000 ਰੁਪਏ ਦੀ ਸਹਾਇਤਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੀ ਐਮ ਸ੍ਰੀ ਸਰਕਾਰੀ ਹਾਈ ਸਕੂਲ ਮਿਆਣੀ ਵਿਖੇ ਮਿੱਡ ਡੇ ਮੀਲ ਵਰਕਰ ਦੇ ਤੌਰ ਤੇ ਕੰਮ ਕਰ ਚੁੱਕੀ ਸ਼ੁਸ਼ਮਾ ਰਾਣੀ ਦੀ ਪ੍ਰੇਰਨਾ ਸਦਕਾ ਉਸ ਦੀ ਬੇਟੀ ਸਵੀਟ ਦੇ ਸਹੁਰਾ ਪਰਵਾਰ ਵਲੋਂ ਪੀ ਐਮ ਸ੍ਰੀ ਸਰਕਾਰੀ ਹਾਈ ਸਕੂਲ ਮਿਆਣੀ ਦੇ ਲੋੜਵੰਦ ਵਿਦਿਆਰਥੀਆਂ ਦੀ ਬੋਰਡ ਦਸਵੀਂ ਕਲਾਸ ਦੀ ਪ੍ਰੀਖਿਆ ਦੀ ਫੀਸ ਦੇਣ ਲਈ 20,000 ਰੁਪਏ ਦੀ ਨਕਦ ਰਾਸ਼ੀ ਸਕੂਲ ਮੁੱਖੀ ਪਰਮਿੰਦਰ ਕੌਰ ਨੂੰ ਭੇਟ ਕੀਤੀ। ਪਰਮਿੰਦਰ ਕੌਰ ਅਤੇ ਸਮੂਹ ਸਟਾਫ ਮੈਂਬਰਾਂ ਨੇ ਦਾਨੀ ਪਰਿਵਾਰ ਦਾ ਲੋੜਵੰਦ ਵਿਦਿਆਰਥੀਆਂ ਦੀ ਫੀਸ ਦੇਣ ਤੇ ਵਿਸ਼ੇਸ਼ ਸਨਮਾਨ ਕੀਤਾ ਅਤੇ ਉਹਨਾਂ ਦੇ ਇਸ ਨੇਕ ਉਪਰਾਲਾ ਕਰਨ ਤੇ ਧੰਨਵਾਦ ਕੀਤਾ।ਇਸ ਸਮੇਂ ਹੋਰਨਾਂ ਤੋਂ ਇਲਾਵਾ ਕਮਲੇਸ਼ ਕੌਰ, ਸ਼ੁਸ਼ਮਾ ਰਾਣੀ, ਸੀਤਲ ਕੌਰ, ਪਰਮਜੀਤ ਕੌਰ, ਰਜਿੰਦਰ ਕੌਰ, ਸ਼ਾਲੂ, ਪਲਵਿੰਦਰ ਕੌਰ, ਚੇਤਨਾ, ਬਲਵਿੰਦਰ ਸਿੰਘ, ਹਰੀਸ਼ ਕੁਮਾਰ ਆਦਿ ਹਾਜਰ ਸਨ।

# ਇਰਾਕ ਵਿਚਲੇ ਨਰਕ ਤੋਂ ਘਰ ਵਾਪਸੀ, ਲੜਕੀ ਨੇ ਸੁਣਾਈ ਆਪ-ਬੀਤੀ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਖਾੜੀ ਦੇਸ਼ਾਂ ਵਿੱਚ ਪੰਜਾਬੀ ਕੁੜੀਆਂ ਨਾਲ ਹੋ ਰਿਹਾ ਸ਼ੋਸ਼ਣ ਰੁਕਣ ਦਾ ਨਾਮ ਨਹੀਂ ਲੈ ਰਿਹਾ। ਮੋਗਾ ਜ਼ਿਲ੍ਹੇ ਦੀ ਇੱਕ ਬੇਟੀ, ਜੋ ਹਾਲ ਹੀ ਵਿੱਚ ਇਰਾਕ ਦੀ ਦਹਿਸ਼ਤ ਭਰੀ ਜ਼ਿੰਦਗੀ ਵਿੱਚੋਂ ਬਚ ਕੇ ਵਾਪਸ ਪਰਤੀ ਹੈ, ਨੇ ਆਪਣੀ ਰੂਹ ਕੰਬਾਊ ਹੱਡਬੀਤੀ ਬਿਆਨ ਕੀਤੀ। ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚ ਕੇ ਉਸ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਕੋਸ਼ਿਸ਼ ਨਾਲ ਉਹ ਸੁਰੱਖਿਅਤ ਤਰੀਕੇ ਨਾਲ ਆਪਣੇ ਪਰਵਾਰ ਕੋਲ ਵਾਪਸ ਆ ਸਕੀ। ਪੀੜਤ ਲੜਕੀ ਨੇ ਦੱਸਿਆ ਕਿ ਜਗਰਾਉ ਦੇ ਇੱਕ ਟਰੈਵਲ ਏਜੰਟ ਨੇ ਪੇਂਡੂ ਇਲਾਕਿਆਂ ਵਿੱਚ ਆਪਣਾ ਜਾਲ ਫੈਲਾਇਆ ਹੋਇਆ ਹੈ। ਉਹ ਗਰੀਬ ਪਰਿਵਾਰਾਂ ਦੀਆਂ ਕੁੜੀਆਂ ਨੂੰ ਵਿਦੇਸ਼ਾਂ ਵਿੱਚ ਚੰਗੀ ਨੌਕਰੀ ਦੇ ਸੁਪਨੇ ਦਿਖਾ ਕੇ ਇਰਾਕ ਭੇਜਦਾ ਹੈ। ਉਸ ਨੇ ਖੁਲਾਸਾ ਕੀਤਾ ਕਿ 20 ਤੋਂ 25 ਕੁੜੀਆਂ ਹਾਲੇ ਵੀ ਉੱਥੇ ਫਸੀਆਂ ਹੋਈਆਂ ਹਨ।ਪੀੜਤਾ ਨੇ ਦੱਸਿਆ ਕਿ ਉਹ 8 ਜਨਵਰੀ 2024 ਨੂੰ ਇਰਾਕ ਲਈ ਰਵਾਨਾ ਹੋਈ ਸੀ। ਪਹਿਲਾਂ ਉਸ ਨੂੰ ਦੁਬਈ ਤੇ ਫਿਰ ਇਰਾਕ ਲਿਜਾਇਆ ਗਿਆ। ਟਰੈਵਲ ਏਜੰਟ ਨੇ ਸਿਲਾਈ ਦੇ ਕੰਮ, ਹਫ਼ਤੇ ਦੀ ਛੁੱਟੀ ਅਤੇ ਘਰ ਨਾਲ ਗੱਲ ਕਰਨ ਦੀ ਸਹੂਲਤ ਦਾ ਵਾਅਦਾ ਕੀਤਾ ਸੀ, ਪਰ ਉੱਥੇ ਪਹੁੰਚਣ 'ਤੇ ਸਭ ਕੁਝ ਉਲਟ ਸੀ। ਉਸ ਨੂੰ ਸਿਲਾਈ ਦੀ ਥਾਂ ਘਰੇਲੂ ਕੰਮ 'ਚ ਭੇਜ ਦਿੱਤਾ



ਗਿਆ। ਘਰ ਦੇ ਮਾਲਕ ਨੇ ਉਸ 'ਤੇ ਮਾੜੀ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ । ਪੀੜਤਾ ਨੇ ਹਿੰਮਤ ਕਰਦਿਆਂ ਉਸ ਦੀ ਵੀਡੀਓ ਬਣਾਈ ਅਤੇ ਪੁਲਸ ਨੂੰ ਸ਼ਿਕਾਇਤ ਕੀਤੀ। ਇਸ ਦੇ ਬਾਅਦ ਟਰੈਵਲ ਏਜੰਟ ਅਤੇ ਉਸ ਦੀ ਘਰਵਾਲੀ ਦੀ ਸ਼ਹਿ 'ਤੇ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ। 'ਉਹ ਮੈਨੂੰ ਉਦੋਂ ਤੱਕ ਮਾਰਦੇ ਰਹੇ ਜਦੋਂ ਤੱਕ ਡੰਡਾ ਟੁੱਟ ਨਹੀਂ ਗਿਆ' ਪੀੜਤ ਨੇ ਰੋਂਦਿਆਂ ਦੱਸਿਆ। ਇਸ ਸਾਰੀ ਜ਼ਿਆਦਤੀ ਦਾ ਉਸ 'ਤੇ ਇੰਨਾ ਅਸਰ ਹੋਇਆ ਕਿ ਉਹ ਦੋ ਮਹੀਨਿਆਂ ਤੱਕ ਡਿਪਰੈਸ਼ਨ ਵਿੱਚ ਰਹੀ। ਉਸ ਨੇ 10 ਅਗਸਤ 2025 ਨੂੰ ਸੋਸ਼ਲ ਮੀਡੀਆ ਰਾਹੀਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਸੰਪਰਕ ਕੀਤਾ। ਸੰਤ ਸੀਚੇਵਾਲ ਨੇ ਤੁਰੰਤ ਕਾਰਵਾਈ ਕੀਤੀ ਅਤੇ 28 ਸਤੰਬਰ ਨੂੰ ਉਹ ਸੁਰੱਖਿਅਤ ਤਰੀਕੇ ਨਾਲ ਪੰਜਾਬ ਵਾਪਸ ਆ ਗਈ। ਵਾਪਸੀ ਤੋਂ ਬਾਅਦ ਵੀ ਉਹ ਪੂਰੇ ਮਹੀਨੇ ਤੱਕ ਸਦਮੇ ਵਿੱਚ ਰਹੀ। ਉਸ ਨੇ ਕਿਹਾ ਕਿ ਇਰਾਕ ਵਿੱਚ ਗੁਜ਼ਾਰੇ ਉਹ ਦਿਨ ਕਦੇ ਵੀ ਭੁੱਲੇ ਨਹੀਂ ਜਾ ਸਕਦੇ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਇਹ ਬੇਟੀ ਹਿੰਮਤ ਦੀ ਮਿਸਾਲ ਹੈ, ਜਿਸ ਨੇ ਆਪਣੇ ਹੱਕਾਂ ਲਈ ਖ਼ੁਦ ਲੜਾਈ ਲੜੀ। ਸੰਤ ਸੀਚੇਵਾਲ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਵਿਦੇਸ਼ੀ ਰੁਜ਼ਗਾਰ ਦੇ ਨਾਂਅ 'ਤੇ ਚਲ ਰਹੇ ਅਜਿਹੇ ਟਰੈਵਲ ਰੈਕਟਾਂ 'ਤੇ ਤੁਰੰਤ ਰੋਕ ਲਗਾਈ ਜਾਵੇ ਕਿਉਂਕਿ ਜਿੰਨੀਆਂ ਵੀ ਲੜਕੀਆਂ ਵਾਪਸ ਆਈਆਂ ਹਨ, ਉਹਨਾਂ ਖੁਲਾਸਾ ਕੀਤਾ ਹੈ ਕਿ ਉੱਥੇ ਹਾਲੇ ਹੋਰ ਵੀ ਲੜਕੀਆ ਫਸੀਆਂ ਹਨ ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਇਹ ਰੈਕਟ ਕਿਸ ਪੱਧਰ ਤੇ ਸਰਗਰਮ ਹੈ।

# ਖ਼ੂਨਦਾਨ ਕੈਂਪ 2 ਨੂੰ



**ਬੰਗਾ (ਅਵਤਾਰ ਕਲੇਰ)**- ਲਾਇਨਜ਼ ਕਲੱਬ ਇੰਟਰਨੈਸ਼ਨਲ ਰੀਜਨ ਬੰਗਾ ਤੇ ਲਾਇਨਜ਼ ਕਲੱਬ ਬੰਗਾ ਮਹਿਕ ਵੱਲੋਂ ਸਵਰਗੀ ਗੁਰਚਰਨ ਸਿੰਘ ਸਾਬਕਾ ਸਰਪੰਚ ਦੀ ਪਹਿਲੀ ਬਰਸੀ ਦੇ ਸੰਬੰਧ 'ਚ ਖ਼ੂਨਦਾਨ ਕੈਂਪ 2 ਨਵੰਬਰ ਨੂੰ ਮਹਿੰਦਰਾ ਹਸਪਤਾਲ ਬੰਗਾ ਵਿਖੇ ਲਗਾਇਆ ਜਾ ਰਿਹਾ ਹੈ। ਡਾ ਓਂਕਾਰ ਸਿੰਘ ਮਹਿੰਦਰਾ ਹਸਪਤਾਲ ਬੰਗਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਕੈਂਪ ਵਿੱਚ ਜ਼ਿਲ੍ਹਾ ਗਵਰਨਰ ਲਾਇਨ ਵੀ ਐੱਮ ਗੋਇਲ ਤੇ ਜ਼ਿਲ੍ਹਾ ਕੋਆਰਡੀਨੇਟਰ ਲਾਇਨ ਰਾਜੀਵ ਵਿੱਗ ਮੁੱਖ ਮਹਿਮਾਨ ਦੇ ਰੂਪ ਚ ਇਸ ਕੈਂਪ ਚ ਸ਼ਾਮਲ ਹੋਣਗੇ ਤੇ ਰੀਜਨ ਚੇਅਰਮੈਨ ਕੁਲਦੀਪ ਭੂਸ਼ਨ ਤੇ ਜ਼ੋਨ ਚੇਅਰਮੈਨ ਲਾਇਨ ਧਰਮਿੰਦਰ ਸਿੰਘ ਵਿਸ਼ੇਸ ਮਹਿਮਾਨ ਦੇ ਰੂਪ 'ਚ ਸ਼ਾਮਲ ਹੋਣਗੇ। ਕੈਂਪ ਦੌਰਾਨ ਖ਼ੂਨਦਾਨੀਆਂ ਨੂੰ ਜ਼ਿਲਾ ਗਵਰਨਰ ਲਾਇਨ ਵੀ ਐੱਮ ਗੋਇਲ ਵੱਲੋਂ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਲਾਇਨ ਅਸ਼ੋਕ ਸ਼ਰਮਾ, ਗੀਟਾ ਬਾਲਾ, ਜਸਵਿੰਦਰ ਜੱਸੀ, ਮਨਪ੍ਰੀਤ ਕੌਰ, ਮਨਜੀਤ ਕੌਰ ਮੀਨੂੰ ਆਦਿ ਹਾਜ਼ਰ ਸਨ।

# 'ਵਰਸਿਟੀ ਕਾਲਜ ਜੰਡਿਆਲਾ ਦੇ ਪਹਿਲਵਾਨਾਂ ਨੇ ਕੁਸ਼ਤੀ 'ਚ 3 ਸੋਨ ਤਗਮੇ ਜਿੱਤੇ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਦੇ ਪਹਿਲਵਾਨਾਂ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਚੱਲ ਰਹੀ ਅੰਤਰ ਕਾਲਜ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੱਖ-ਵੱਖ ਭਾਰ-ਵਰਗਾਂ ਵਿੱਚ ਤਿੰਨ ਸੋਨ ਤਗਮੇ ਹਾਸਲ ਕੀਤੇ।ਕੁਸ਼ਤੀ ਟੀਮ ਦੇ ਇੰਚਾਰਜ ਪ੍ਰੋਫੈਸਰ ਗੌਰਵ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਸੂਰਜ ਨੇ



70 ਕਿਲੋਗ੍ਰਾਮ ਭਾਰ ਵਰਗ ਫਰੀ ਸਟਾਈਲ ਕੁਸ਼ਤੀ ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਪਹਿਲਵਾਨ ਨੂੰ 10-0 ਨਾਲ, ਕਰਨਵੀਰ ਨੇ 92 ਕਿਲੋਗ੍ਰਾਮ ਭਾਰ ਵਰਗ ਫਰੀ ਸਟਾਈਲ ਕੁਸ਼ਤੀ ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਪਹਿਲਵਾਨ ਨੂੰ 10-0 ਨਾਲ ਅਤੇ ਜਸਟਿਨ ਸਿੱਧੂ ਨੇ 130 ਕਿਲੋਗ੍ਰਾਮ ਭਾਰ ਵਰਗ ਗਰੀਕੋ ਰੋਮਨ ਕੁਸ਼ਤੀ ਮੁਕਾਬਲੇ ਵਿੱਚ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪਹਿਲਵਾਨ ਨੂੰ 10-0 ਨਾਲ ਹਰਾ ਕੇ ਸੋਨ ਤਗਮੇ ਹਾਸਲ ਕੀਤੇ ।ਇਨ੍ਹਾਂ ਤਿੰਨੇ ਪਹਿਲਵਾਨਾਂ ਨੇ ਆਪਣੇ ਸ਼ੁਰੂਆਤੀ ਮੁਕਾਬਲਿਆਂ ਤੋਂ ਲੈ ਕੇ ਫਾਈਨਲ ਤੱਕ ਵਿਰੋਧੀ ਪਹਿਲਵਾਨਾਂ ਨੂੰ ਇੱਕ ਵੀ ਪੁਆਇੰਟ ਨਹੀਂ ਲੈਣ ਦਿੱਤਾ। ਪ੍ਰਿੰਸੀਪਲ ਡਾਕਟਰ ਜਗਸੀਰ ਸਿੰਘ ਬਰਾੜ ਨੇ ਜੇਤੂ ਪਹਿਲਵਾਨਾਂ ਨੂੰ ਇਸ ਉਪਲੱਬਧੀ ਲਈ ਵਧਾਈ ਦਿੱਤੀ।

# ਸੀਚੇਵਾਲ ਦੇ ਯਤਨਾਂ ਨਾਲ ਸਾਊਦੀ ਅਰਬ ਜੇਲ੍ਹ ਤੋਂ ਨੌਜਵਾਨ ਰਿਹਾਅ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)**- ਸਾਊਦੀ ਅਰਬ ਗਏ ਕਪੂਰਥਲਾ ਜ਼ਿਲ੍ਹੇ ਦੇ ਨੌਜਵਾਨ ਅਕਸ਼ੈ ਕੁਮਾਰ (ਬਦਲਿਆ ਹੋਇਆ ਨਾਂ) ਨੂੰ ਉੱਥੇ ਦੇ ਕੰਪਨੀ ਮਾਲਕਾਂ ਵੱਲੋਂ ਚੋਰੀ ਦੇ ਝੂਠੇ ਕੇਸ ਵਿੱਚ ਫਸਾ ਕੇ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ ਸੀ। ਸਵਾ ਤਿੰਨ ਸਾਲਾਂ ਤੱਕ ਚੱਲੀ ਕਾਲਕੋਠੜੀ ਦੀ ਕੈਦ ਤੋਂ ਬਾਅਦ ਆਖ਼ਿਰਕਾਰ ਉਹ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਆਪਣੇ ਪਰਵਾਰ 'ਚ ਵਾਪਸ ਆ ਗਿਆ ਹੈ। ਅਕਸ਼ੈ ਕੁਮਾਰ ਨੇ ਦੱਸਿਆ ਕਿ ਉਸ ਨੂੰ ਅਜੇ ਤੱਕ ਇਹ ਵੀ ਨਹੀਂ ਪਤਾ ਲੱਗ ਸਕਿਆ ਕਿ ਉਸ 'ਤੇ ਕਿਹੜੀ ਚੀਜ਼ ਦੀ ਚੋਰੀ ਦਾ ਇਲਜ਼ਾਮ ਲਾਇਆ ਗਿਆ ਸੀ। ਉਸ ਨੇ ਕਿਹਾ ਕਿ ਸਾਊਦੀ ਅਰਬ ਦੀਆਂ ਜੇਲ੍ਹਾਂ ਵਿੱਚ



ਅਨੇਕਾਂ ਭਾਰਤੀ ਨੌਜਵਾਨ ਉਸ ਦੀ ਤਰ੍ਹਾਂ ਝੂਠੇ ਦੋਸ਼ਾਂ ਕਾਰਣ ਸਾਲਾਂ ਤੋਂ ਕੈਦ ਭੁਗਤ ਰਹੇ ਹਨ। ਅਕਸ਼ੈ ਨੇ ਦੱਸਿਆ ਕਿ ਜਦੋਂ ਉਸ ਨੂੰ ਵੀ ਸਜ਼ਾ ਪੂਰੀ ਹੋਣ ਤੋਂ 2 ਸਾਲ ਤੱਕ ਜੇਲ੍ਹ ਵਿੱਚ ਰੱਖਿਆ ਗਿਆ ਤਾਂ ਉਸ ਨੇ ਉਮੀਦ ਛੱਡ ਦਿੱਤੀ ਸੀ ਕਿ ਉਹ ਹੁਣ ਕਦੇਂ ਜੇਲ੍ਹ ਦੀਆਂ ਉਚੀਆਂ ਦੀਵਾਰਾਂ ਤੋਂ ਪਾਰ ਦੀ ਜ਼ਿੰਦਗੀ ਦੇਖ ਸਕੇਗਾ। ਪਿੱਛੇ ਰਹਿੰਦੀ ਪਤਨੀ ਨੂੰ ਤਾਂ ਅੱਠ ਮਹੀਨਿਆਂ ਤੱਕ ਇਹ ਵੀ ਪਤਾ ਨਹੀਂ ਸੀ ਲੱਗਾ ਕਿ ਉਸ ਦਾ ਪਤੀ ਕਿੱਥੇ ਹੈ। ਉਸ ਦੀ ਪਤਨੀ ਨੇ ਦੱਸਿਆ ਕਿ ਉਸ ਦਾ ਪਤੀ ਅਕਸ਼ੈ ਕਈ ਸਾਲਾਂ ਤੋਂ ਸਾਊਦੀ ਵਿੱਚ ਡਰਾਇਵਰ ਦਾ ਕੰਮ ਕਰਦਾ ਸੀ। ਸਾਲ 2022 ਦੌਰਾਨ ਉਹਨਾਂ 2 ਮਹੀਨੇ ਦੀ ਛੁੱਟੀ ਤੇ ਆਇਆ ਸੀ ਪਰ ਉਸ ਦੇ ਦੁਬਾਰਾ ਸਾਊਦੀ ਅਰਬ ਵਾਪਸ ਜਾਣ ਤੋਂ ਬਾਅਦ ਉਹਨਾਂ ਦਾ ਅੱਠ ਮਹੀਨਿਆਂ ਤੱਕ ਕੋਈ ਸੰਪਰਕ ਨਹੀਂ ਹੋ ਸਕਿਆ ਸੀ। ਬਾਅਦ ਵਿੱਚ 25 ਅਗਸਤ 2023 ਨੂੰ ਉਸ ਨੇ ਸੰਤ ਸੀਚੇਵਾਲ ਦੇ ਦਫ਼ਤਰ ਨਾਲ ਸੰਪਰਕ ਕੀਤਾ, ਜਿਸ ਤੋਂ ਬਾਅਦ ਮਾਮਲੇ ਦੀ ਜਾਂਚ ਸ਼ੁਰੂ ਹੋਈ ਅਤੇ ਪਤਾ ਲੱਗਾ ਕਿ ਅਕਸ਼ੈ ਕੁਮਾਰ ਚੋਰੀ ਦੇ ਕੇਸ ਵਿੱਚ 10 ਮਹੀਨਿਆਂ ਦੀ ਸਜ਼ਾ ਕੱਟ ਰਿਹਾ ਹੈ। ਉਸ ਨੇ ਕਿਹਾ ਕਿ ਸਜ਼ਾ ਪੂਰੀ ਹੋਣ ਦੇ ਬਾਵਜੂਦ ਵੀ ਕੰਪਨੀ ਵੱਲੋਂ ਉਸ ਦੀ ਰਿਹਾਈ ਲਈ 31 ਹਜ਼ਾਰ ਰਿਆਲ (ਲਗਭਗ ਸਵਾ ਸੱਤ ਲੱਖ ਰੁਪਏ) ਦੀ ਮੰਗ ਕੀਤੀ ਗਈ, ਜੋ ਪਰਵਾਰ ਦੀ ਸਮਰੱਥਾ ਤੋਂ ਬਾਹਰ ਸੀ। ਵਿੱਤੀ ਤੰਗੀ ਕਾਰਣ ਪਰਵਾਰ ਬਹੁਤ ਕਠਿਨ ਹਾਲਾਤਾਂ 'ਚ ਜੀ ਰਿਹਾ ਸੀ ਅਤੇ ਬੇਟੀ-ਬੇਟਿਆਂ ਦੀ ਪੜ੍ਹਾਈ ਤੱਕ ਪ੍ਰਭਾਵਿਤ ਹੋ ਗਈ ਸੀ, ਜਿਸ ਤੋਂ ਬਾਅਦ ਉਹਨਾਂ ਮੁੜ ਤੋਂ ਸੰਤ ਸੀਚੇਵਾਲ ਪਾਸੋਂ ਮਦੱਦ ਦੀ ਗੁਹਾਰ ਲਗਾਈ ਸੀ ਜਿਹਨਾਂ ਦੀ ਸਹਾਇਤਾ ਸਦਕਾ ਬਿਨਾਂ ਇੱਕ ਪੈਸੇ ਦਿੱਤਿਆ ਉਸ ਦਾ ਪਤੀ ਸਹੀ ਸਲਾਮਤ ਵਾਪਿਸ ਪਰਤ ਆਇਆ। ਸੰਤ ਸੀਚੇਵਾਲ ਨੇ ਕਿਹਾ ਕਿ ਅਰਬ ਦੇਸ਼ਾਂ ਦੀਆਂ ਕਈ ਕੰਪਨੀਆਂ ਵੱਲੋਂ ਭਾਰਤੀਆਂ ਦਾ ਲਗਾਤਾਰ ਸ਼ੋਸ਼ਣ ਕੀਤਾ ਜਾ ਰਿਹਾ ਹੈ। ਚੋਰੀ ਦੇ ਝੂਠੇ ਕੇਸਾਂ ਵਿੱਚ ਫਸਾ ਕੇ ਨਿਰਦੋਸ਼ ਉਹਨਾਂ ਨੂੰ ਸਜ਼ਾ ਦੇ ਦਿੱਤੀ ਜਾਂਦੀ ਹੈ ਕਿਉਂਕਿ ਇਨ੍ਹਾਂ ਮਾਮਲਿਆਂ ਦਾ ਨਿਪਟਾਰਾ ਤੇਜ਼ੀ ਨਾਲ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸ਼ੋਸ਼ਣ ਨੂੰ ਰੋਕਣ ਲਈ ਸਰਕਾਰੀ ਪੱਧਰ 'ਤੇ ਮਜ਼ਬੂਤ ਨੀਤੀ ਬਣਾਉਣ ਦੀ ਲੋੜ ਹੈ, ਤਾਂ ਜੋ ਵਿਦੇਸ਼ਾਂ ਵਿੱਚ ਰੁੱਲ ਰਹੇ ਭਾਰਤੀ ਨਾਗਰਿਕਾਂ ਨੂੰ ਇਨਸਾਫ ਮਿਲ ਸਕੇ। ਜ਼ਿਕਰਯੋਗ ਹੈ ਕਿ ਉਨ੍ਹਾਂ ਕੋਲ ਵਿਦੇਸ਼ਾਂ ਵਿੱਚ ਚੋਰੀ ਦੇ ਇਲਜ਼ਾਮਾਂ ਵਿੱਚ ਸਜ਼ਾ ਕੱਟਣ ਵਾਲਿਆਂ ਦੇ ਸਭ ਤੋਂ ਵੱਧ ਕੇਸ ਆਉਂਦੇ ਹਨ, ਕੁਝ ਮਹੀਨੇ ਪਹਿਲਾਂ ਹੀ ਉਹਨਾਂ ਵੱਲੋਂ ਇੱਕ ਹੋਰ ਭਾਰਤੀ ਦੀ ਵੀ ਏਸੇ ਤਰ੍ਹਾਂ ਦੀ ਸੁਰੱਖਿਅਤ ਵਾਪਸੀ ਕਰਵਾਈ ਗਈ ਸੀ।

# ਤੰਬਾਕੂ ਫਰੀ ਯੂਥ ਕੰਪੇਨ ਤਹਿਤ ਕੀਤਾ ਜਾਗਰੂਕ



**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਗੁਰਿੰਦਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਪੰਜਾਬ ਸਰਕਾਰ ਦੀ 60 ਦਿਨਾਂ ਤੰਬਾਕੂ ਫ੍ਰੀ ਯੂਥ ਕੰਪੇਨ ਤਹਿਤ ਮਾਈਗ੍ਰੇਟਰੀ ਆਬਾਦੀ ਗੁਲਪੁਰ ਵਿਖੇ ਤੰਬਾਕੂ ਦੇ ਸੇਵਨ ਕਰਨ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਬਚਾਅ ਸਬੰਧੀ ਜਾਣਕਾਰੀ ਦਿੱਤੀ। ਹੈਲਥ ਇੰਸਪੈਕਟਰ ਗੁਰਿੰਦਰ ਸਿੰਘ ਨੇ ਜਾਣਕਾਰੀ ਦਿੰਦੀਆਂ ਦੱਸਿਆ ਕਿ ਤੰਬਾਕੂ ਦਾ ਸੇਵਨ ਕਰਨ ਨਾਲ ਮਨੁੱਖੀ ਸਰੀਰ ਵਿੱਚ ਅਨੇਕਾਂ ਤਰ੍ਹਾਂ ਦੇ ਰੋਗ ਲੱਗ ਜਾਂਦੇ ਹ ਅਤੇ ਇਹ ਮਨੁੱਖ ਦੀ ਸਿਹਤ ਤੇ ਬਹੁਤ ਮਾੜਾ ਪ੍ਰਭਾਵ ਪਾਉਂਦੇ ਹਨ, ਕਈ ਵਾਰ ਤਾਂ ਇਸ ਦੇ ਸੇਵਨ ਕਰਨ ਨਾਲ ਜਾਨ ਵੀ ਗਵਾਉਣੀ ਪੈ ਜਾਂਦੀ ਹੈ। ਤੰਬਾਕੂ ਦੇ ਖਾਣ ਨਾਲ ਮੂੰਹ ਦਾ ਕੈਂਸਰ ਦਿਲ ਦੀਆਂ ਬਿਮਾਰੀਆਂ ਔਰਤਾਂ 'ਚ ਬੱਚੇ ਮੁਰਦਾ ਪੈਦਾ ਹੋਣੇ, ਹੁਣ ਮਰਦਾਂ ਵਿੱਚ ਬੱਚੇ ਪੈਦਾ ਕਰਨ ਦੀ ਸ਼ਕਤੀ ਦਾ ਘਟਣਾ ਹੋ ਸਕਦੇ ਹਨ, ਜਰਦਾ ਗੁਟਕਾ ਖੈਣੀ ਅਤੇ ਪਾਨ ਮਸਾਲਾ ਮਨੁੱਖੀ ਸਰੀਰ ਤੇ ਬਹੁਤ ਬੁਰਾ ਅਸਰ ਪਾਉਂਦੇ ਹਨ। ਇਸ ਲਈ ਸਾਨੂੰ ਇਹਨਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਇਸ ਮੌਕੇ ਤੇ ਓਂਕਾਰ ਸਿੰਘ ਮਲਟੀ ਹੈਲਥ ਵਰਕਰ ਹਾਜ਼ਰ ਸਨ।

# ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾਂ ਵਿਖੇ ਦਸਵੀਂ ਦਾ ਦਿਹਾੜਾ 1 ਨੂੰ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਸ਼ੁਭ ਦਿਹਾੜਾ 1ਨਵੰਬਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ ਜੀ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦਸਿਆ ਕਿ ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ। ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ , ਇੰਟਰਨੈਸ਼ਨਲ ਪੰਥਕ ਢਾਡੀ ਜੱਥੇ ਅਤੇ ਉਚ ਕੋਟੀ ਦੇ ਪੰਥ ਪਸਿੱਧ ਪ੍ਰਚਾਰਕ ਸੰਗਤਾਂ ਨੂੰ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਣਗੇ। ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਜਾਵੇਗਾ।

# ਹਰਦੋਖਾਨਪੁਰ ਤੇ ਲੁਹਾਰ ਕੰਗਣਾ ਵਿਖੇ ਡੇਂਗੂ ਸਰਵੇ ਕੀਤਾ



**ਹੁਸ਼ਿਆਰਪੁਰ (ਬਲਵੀਰ ਸੈਣੀ)** ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵੀਰ ਕੁਮਾਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਡਾ. ਜਗਦੀਪ ਸਿੰਘ ਐਪੀਡੀਮਾਲੋਜਿਸਟ ਅਤੇ ਐੱਸ ਐਮ ਓ. ਚੱਕੋਵਾਲ ਡਾ. ਮਨਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਵਲੋਂ ਪਿੰਡ ਹਰਦੋਖਾਨਪੁਰ ਅਤੇ ਲੁਹਾਰ ਕੰਗਣਾ ਵਿਖੇ ਡੇਂਗੂ ਦੇ ਲਾਰਵੇ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਸੁਪਰਵਾਈਜ਼ਰ ਗੁਰਦੇਵ ਸਿੰਘ ਅਤੇ ਬ੍ਰੀਡਿੰਗ ਚੈਕਰ ਦੀ ਟੀਮ ਵਲੋਂ ਘਰ-ਘਰ ਜਾ ਕੇ ਡੇਂਗੂ ਦਾ ਸਰਵੇ ਕੀਤਾ ਗਿਆ। ਕੀਤੇ ਗਏ ਸਰਵੇ ਦੌਰਾਨ 12 ਕੰਨਟੇਨਰਾਂ ਵਿੱਚ ਡੇਂਗੂ ਦਾ ਲਾਰਵਾ ਪਾਇਆ ਗਿਆ ਜਿਸ ਨੂੰ ਟੀਮ ਵਲੋਂ ਮੌਕੇ ਤੇ ਹੀ ਨਸ਼ਟ ਕੀਤਾ ਗਿਆ ਅਤੇ ਪਿੰਡ ਵਾਸੀਆਂ ਸਾਫ-ਸਫਾਈ ਰੱਖਣ ਦੇ ਨਿਰਦੇਸ਼ ਦਿੱਤੇ। ਸੁਪਰਵਾਈਜ਼ਰ ਵਲੋਂ ਆਸ-ਪਾਸ ਦੀ ਸਫਾਈ ਰੱਖਣ ਦੇ ਨਾਲ-ਨਾਲ ਕਿਹਾ ਕਿ ਕਿਸੇ ਵੀ ਸਥਾਨ ਤੇ ਪਾਣੀ ਨੂੰ ਇਕੱਠਾ ਨਹੀਂ ਹੋਣ ਦੇਣਾ ਚਾਹੀਦਾ ਕਿਉਂਕਿ ਇਹ ਮੱਛਰ ਸਾਫ ਪਾਣੀ ਤੇ ਪੈਦਾ ਹੁੰਦਾ ਹੈ। ਉਹਨਾਂ ਪੌਸ਼ਟਿਕ ਆਹਾਰ ਸਬੰਧੀ ਵੀ ਪ੍ਰੇਰਿਤ ਕੀਤਾ। ਬ੍ਰੀਡਿੰਗ ਚੈਕਰਾਂ ਵੱਲੋਂ ਬੀ ਟੀ ਆਈ ਅਤੇ ਸੈਈਪਰੋਕਿਨ ਦੀ ਘਰਾਂ ਵਿੱਚ ਸਪਰੇ ਵੀ ਕੀਤੀ ਗਈ।ਇਸ ਮੌਕੇ ਹੈਲਥ ਵਰਕਰ ਕੁਲਵੰਤ ਸਿੰਘ, ਸੁਖਵਿੰਦਰ ਪਾਲ, ਆਸ਼ਾ ਵਰਕਰ ਨਛੱਤਰ ਕੌਰ, ਸੁਮਨ, ਨਰਿੰਦਰ ਕੌਰ, ਹਰਵਿੰਦਰ ਕੌਰ ਵੀ ਹਾਜ਼ਰ ਸਨ।

## ਨਰਸਿੰਗ ਕਾਲਜ ਸੋਢੇਵਾਲਾ ਦਾ ਨਤੀਜਾ ਰਿਹਾ ਸ਼ਾਨਦਾਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਸੋਢੇਵਾਲਾ ਫਿਰੋਜ਼ਪੁਰ ਵਿਖੇ ਬੀਐੱਸਸੀ ਨਰਸਿੰਗ (2022-26) ਦੇ 5ਵੇਂ ਸਮੈਸਟਰ ਦੇ ਵਿਦਿਆਰਥੀਆਂ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ ਹੈ। ਕਾਲਜ ਪ੍ਰਬੰਧਨ ਨੇ ਦੱਸਿਆ ਕਿ ਇਸ ਨਤੀਜੇ ਵਿੱਚ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ। ਸਾਕਸ਼ੀ ਸਿੰਘ ਸਪੁੱਤਰੀ ਬਰਜਿੰਦਰਾ ਸਿੰਘ ਤੇ ਰਮਨਪ੍ਰੀਤ ਕੌਰ ਸਪੁੱਤਰੀ ਸੁਖਵਿੰਦਰ ਸਿੰਘ ਨੇ ਪਹਿਲੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਇਸੇ ਤਰ੍ਹਾਂ ਮਹਿਕ ਸਪੁੱਤਰੀ ਅਸ਼ਵਨੀ ਕੁਮਾਰ ਤੇ ਤਮੰਨਾ ਸਪੁੱਤਰੀ ਸੰਜੀਵ ਕੁਮਾਰ ਨੇ ਦੂਜਾ ਦਰਜਾ ਪ੍ਰਾਪਤ ਕੀਤਾ, ਜਦਕਿ ਕੋਮਲਪ੍ਰੀਤ ਕੌਰ ਸਪੁੱਤਰੀ ਜਸਵਿੰਦਰ ਸਿੰਘ ਨੇ ਤੀਜੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ। ਧਰਮਪਾਲ ਬਾਂਸਲ ਸੰਸਥਾਪਕ ਹਾਰਮਨੀ ਵਨਿਅਮ, ਹਾਰਮਨੀ ਆਯੂਰਵੈਦਿਕ ਮੈਡੀਕਲ ਕਾਲਜ ਤੇ ਹਸਪਤਾਲ, ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਤੇ ਭਗਤੀ ਭਜਨ ਗਰੁੱਪ ਨੇ ਸਮੂਹ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਸਫ਼ਲਤਾ ਲਈ ਵਧਾਈ ਦਿੱਤੀ। ਕਾਲਜ ਪ੍ਰਿੰਸੀਪਲ ਡਾ. ਮਨਜੀਤ ਕੌਰ ਸਲਵਾਨ ਨੇ ਵੀ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਇਸ ਸਫ਼ਲਤਾ ਨੂੰ ਸਟਾਫ਼ ਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦਾ ਨਤੀਜਾ ਦੱਸਿਆ। ਇਸ ਮੌਕੇ ਸਮੂਹ ਕਾਲਜ ਸਟਾਫ਼ ਮੈਂਬਰਾਨ ਡਾ. ਸੰਜੀਵ ਮਾਨਕਟਾਲਾ, ਸ਼ਰਨਜੀਤ ਕੌਰ, ਸੁਖਵਿੰਦਰ ਕੌਰ, ਗੁਰਦੀਪ ਕੌਰ, ਜਗਦੇਵ ਸਿੰਘ, ਅਮਨਦੀਪ ਕੌਰ, ਸੰਗੀਤਾ ਹਾਡਾਂ, ਗੁਰਮੀਤ ਕੌਰ, ਖੁਸ਼ਪਾਲ ਕੌਰ ਸੰਜੀਵੀਨੀ, ਪ੍ਰਿਯਕਾ, ਗੁਰਪ੍ਰੀਤ ਕੌਰ, ਸੁਖਮਨਦੀਪ ਕੌਰ, ਗੀਤਾਂਜਲੀ, ਅਰਸ਼ਦੀਪ ਕੌਰ, ਅਮਨਦੀਪ ਕੌਰ, ਕੋਮਲਜੀਤ ਕੌਰ, ਅਮਨਦੀਪ ਕੌਰ, ਬਲਵਿੰਦਰ ਕੌਰ, ਕੋਮਲਪ੍ਰੀਤ ਕੌਰ, ਸੁਖਵੀਰ ਕੌਰ, ਅਮਨਦੀਪ ਕੌਰ, ਮਨਪ੍ਰੀਤ ਕੌਰ, ਪੂਜਾ, ਪੂਨਮ, ਆਂਚਲ ਆਦਿ ਹਾਜ਼ਰ ਸਨ।

## ਨਾਰਥ ਜ਼ੋਨ ਸਾਇੰਸ ਮੇਲੇ 'ਚ ਤਾਰਾ ਚੰਦ ਸਕੂਲ ਦੀ ਕਾਵਿਆ ਰਹੀ ਅੱਵਲ



**ਭੀਖੀ (ਗੁਰਿੰਦਰ ਸਿੰਘ ਔਲਖ)**-ਸਥਾਨਕ ਸ੍ਰੀ ਤਾਰਾ ਚੰਦ ਵਿਦਿਆ ਮੰਦਰ ਸੀ. ਸੈ. ਸਕੂਲ ਦੀ ਕਲਾਸ 8ਵੀਂ ਦੀ ਵਿਦਿਆਰਥਣ ਕਾਵਿਆ ਸ਼ਰਮਾ ਨੇ ਵਿੱਦਿਆ ਭਾਰਤੀ ਦੁਆਰਾ ਚੰਡੀਗੜ੍ਹ 'ਚ ਆਯੋਜਤ ਨਾਰਥ ਜ਼ੋਨ ਸਾਇੰਸ ਫੇਅਰ ਵਿੱਚ ਸਾਇੰਸ ਪ੍ਰਯੋਗ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਬੱਚੀ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਇਹ ਪ੍ਰਤੀਯੋਗਤਾ ਵਿਭਾਗੀ ਪੱਧਰ ਤੋਂ ਸ਼ੁਰੂ ਹੋ ਕੇ ਅਖਿਲ ਭਾਰਤੀ ਪੱਧਰ ਤੱਕ ਕੀਤੀ ਜਾਂਦੀ ਹੈ।ਨਾਰਥ ਜ਼ੋਨ 'ਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਕਾਵਿਆ ਸ਼ਰਮਾ ਹੁਣ ਅਖਿਲ ਭਾਰਤੀ ਸਾਇੰਸ ਫੇਅਰ, ਜੋ ਕਿ ਮੇਰਠ ਵਿੱਚ ਹੋਣ ਜਾ ਰਿਹਾ ਹੈ, ਵਿੱਚ ਹਿੱਸਾ ਲਵੇਗੀ।ਸਕੂਲ ਪ੍ਰਬੰਧਕ ਸਮਿਤੀ ਦੇ ਪ੍ਰਧਾਨ ਬ੍ਰਿਜ ਲਾਲ, ਮੈਨੇਜਰ ਸਤੀਸ਼ ਕੁਮਾਰ ਤੇ ਸਮੂਹ ਪ੍ਰਬੰਧ ਸਮਿਤੀ ਨੇ ਜੇਤੂ ਵਿਦਿਆਰਥਣ, ਉਸ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਦਿਲੋਂ ਵਧਾਈ ਦਿੱਤੀ।

## ਰਾਜਪਾਲ ਕਟਾਰੀਆ ਨੇ ਪਰਮਿੰਦਰ ਕੌਰ ਮਨਚੰਦਾ ਨੂੰ ਕੀਤਾ ਸਨਮਾਨਤ



**ਪਟਿਆਲਾ (ਰਾਜਿੰਦਰ ਥਿੰਦ)**-ਪਰਮਿੰਦਰ ਕੌਰ ਮਨਚੰਦਾ, ਜੋ ਪਿਛਲੇ 31 ਸਾਲਾਂ ਤੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਤੇ ਰੈੱਡ ਕਰਾਸ ਨਸ਼ਾ ਪੀੜਤਾਂ ਲਈ ਮੁੜ ਵਸੇਬਾ ਕੇਂਦਰ, ਪੰਜਾਬ ਸਾਕੇਤ ਹਸਪਤਾਲ ਪਟਿਆਲਾ ਵਿੱਚ ਆਪਣਾ ਅਹਿਮ ਯੋਗਦਾਨ ਪਾ ਰਹੇ ਹਨ, ਨੂੰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਦੂਸਰੀ ਵਾਰ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ ਹੈ।ਬੀਤੀ 15 ਅਕਤੂਬਰ 2025 ਨੂੰ ਪੰਜਾਬ ਰਾਜ ਭਵਨ ਵਿਖੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਇਨ੍ਹਾਂ ਦੀ ਉਦਮਤਾ ਤੇ ਸਹਿਣਸ਼ੀਲਤਾ ਨਾਲ ਕਾਰਜਾਂ ਨੂੰ ਨਿਭਾਉਣ ਦੀ ਕੁਸ਼ਲਤਾ ਨੂੰ ਮੁੱਖ ਰੱਖਦੇ ਹੋਏ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਤ ਕਰਦੇ ਹੋਏ ਉਨ੍ਹਾਂ ਦੀ ਸਰਹਾਨਾ ਵੀ ਕੀਤੀ।ਇਸ ਮੌਕੇ ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਵੱਲੋਂ ਵੀ ਪਰਮਿੰਦ ਕੌਰ ਨੂੰ ਵਧਾਈ ਦਿੱਤੀ ਗਈ।

## ਹਰੀ ਨੌਂ ਵਿਖੇ ਖੇਡ ਮੈਦਾਨ ਦੇ ਨਿਰਮਾਣ ਦੀ ਕਰਾਈ ਸ਼ੁਰੂਆਤ



**ਕੋਟਕਪੂਰਾ (ਰਛਪਾਲ ਭੁੱਲਰ)**-ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਸਰਕਾਰ ਦੀ ਮੁਹਿੰਮ ਹਰ ਪਿੰਡ ਖੇਡ ਮੈਦਾਨ ਤਹਿਤ ਹਲਕੇ ਦੇ ਪਿੰਡ ਹਰੀ ਨੌਂ ਵਿਖੇ 36 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਖੇਡ ਮੈਦਾਨ ਦਾ ਨੀਂਹ ਪੱਥਰ ਰੱਖਿਆ।ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡ ਪੱਧਰ 'ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਆਧੁਨਿਕ ਸੁਵਿਧਾਵਾਂ ਵਾਲੇ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਇਹ ਖੇਡ ਮੈਦਾਨ ਅਗਲੇ ਦੋ ਮਹੀਨਿਆਂ ਵਿੱਚ ਪੂਰਾ ਬਣ ਕੇ ਤਿਆਰ ਹੋ ਜਾਵੇਗਾ, ਜਿਸ ਨਾਲ ਪਿੰਡ ਤੇ ਆਸ-ਪਾਸ ਦੇ ਨੌਜਵਾਨਾਂ ਨੂੰ ਬਾਸਕਿਟ ਬਾਲ, ਵਾਲੀਬਾਲ ਤੇ ਐਥਲੈਟਿਕਸ ਆਦਿ ਖੇਡਾਂ ਦੀਆਂ ਪ੍ਰੈਕਟਿਸ ਲਈ ਵਧੀਆ ਸਹੂਲਤ ਮਿਲੇਗੀ।ਸਪੀਕਰ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਤੇ ਖੇਡਾਂ ਰਾਹੀਂ ਸਿਹਤਮੰਦ ਜੀਵਨਸ਼ੈਲੀ ਵੱਲ ਪ੍ਰੇਰਿਤ ਕਰਨਾ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹੈ।ਉਨ੍ਹਾਂ ਕਿਹਾ ਕਿ ਖੇਡ ਮੈਦਾਨਾਂ ਦੇ ਨਾਲ-ਨਾਲ ਪਿੰਡਾਂ ਵਿੱਚ ਖੇਡ ਸਮੱਗਰੀ, ਜਿੰਮ ਤੇ ਹੋਰ ਬੁਨਿਆਦੀ ਢਾਂਚੇ ਨੂੰ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ।ਉਨ੍ਹਾਂ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਪਿੰਡ ਵਿੱਚ ਬੁਨਿਆਦੀ ਵਿਕਾਸ ਲਈ 16 ਲੱਖ ਰੁਪਏ ਤੇ 9.50 ਲੱਖ ਰੁਪਏ ਦੀ ਗ੍ਰਾਂਟ ਪਿੰਡ ਦੀ ਫਿਰਨੀ ਲਈ ਵੀ ਦਿੱਤੇ ਗਏ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਮਕਸਦ ਹੀ ਪਿੰਡਾਂ ਦਾ ਸ਼ਹਿਰਾਂ ਵਾਂਗ ਵਿਕਾਸ ਕਰਨਾ ਹੈ।

## ਮੇਰਾ ਪਰਵਾਰ ਵੈੱਲਫੇਅਰ ਸੁਸਾਇਟੀ ਵੱਲੋਂ ਖ਼ੂਨਦਾਨ ਕੈਂਪ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਕਮਿਊਨਟੀ ਹੈਲਥ ਸੈਂਟਰ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾ ਕਰਨਵੀਰ ਕੌਰ ਦੀ ਰਹਿਨੁਮਾਈ ਵਿੱਚ ਮੇਰਾ ਪਰਵਾਰ ਵੈਲਫੇਅਰ ਸੁਸਾਇਟੀ ਵੱਲੋਂ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਐਸ.ਐੱਚ.ਓ ਗੁਰਜੰਟ ਸਿੰਘ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ।ਖ਼ੂਨ ਇਕੱਤਰ ਕਰਨ ਲਈ ਮੈਡੀਕਲ ਕਾਲਜ ਦੀ ਟੀਮ ਪਹੁੰਚੀ।ਕੈਂਪ 'ਚ ਪਹੁੰਚੇ ਖ਼ੂਨਦਾਨੀਆਂ 'ਚ ਭਾਰੀ ਉਤਸ਼ਾਹ ਸੀ।ਕੈਂਪ ਦੌਰਾਨ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਕਰਨਵੀਰ ਨੇ ਕਿਹਾ ਕਿ ਖ਼ੂਨਦਾਨ ਇੱਕ ਮਹਾਨਦਾਨ ਹੈ ਸਾਨੂੰ ਵੱਧ ਚੜ੍ਹ ਕੇ ਖ਼ੂਨਦਾਨ ਕਰਨਾ ਚਾਹੀਦਾ।ਉਨ੍ਹਾਂ ਮੇਰਾ ਪਰਿਵਾਰ ਵੈਲਫੇਅਰ ਸੁਸਾਇਟੀ ਦੀ ਸਿਫਤ ਕਰਦਿਆਂ ਕਿਹਾ ਕਿ ਇਸ ਸੁਸਾਇਟੀ ਨੂੰ ਵਧੀਆ ਸੇਵਾਵਾਂ ਕਰਕੇ ਸਟੇਟ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ।ਸੁਸਾਇਟੀ ਹਲਕਾ ਗੁਰੂ ਹਰਸਹਾਏ 'ਚ ਲਗਾਤਾਰ ਖ਼ੂਨਦਾਨ ਕੈਂਪ ਲਾ ਕੇ ਲੋਕ ਹਿੱਤ ਦੇ ਕੰਮ ਕਰ ਰਹੀ ਹੈ।ਮੁੱਖ ਮਹਿਮਾਨ ਐਸ ਐਚ ਓ ਗੁਰਜੰਟ ਸਿੰਘ ਨੇ ਟੀਮ ਮੇਰਾ ਪਰਵਾਰ ਵੈਲਫੇਅਰ ਸੁਸਾਇਟੀ ਦੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਾਨਵਤਾ ਦੀ ਭਲਾਈ ਲਈ ਇਹ ਬਹੁਤ ਵਧੀਆ ਉਪਰਾਲਾ ਕਰ ਰਹੇ ਹਨ, ਜੋ ਸਾਡੀ ਨੌਜਵਾਨੀ ਨੂੰ ਮਾੜੇ ਕੰਮਾਂ ਤੋਂ ਬਚਾਅ ਕੇ ਸਮਾਜ ਭਲਾਈ ਵੱਲ ਉਤਸ਼ਾਹਤ ਕਰ ਰਹੇ ਹਨ। ਸੁਸਾਇਟੀ ਦੇ ਪ੍ਰਧਾਨ ਸੰਦੀਪ ਕੰਬੋਜ ਨੇ ਕਿਹਾ ਸਾਡਾ ਮੁੱਖ ਮਕਸਦ ਸਾਡੀ ਨੌਜਵਾਨੀ ਨੂੰ ਸਹੀ ਦਿਸ਼ਾ ਦੇਣਾ ਹੈ ਕਿਉਂਕਿ ਸਾਡਾ ਯੂਥ ਸਾਡੇ ਦੇਸ਼ ਦਾ ਭਵਿੱਖ ਹਨ।

## ਪਾਵਰਕਾਮ ਪੈਨਸ਼ਨਰਾਂ ਵੱਲੋਂ ਸਾਂਝੀ ਕਮੇਟੀ ਨੂੰ ਹੜ੍ਹ ਪੀੜਤਾਂ ਲਈ ਸਹਾਇਤਾ ਭੇਟ



**ਸਮਰਾਲਾ (ਸੁਰਜੀਤ ਸਿੰਘ)**-ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਸਰਕਲ ਪੱਧਰ ਦਾ ਸਮਾਗਮ ਪਾਵਰਕਾਮ ਦੇ ਸ਼ਿਕਾਇਤ ਘਰ ਵਿਖੇ ਸਰਕਲ ਪ੍ਰਧਾਨ ਸਕਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਕੀਤਾ ਗਿਆ, ਜਿਸ ਵਿੱਚ ਪੰਜਾਬ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਦੀ ਸਾਂਝੀ ਕਮੇਟੀ ਦੇ ਆਗੂ ਸੁਖਦੇਵ ਸਿੰਘ ਕੋਕਰੀ ਸੂਬਾ ਜਨਰਲ ਸਕੱਤਰ ਬੀ.ਕੇ.ਯੂ. (ਉਗਰਾਹਾਂ), ਲਛਮਣ ਸਿੰਘ ਸੇਵੇਵਾਲ ਸੂਬਾ ਜਨਰਲ ਸਕੱਤਰ ਖੇਤ ਮਜ਼ਦੂਰ ਯੂਨੀਅਨ ਪੰਜਾਬ, ਹਰਜਿੰਦਰ ਸਿੰਘ ਸੂਬਾ ਪ੍ਰਧਾਨ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਪੰਜਾਬ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਵੱਖ-ਵੱਖ ਜਥੇਬੰਦੀਆਂ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਇਕੱਤਰ ਕੀਤੀ ਰਾਸ਼ੀ ਸੂਬਾ ਆਗੂਆਂ ਨੂੰ ਭੇਟ ਕੀਤੀ, ਜਿਸ ਵਿੱਚ ਸਮਰਾਲਾ ਡਵੀਜ਼ਨ ਵੱਲੋਂ 1,56,900 ਰੁਪਏ, ਮੋਰਿੰਡਾ (ਖਰੜ) ਡਵੀਜ਼ਨ ਵੱਲੋਂ 1,07,500 ਰੁਪਏ, ਸ੍ਰੀ ਅਨੰਦਪੁਰ ਸਾਹਿਬ ਡਵੀਜ਼ਨ ਵੱਲੋਂ 89,500 ਰੁਪਏ , ਰੋਪੜ ਡਵੀਜ਼ਨ ਵੱਲੋਂ 51,100 ਰੁਪਏ ਦੀ ਰਾਸ਼ੀ ਦਿੱਤੀ ਗਈ।ਇਸ ਤੋਂ ਇਲਾਵਾ ਬੀ.ਕੇ.ਯੂ. (ਉਗਰਾਹਾਂ) ਬਲਾਕ ਮਲੌਦ ਵੱਲੋਂ 6,38,000 ਰੁਪਏ ਤੇ ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਲੁਧਿਆਣਾ ਤੇ ਮਜ਼ਦੂਰ ਯੂਨੀਅਨ ਇਲਾਕਾ ਖੰਨਾ ਵੱਲੋਂ 1,08,200 ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ।ਸਮਾਗਮ ਨੂੰ ਸੰਬੋਧਨ ਕਰਦੇ ਆਗੂਆਂ ਸੁਖਦੇਵ ਸਿੰਘ ਕੋਕਰੀ, ਹਰਜਿੰਦਰ ਸਿੰਘ ਲੁਧਿਆਣਾ, ਲਛਮਣ ਸਿੰਘ ਸੇਵੇਵਾਲ, ਸਕਿੰਦਰ ਸਿੰਘ ਸਰਕਲ ਪ੍ਰਧਾਨ ਰੋਪੜ ਨੇ ਕਿਹਾ ਕਿ ਸਰਕਾਰਾਂ ਦੀ ਬਦਇੰਤਜਾਮੀਆਂ ਕਾਰਨ ਆਏ ਹੜ੍ਹਾਂ ਕਾਰਨ ਪੰਜਾਬ ਦੇ ਲੋਕਾਂ ਦੇ ਹੋਏ ਫਸਲਾਂ ਦੇ ਨੁਕਸਾਨ ਲਈ ਸਰਕਾਰਾਂ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਸਮੇਂ ਸਿਰ ਰੋਕਥਾਮ ਲਈ ਉਚੇਚੇ ਕਦਮ ਨਹੀਂ ਪੁੱਟੇ।ਸਰਕਾਰੀ ਆਫਤਾਂ ਫੰਡਾਂ ਦੀ ਵਰਤੋਂ ਵੀ ਲੋਕਾਂ ਦੇ ਸਮੁੱਚੇ ਨੁਕਸਾਨ ਦੀ ਪੂਰਤੀ ਨਹੀਂ ਕੀਤੀ ਜਾ ਰਹੀ।

# ਪੀ ਏ ਯੂ ਇੰਪਲਾਈਜ਼ ਯੂਨੀਅਨ ਵੱਲੋਂ ਡਾ. ਜੇ ਪੀ ਸਿੰਘ ਖਿਲਾਫ ਰੋਸ ਵਿਖਾਵਾ



**ਲੁਧਿਆਣਾ (ਰੈਕਟਰ ਕਥੂਰੀਆ/ ਜਸਦੀਪ ਵਰਤੀਆ)**

ਪੀ.ਏ.ਯੂ. ਇੰਪਲਾਈਜ਼ ਯੂਨੀਅਨ ਦੀ ਐਗਜ਼ੈਕਟਿਵ ਕੌਂਸਲ ਵੱਲੋਂ ਪ੍ਰਧਾਨ ਬਲਦੇਵ ਸਿੰਘ ਵਾਲੀਆ ਤੇ ਜਨਰਲ ਸਕੱਤਰ ਮਨਮੋਹਨ ਸਿੰਘ ਦੀ ਅਗਵਾਈ ਵਿੱਚ ਡਾ: ਜੇ. ਪੀ. ਸਿੰਘ ਮੁਖੀ ਸੋਇਲ ਵਾਟਰ ਇੰਜੀਨੀਅਰਿੰਗ ਵਿਭਾਗ ਦੇ ਦਫਤਰ ਵਿੱਚ ਪ੍ਰਦਰਸ਼ਨ ਕੀਤਾ ਗਿਆ।ਪੀ.ਏ.ਯੂ. ਇੰਪਲਾਈਜ਼ ਯੂਨੀਅਨ ਦੇ ਪ੍ਰਧਾਨ ਬਲਦੇਵ ਸਿੰਘ ਵਾਲੀਆ ਨੇ ਦੱਸਿਆ ਕਿ ਡਾ: ਜੇ. ਪੀ. ਸਿੰਘ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਮੁਲਾਜ਼ਮਾਂ ਨੂੰ ਨਾਜਾਇਜ਼ ਤੰਗ ਕੀਤਾ ਜਾ ਰਿਹਾ ਹੈ।ਮੁਲਾਜ਼ਮਾਂ ਨੂੰ ਧੱਕੇ ਨਾਲ ਉਨ੍ਹਾਂ ਦੀ ਜੌਬ-ਪ੍ਰੋਫਾਈਲ ਦੇ ਉਲਟ ਚਾਰਜ ਲੈਣ ਲਈ ਮਜਬੂਰ ਕੀਤਾ ਜਾਂਦਾ ਹੈ ਤੇ ਜਿਨ੍ਹਾਂ ਮੁਲਾਜ਼ਮਾਂ ਕੋਲ ਇੱਕ ਤੋਂ ਵੱਧ ਲੈਬਾਂ ਦਾ ਚਾਰਜ ਦਿੱਤਾ ਹੋਇਆ ਹੈ, ਉਨ੍ਹਾਂ ਮੁਲਾਜ਼ਮਾਂ ਨੂੰ ਹੋਰ ਡਿਊਟੀਆਂ ਦਿੱਤੀਆਂ ਜਾ ਰਹੀਆਂ ਹਨ।ਪ੍ਰਧਾਨ ਵਾਲੀਆ ਨੇ ਦੱਸਿਆ ਕਿ ਸਾਡੇ ਇੱਕ ਮੁਲਾਜ਼ਮ ਦੀ ਸਾਲਾਨਾ ਗੁਪਤ ਰਿਪੋਰਟ ਉਸ ਦੇ ਇੰਚਾਰਜ ਵੱਲੋਂ ਲਿਖੀ ਗਈ ਜੋ ਕਿ ਮੁਖੀ ਵੱਲੋਂ ਨਾ-ਤਸੱਲੀਬਖਸ਼ ਕਰ ਦਿੱਤੀ ਗਈ।ਇਸ ਤੋਂ ਇਲਾਵਾ ਅਧਿਕਾਰੀਆਂ ਨਾਲ ਮਿਲ ਕੇ ਸਾਡੇ ਇੱਕ ਮੁਲਾਜ਼ਮ ਨੂੰ ਗਲਤ ਚਾਰਜਸ਼ੀਟ ਜਾਰੀ ਕੀਤੀ ਗਈ, ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ।ਐਗਜ਼ੈਕਟਿਵ ਕੌਂਸਲ ਵੱਲੋਂ ਇਸ ਸਬੰਧੀ ਡਾ: ਜੇ. ਪੀ. ਸਿੰਘ ਨਾਲ ਕਈ ਵਾਰ ਮੁਲਾਕਾਤ ਕਰਕੇ ਇਨ੍ਹਾਂ ਮੁਸ਼ਕਲਾਂ ਬਾਰੇ ਗੱਲਬਾਤ ਕੀਤੀ, ਪ੍ਰੰਤੂ ਉਸ ਉੱਪਰ ਕੋਈ ਅਸਰ ਨਹ3 ਹੋਇਆ।ਇਸ ਸਬੰਧੀ ਉਚੇਰੇ ਅਧਿਕਾਰੀਆਂ ਨੂੰ ਵੀ ਜਾਣੂ ਕਰਾਇਆ ਗਿਆ ਤੇ ਲਿਖਤੀ ਰੂਪ ਵਿੱਚ ਦਿੱਤਾ ਗਿਆ, ਪ੍ਰੰਤੂ ਕਿਸੇ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਐਗਜ਼ੈਕਟਿਵ ਕੌਂਸਲ ਵੱਲੋਂ ਮਜਬੂਰ ਹੋ ਕੇ ਇਹ ਰਾਹ ਅਖਤਿਆਰ ਕਰਨਾ ਪਿਆ।

ਇਸ ਉਪਰੰਤ ਐਗਜ਼ੈਕਟਿਵ ਕੌਂਸਲ ਵੱਲੋਂ ਡਾ: ਜੇ. ਪੀ. ਸਿੰਘ ਨੂੰ ਦੋ ਦਿਨ ਦਾ ਟਾਇਮ ਦਿੱਤਾ ਗਿਆ ਕਿ ਉਸ ਵੱਲੋਂ ਜੋ ਗਲਤ ਆਰਡਰ ਕੀਤੇ ਗਏ ਹਨ, ਉਹ ਵਾਪਸ ਲਏ ਜਾਣ ਤੇ ਪੀ.ਏ.ਯੂ. ਅਥਾਰਟੀ ਨੂੰ ਵੀ ਬੇਨਤੀ ਕੀਤੀ ਕਿ ਜੋ ਇਸ ਵੱਲੋਂ ਸਾਡੇ ਮੁਲਾਜ਼ਮ ਨੂੰ ਗਲਤ ਚਾਰਜਸ਼ੀਟ ਜਾਰੀ ਕੀਤੀ ਗਈ ਹੈ, ਉਹ ਵਾਪਸ ਲਈ ਜਾਵੇ ਅਤੇ ਜੋ ਗੁਪਤ ਰਿਪੋਰਟਾਂ ਗਲਤ ਤਰੀਕੇ ਨਾਲ ਖਰਾਬ ਕੀਤੀਆਂ ਗਈਆਂ ਹਨ, ਉਹ ਠੀਕ ਕੀਤੀਆਂ ਜਾਣ, ਨਹੀ ਤਾਂ ਇਸ ਦੇ ਖਿਲਫ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

## ਨਾਨੀ-ਦੋਹਤੀ ਦੀ ਸੜਕ ਹਾਦਸੇ 'ਚ ਮੌਤ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਬਠਿੰਡਾ-ਬਰਨਾਲਾ ਨੈਸ਼ਨਲ ਹਾਈਵੇ ਮਾਰਗ 'ਤੇ ਸਥਿਤ ਪਿੰਡ ਲਹਿਰਾ ਸੌਂਧਾ, ਸਕਾਈ ਹਾਟ ਦੇ ਨਜ਼ਦੀਕ ਰੋਡ 'ਤੇ ਨਾਨੀ-ਦੋਹਤੀ ਦੀ ਸੜਕ ਹਾਦਸੇ ਵਿੱਚ ਮੌਤ ਹੋਣ ਦਾ ਸਮਾਚਾਰ ਹੈ।ਮਿਲੀ ਜਾਣਕਾਰੀ ਅਨੁਸਾਰ ਸਹਾਰਾ ਸਮਾਜ ਸੇਵਾ ਦੇ ਪ੍ਰਧਾਨ ਸੰਦੀਪ ਵਰਮਾ ਨੇ ਦੱਸਿਆ ਸਾਨੂੰ ਇਤਲਾਹ ਮਿਲੀ ਕਿ ਰੋਡ 'ਤੇ ਇੱਕ ਨੌਜਵਾਨ ਲੜਕੀ ਤੇ ਬਜ਼ੁਰਗ ਮਾਤਾ ਦਾ ਐਕਸੀਡੈਂਟ ਹੋਇਆ ਹੈ ਤਾਂ ਘਟਨਾ ਸਥਾਨ 'ਤੇ ਸਹਾਰਾ ਦੀ ਟੀਮ ਐਂਬੂਲੈਂਸ ਲੈ ਕੇ ਪਹੁੰਚੀ ਤਾਂ ਤੁਰੰਤ ਉਨ੍ਹਾਂ ਨੂੰ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਵਿਖੇ ਲਿਆਂਦਾ ਗਿਆ, ਜਿੱਥੇ ਡਾਕਟਰਾਂ ਵੱਲੋਂ ਉਨ੍ਹਾਂ ਨੂੰ ਮ੍ਰਿਤਕ ਘੋਸ਼ਿਤ ਕੀਤਾ ਗਿਆ। ਦੋਨੋਂ ਡੈੱਡ ਬਾਡੀਆਂ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਖੁਸ਼ਪ੍ਰੀਤ ਕੌਰ 18 ਸਾਲ ਪੁੱਤਰੀ ਸੁਖਵਿੰਦਰ ਸਿੰਘ ਵਾਸੀ ਰਾਮਪੁਰਾ ਫੂਲ ਤੇ ਉਸ ਦੀ ਨਾਨੀ ਸੁਰਜੀਤ ਕੌਰ 65 ਸਾਲ ਪਤਨੀ ਨਿਹਾਲ ਸਿੰਘ ਵਾਸੀ ਰਾਮਪੁਰਾ ਫੂਲ ਜੋ ਕਿ ਆਪਣੀ ਸਕੂਟਰੀ 'ਤੇ ਸਵਾਰ ਹੋ ਕੇ ਬਠਿੰਡਾ ਤੋਂ ਰਾਮਪੁਰਾ ਫੂਲ ਆ ਰਹੇ ਸੀ ਤਾਂ ਪਿੱਛੋਂ ਆ ਰਹੀ ਤੇਜ਼ ਰਫਤਾਰ ਕਾਰ ਨੇ ਫੇਟ ਮਾਰ ਦਿੱਤੀ ਤੇ ਗੰਭੀਰ ਰੂਪ ਜ਼ਖ਼ਮੀ ਕਰ ਦਿੱਤਾ ਅਤੇ ਉਨ੍ਹਾਂ ਦੀ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਸ ਐਕਸੀਡੈਂਟ ਬਾਰੇ ਥਾਣਾ ਨਥਾਣਾ ਚੌਕੀ ਭੁੱਚੋ ਮੰਡੀ ਦੇ ਧਿਆਨ ਵਿੱਚ ਲਿਆ ਦਿੱਤਾ ਗਿਆ ਹੈ ਤੇ ਪੁਲਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸ਼ਹੀਦੀ ਸ਼ਤਾਬਦੀ ਸਮਾਗਮ 'ਚ ਹੇਮਕੁੰਟ ਸਕੂਲ ਦੇ ਵਿਦਿਆਰਥੀਆਂ ਨੇ ਲਿਆ ਭਾਗ



**ਕੋਟ ਈਸੇ ਖਾਂ (ਅਰੋੜਾ)**-ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਰਹਿਨੁਮਾਈ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਧਾਰਮਿਕ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਚੱਲ ਰਹੀ ਸ੍ਰੀ ਸਹਿਜ ਪਾਠ ਸੇਵਾ ਲਹਿਰ ਵੱਲੋਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਸਹਿਜ ਪਾਠ ਸੰਪੂਰਨ ਸਮਾਗਮਾਂ ਦੀ ਲੜੀ ਤਹਿਤ ਗੁਰਦੁਆਰਾ ਸਿੰਘ ਸਭਾ ਧਰਮਕੋਟ ਵਿਖੇ ਵਿਸ਼ਾਲ ਧਾਰਮਿਕ ਸਮਾਗਮ ਕਰਵਾਏ ਗਏ।ਸਮਾਗਮ ਵਿੱਚ ਹੇਮਕੁੰਟ ਸਕੂਲ ਦੇ ਵਿਦਿਆਰਥੀਆਂ ਜਿਨ੍ਹਾਂ ਵੱਲੋਂ ਸੰਪੂਰਨ ਸਹਿਜ ਪਾਠ ਕਰ ਲਏ ਗਏ ਜਾਂ ਜੋ ਵਿਦਿਆਰਥੀ ਪਾਠ ਕਰ ਰਹੇ ਹਨ, ਉਨ੍ਹਾਂ ਵੱਲੋਂ ਮੈਡਮ ਸੁਰਿੰਦਰ ਕੌਰ ਦੀ ਅਗਵਾਈ ਹੇਠ ਸ਼ਰਧਾ ਪੂਰਵਕ ਹਿੱਸਾ ਲਿਆ।ਵਿਦਿਆਰਥੀਆਂ ਵੱਲੋਂ ਗੁਰਬਾਣੀ ਕੀਰਤਨ ਤੇ ਧਾਰਮਿਕ ਪ੍ਰਸ਼ਨੋਤਰੀ ਰਾਹੀਂ ਗੁਰੂ ਸਾਹਿਬ ਦੇ ਉਪਦੇਸ਼ਾਂ ਦੀ ਮਹਾਨਤਾ ਉਜਾਗਰ ਕੀਤੀ ਗਈ।ਇਸ ਮੌਕੇ ਸ੍ਰੀ ਸਹਿਜ ਪਾਠ ਸੇਵਾ ਲਹਿਰ ਦੇ ਮੁੱਖ ਕਨਵੀਨਰ ਸਤਨਾਮ ਸਿੰਘ (ਲੁਧਿਆਣਾ), ਰਤਨ ਸਿੰਘ, ਬੀਬੀ ਅਮਨਦੀਪ ਕੌਰ, ਗੁਰਦੁਆਰਾ ਸਿੰਘ ਸਭਾ ਧਰਮਕੋਟ ਦੇ ਪ੍ਰਧਾਨ ਭਾਈ ਅੰਗਰੇਜ਼ ਸਿੰਘ ਅਤੇ ਮੁੱਖ ਗ੍ਰੰਥੀ ਭਾਈ ਗੁਰਪਿਆਰ ਸਿੰਘ ਜੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ਤੇ ਇਨ੍ਹਾਂ ਦੁਆਰਾ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।

## ਪੰਜਾਬੀ 'ਵਰਸਿਟੀ ਦੇ ਤੀਰਅੰਦਾਜ਼ਾਂ ਨੇ ਜਿੱਤੇ ਸੋਨ ਤਮਗੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਤੀਰਅੰਦਾਜ਼ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿਖੇ ਚੱਲ ਰਹੀ ਆਲ ਇੰਡੀਆ ਅੰਤਰ-ਵਰਸਿਟੀ ਤੀਰਅੰਦਾਜ਼ੀ ਚੈਂਪੀਅਨਸ਼ਿਪ ਵਿੱਚ ਲਗਾਤਾਰ ਪ੍ਰਾਪਤੀਆਂ ਕਰ ਰਹੇ ਹਨ।ਖੇਡ ਵਿਭਾਗ ਦੇ ਡਾਇਰੈਕਟਰ ਡਾ. ਗੁਰਦੀਪ ਕੌਰ ਰੰਧਾਵਾ ਨੇ ਦੱਸਿਆ ਕਿ ਹੁਣ ਤੱਕ ਹੋਏ ਮੁਕਾਬਲਿਆਂ ਵਿੱਚ ਤੀਰਅੰਦਾਜ਼ੀ ਦੇ ਰਿਕਰਵ ਵਿਮੈਨ ਈਵੈਂਟ ਵਿੱਚ ਯੂਨੀਵਰਸਿਟੀ ਦੀ ਤੀਰਅੰਦਾਜ਼ ਹਰਪ੍ਰੀਤ ਕੌਰ ਨੇ ਸੋਨ ਤਗ਼ਮਾ ਹਾਸਲ ਕੀਤਾ ਹੈ।ਰਿਕਰਵ ਵਿਮੈਨ ਟੀਮ ਈਵੈਂਟ ਵਿੱਚ ਹਰਪ੍ਰੀਤ ਕੌਰ, ਤਨਿਸ਼ਾ ਵਰਮਾ, ਰਿਧੀ ਅਤੇ ਸੋਨੂੰ ਦੀ ਸ਼ਮੂਲੀਅਤ ਵਾਲੀ ਟੀਮ ਨੇ ਸੋਨ ਤਗ਼ਮਾ ਤੇ ਰਿਕਰਵ ਮਿਕਸ ਈਵੈਂਟ ਵਿੱਚ ਹਰਪ੍ਰੀਤ ਕੌਰ ਤੇ ਜਸਕਿਰਤ ਸੇਖੋਂ ਦੀ ਟੀਮ ਵੱਲੋਂ ਕਾਂਸੀ ਤਗ਼ਮਾ ਹਾਸਲ ਕੀਤਾ ਗਿਆ ਹੈ।ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਇਸ ਪ੍ਰਾਪਤੀ ਉੱਤੇ ਤੀਰਅੰਦਾਜ਼ ਹਰਪ੍ਰੀਤ ਕੌਰ, ਤਨਿਸ਼ਾ ਵਰਮਾ, ਰਿਧੀ, ਸੋਨੂੰ, ਜਸਕਿਰਤ ਸੇਖੋਂ ਤੇ ਉਨ੍ਹਾਂ ਦੇ ਕੋਚ ਸੁਰਿੰਦਰ ਸਿੰਘ ਰੰਧਾਵਾ ਤੇ ਗੌਰਵ ਨੂੰ ਵਧਾਈ ਦਿੱਤੀ ਗਈ।ਉਨ੍ਹਾਂ ਬਾਕੀ ਈਵੈਂਟਸ ਵਿੱਚ ਸ਼ਿਰਕਤ ਕਰ ਰਹੇ ਖਿਡਾਰੀਆਂ ਨੂੰ ਵੀ ਸ਼ੁਭਕਾਮਨਾਵਾਂ ਦਿੱਤੀਆਂ।

# ਅਮਿੱਟ ਯਾਦਾਂ ਛੱਡ ਗਿਆ ਨੇਕੀ ਨਾਈਟ 2025 ਸਮਾਰੋਹ



**ਬੁਢਲਾਡਾ (ਅਸ਼ੋਕ ਲਾਕੜਾ)**

ਨੇਕੀ ਫਾਊਂਡੇਸ਼ਨ ਵੱਲੋਂ ਆਪਣੀ ਸਥਾਪਨਾ ਦਾ 8ਵਾਂ ਸਲਾਨਾ ਸਮਾਰੋਹ ਨੇਕੀ ਨਾਈਟ ਫਾਰ ਹੁਮਾਨਿਟੀ 2025 ਦੇ ਸ਼੍ਰੀ ਰਾਮ ਲੀਲਾ ਗਰਾਊਂਡ ਵਿੱਚ ਆਯੋਜਤ ਕੀਤਾ ਗਿਆ।ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਡਾ. ਹਰਸ਼ਿੰਦਰ ਕੌਰ ਪਟਿਆਲਾ ਪਹੁੰਚੇ ਤੇ ਸ਼ਮਾ ਰੌਸ਼ਨ ਕਰਕੇ ਉਦਘਾਟਨ ਕੀਤਾ।ਬੱਚਿਆਂ ਦੇ ਫੈਂਸੀ ਡਰੈੱਸ ਮੁਕਾਬਲੇ ਕਰਾਏ ਗਏ।ਨੰਨ੍ਹੇ ਬੱਚਿਆਂ ਨੇ ਕਮਾਲ ਦੀਆਂ ਪੇਸ਼ਕਾਰੀਆਂ ਅਦਾ ਕੀਤੀਆਂ। ਸਮਾਰੋਹ ਵਿੱਚ ਸੰਗੀਤਕ ਪ੍ਰੋਗਰਾਮ ਦੇ ਨਾਲ ਨਾਲ ਨਿਰਦੇਸ਼ਕ ਸਾਗਰ ਸੁਰਿੰਦਰ ਦੀ ਟੀਮ ਵੱਲੋਂ ਨਾਟਕ 'ਤੂੰ ਮੇਰਾ ਕੀ ਲੱਗਦੈਂ' ਪੇਸ਼ ਕੀਤਾ ਗਿਆ ਅਤੇ ਰਿਟਾਇਰਮੈਂਟ ਤੋਂ ਬਾਅਦ ਬਜ਼ੁਰਗਾਂ ਦੀ ਹੁੰਦੀ ਦੁਰਦਸ਼ਾ ਨੂੰ ਦਰਸਾਇਆ।ਇਸ ਦੌਰਾਨ ਨੇਕੀ ਫਾਊਂਡੇਸ਼ਨ ਵੱਲੋਂ ਨੇਕੀ ਦੀ ਇੱਕ ਡਾਕੂਮੈਂਟਰੀ ਫਿਲਮ ਦਿਖਾਈ ਗਈ, ਜਿਸ ਨੇ ਦਰਸ਼ਕਾਂ ਨੂੰ ਮੋਹ ਲਿਆ।

ਡਾ. ਹਰਸ਼ਿੰਦਰ ਕੌਰ ਨੇ ਕਿਹਾ ਕਿ ਨੇਕੀ ਦੇ ਕੰਮ ਵਾਕਿਆ ਹੀ ਬਕਮਾਲ ਹਨ।ਡਾ. ਹਰਸ਼ਿੰਦਰ ਕੌਰ ਨੇ ਸਮਾਜ ਵਿੱਚ ਚੱਲ ਰਹੇ ਵੱਖ-ਵੱਖ ਮੁੱਦਿਆਂ ਉੱਤੇ ਗੱਲ ਕੀਤੀ ਤੇ ਲੋਕਾਂ ਨੂੰ ਜਾਗਰੂਕ ਕੀਤਾ।ਉਨ੍ਹਾਂ ਦੇ ਅੱਧੇ ਘੰਟੇ ਦੇ ਭਾਸ਼ਣ ਨੇ ਲੋਕਾਂ ਨੂੰ ਕੀਲ ਕੇ ਰੱਖ ਦਿੱਤਾ।ਸੰਸਥਾ ਵੱਲੋਂ ਸਲਾਨਾ ਬੱਜਟ ਤੇ ਹਿਸਾਬ-ਕਿਤਾਬ ਵੀ ਪੇਸ਼ ਕੀਤਾ ਗਿਆ।ਨੇਕੀ ਫਾਊਂਡੇਸ਼ਨ ਦੇ ਮੈਂਬਰਾਂ ਨੇ ਕਿਹਾ ਕਿ ਸੰਸਥਾ ਨੇ ਆਪਣੇ 21 ਤੋਂ ਵੱਧ ਲੋਕ ਭਲਾਈ ਦੇ ਕੰਮਾਂ ਦੀ ਚਰਚਾ ਕੀਤੀ ਤੇ ਸ਼ਹਿਰ ਵਿੱਚ ਬਿਨਾਂ ਕਿਸੇ ਮੁਨਾਫ਼ੇ ਤੋਂ ਅੰਬੂਲੈਂਸ ਚਲਾਉਣ ਲਈ ਕਿਹਾ।ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਇਸ ਐਂਬੂਲੈਂਸ ਲਈ ਸਹਿਯੋਗ ਦੀ ਅਪੀਲ ਵੀ ਕੀਤੀ।ਸਮਾਰੋਹ ਦੌਰਾਨ ਸਿਹਤ ਦੇ ਖੇਤਰ 'ਚ ਉਮਰ ਭਰ ਬੇਹਤਰੀਨ ਸੇਵਾਵਾਂ ਦੇਣ ਲਈ ਸੰਸਥਾ ਵੱਲੋਂ ਡਾ. ਰਮੇਸ਼ ਚੰਦਰ ਜੈਨ, ਸਮਾਜ ਸੇਵਾ ਦੇ ਖੇਤਰ ਵਿੱਚ ਰਘਬੀਰ ਸਿੰਘ ਮਾਨ, ਸਿੱਖਿਆ ਦੇ ਖ਼ੇਤਰ 'ਚ ਅਮਰਜੀਤ ਸਿੰਘ ਬਾਵਾ, ਵਾਤਾਵਰਣ ਦੇ ਖੇਤਰ 'ਚ ਸੁਖਜੀਤ ਸਿੰਘ ਰਿੰਕਾ ਬੀਰੋਕੇ ਤੇ ਖ਼ੂਨਦਾਨ ਦੇ ਖੇਤਰ ਵਿੱਚ ਕੁਲਦੀਪ ਸਿੰਘ ਚਨਾਰਥਲ ਨੂੰ ਨੇਕੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ।ਸ਼ਹਿਰ ਦੇ ਚਰਨਜੀਤ ਸਿੰਘ ਸਾਹਨੀ ਤੇ ਅਮਰਜੀਤ ਸਿੰਘ ਸਾਹਨੀ ਵੱਲੋਂ ਆਪਣੀ ਭੈਣ ਸਵ: ਸਰਦਾਰਨੀ ਗੁਰਜੀਤ ਕੌਰ ਦੀ ਯਾਦ ਵਿੱਚ ਆਸ਼ਰਮ 'ਚ ਬਣ ਰਹੀ ਨੇਕੀ ਦੀ ਰਸੋਈ ਤੇ ਬੀਬੀਆਂ ਦੇ ਹਾਲ ਲਈ 6 ਲੱਖ ਰੁਪਏ ਦਾਨ ਕੀਤੇ ਗਏ ਤੇ ਸੰਸਥਾ ਵੱਲੋਂ ਸਮੂਹ ਸਾਹਨੀ ਪਰਵਾਰ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਸਨਮਾਨਤ ਕੀਤਾ ਗਿਆ। ਇਸ ਸਾਰੇ ਪ੍ਰੋਗਰਾਮ ਨੂੰ ਡੀ. ਡੀ. ਇੰਕਲੇਵ ਤੇ ਐੱਲ. ਡੀ. ਇੰਕਲੇਵ ਬੁਢਲਾਡਾ ਵੱਲੋਂ ਸਪਾਂਸਰ ਕੀਤਾ ਗਿਆ।ਸਮਾਰੋਹ ਦੌਰਾਨ ਫਾਊਂਡੇਸ਼ਨ ਵੱਲੋਂ ਕਰਾਏ ਗਏ ਫੈਂਸੀ ਡਰੈੱਸ, ਡਰਾਇੰਗ-ਪੇਂਟਿੰਗ ਤੇ ਸੁੰਦਰ ਲਿਖਾਈ ਮੁਕਾਬਲਿਆਂ ਵਿੱਚ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਵੀ ਸੰਸਥਾ ਵੱਲੋਂ ਇਲਾਕੇ ਦੀਆਂ ਮਾਨਮੱਤੀਆਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ।

## ਸਕੂਲਾਂ 'ਚ ਨੈਤਿਕ ਤੇ ਧਾਰਮਿਕ ਪ੍ਰੀਖਿਆਵਾਂ ਹੋਈਆਂ



**ਬੁਢਲਾਡਾ (ਅਸ਼ੋਕ ਲਾਕੜਾ)**-ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਲਈ ਜਾਂਦੀ ਧਾਰਮਿਕ ਤੇ ਨੈਤਿਕ ਪ੍ਰੀਖਿਆ ਇਲਾਕੇ ਦੇ ਕਈ ਸਕੂਲਾਂ 'ਚ ਬਹੁਤ ਵਧੀਆ ਢੰਗ ਨਾਲ ਲਈ ਗਈ।ਸਰਕਲ ਇੰਚਾਰਜ ਮਾਸਟਰ ਕੁਲਵੰਤ ਸਿੰਘ ਤੇ ਬਲਬੀਰ ਸਿੰਘ ਕੈਂਥ ਨੇ ਦੱਸਿਆ ਕਿ ਸਿੱਖ ਮਿਸ਼ਨਰੀ ਕਾਲਜ ਦਾ ਅਜੋਕੇ ਸਮੇਂ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਤੇ ਸਿੱਖ ਇਤਿਹਾਸ ਦੀ ਜਾਣਕਾਰੀ ਲਈ ਇਹ ਇੱਕ ਬਹੁਤ ਸ਼ਲਾਘਾਯੋਗ ਉਪਰਾਲਾ ਹੈ।ਦੋ ਘੰਟਿਆਂ ਦਾ ਇਹ ਪੇਪਰ ਹਰ ਸਾਲ ਇਨ੍ਹਾਂ ਦਿਨਾਂ ਵਿੱਚ ਸਾਰੇ ਦੇਸ਼ ਵਿੱਚ ਹੁੰਦਾ ਹੈ। ਇਹ ਪੇਪਰ ਪਹਿਲੀ ਤੋਂ ਪੰਜਵੀਂ, ਛੇਵੀਂ ਤੋਂ ਅੱਠਵੀਂ, ਨੌਵੀਂ ਤੋਂ ਬਾਰ੍ਹਵੀਂ ਤੇ ਬੀ ਏ, ਅਧਿਆਪਕਾਂ ਸਮੇਤ ਸਰਬੱਤ ਸੰਗਤ ਲਈ ਚਾਰ ਗਰੁੱਪਾਂ ਵਿੱਚ ਹੁੰਦਾ ਹੈ।ਇਸ ਪ੍ਰੀਖਿਆ 'ਚ 300 ਨੰਬਰਾਂ 'ਚੋਂ 33 % ਪਾਸ ਹੋਣ ਲਈ ਤੇ 60% ਤੋਂ ਵੱਧ ਸਨਮਾਨ ਚਿੰਨ੍ਹ ਅਤੇ ਇਨਾਮ ਪ੍ਰਾਪਤ ਕਰਨ ਲਈ ਚਾਹਦੇ ਹਨ।ਹਰ ਸਾਲ ਅਪ੍ਰੈਲ ਮਈ 'ਚ ਦਾਖ਼ਲੇ ਭਰੇ ਜਾਂਦੇ ਹਨ ਅਤੇ ਜਨਵਰੀ ਵਿੱਚ ਨਤੀਜੇ ਆਉਂਦੇ ਹਨ।ਦਾਖ਼ਲਾ ਫ਼ੀਸ ਪਹਿਲਾਂ ਗਰੁੱਪ 30 ਰੁਪਏ, ਦੂਜਾ ਤੇ ਤੀਜਾ 40 ਰੁਪਏ ਪੰਜਵਾਂ ਗਰੁੱਪ 50 ਰੁਪਏ ਹੁੰਦੀ ਹੈ।ਉਨ੍ਹਾਂ ਦੱਸਿਆ ਕਿ 50 ਵਿਦਿਆਰਥੀ ਹੋਣ ਤੇ ਪ੍ਰੀਖਿਆ ਕੇਂਦਰ ਸਕੂਲ ਵਿੱਚ ਹੀ ਬਣਦਾ ਹੈ ਤੇ ਘੱਟ ਬੱਚੇ ਹੋਣ ਤੇ ਨਾਲ ਦੇ ਸਕੂਲ ਵਿੱਚ ਪੇਪਰ ਦੇਣ ਜਾਣਾ ਪੈਂਦਾ ਹੈ।ਸਰਟੀਫਿਕੇਟ ਸਾਰੇ ਬੱਚਿਆਂ ਨੂੰ ਮਿਲਦਾ ਹੈ।

# ਗੁਰਦੁਆਰਾ ਗੁਰੂ ਨਾਨਕ ਦਰਬਾਰ ਚੰਡੀਗੜ੍ਹ ਦੀ ਕਮੇਟੀ ਨੇ ਦੋ ਪਰਵਾਰਾਂ ਨੂੰ ਕੁੜੀਆਂ ਦੇ ਵਿਆਹਾਂ ਲਈ ਦਿੱਤੀ ਮਦਦ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਹਿੰਦ-ਪਾਕਿ ਸਰਹੱਦ ਹੁਸੈਨੀਵਾਲਾ ਦੇ ਨਾਲ ਲੱਗਦੇ ਪਿੰਡਾਂ ਵਿੱਚ ਮੁੜ ਵਸੇਬਾ ਕੈਂਪ ਲਗਾ ਕੇ ਬੈਠੀ ਸੰਸਥਾ ਹੰਭਲਾ ਫਾਊਂਡੇਸ਼ਨ ਪੰਜਾਬ ਪਿਛਲੇ ਡੇਢ ਮਹੀਨੇ ਤੋਂ ਹੜ੍ਹ ਪੀੜਤਾਂ ਦੇ ਪੁਨਰਵਾਸ ਵਿੱਚ ਲੱਗੀ ਹੋਈ ਹੈ। ਹੰਭਲਾ ਫਾਉਂਡੇਸ਼ਨ ਦੇ ਜ਼ਰੀਏ ਵੱਖ ਵੱਖ ਸਮਾਜ ਸੇਵੀ ਤੇ ਸੰਸਥਾਵਾਂ ਅੱਜ ਗੁਰਦੁਆਰਾ ਗੁਰੂ ਨਾਨਕ ਦਰਬਾਰ ਚੰਡੀਗੜ੍ਹ ਦੀ ਪ੍ਰਬੰਧਕੀ ਕਮੇਟੀ ਵੱਲੋਂ ਜਿਥੇ ਦੋ ਕੁੜੀਆਂ ਦੇ ਵਿਆਹਾਂ ਦਾ ਸਾਮਾਨ ਦਿੱਤਾ, ਉਥੇ ਫ਼ਸਲਾਂ ਤੇ ਘਰਾਂ ਵਾਸਤੇ ਵੀ ਮਾਲੀ ਸਹਾਇਤਾ ਕੀਤੀ ਗਈ। ਜਾਣਕਾਰੀ ਦਿੰਦਿਆਂ ਹੰਭਲਾ ਫਾਊਂਡੇਸ਼ਨ ਦੇ ਪ੍ਰਧਾਨ ਡਾਕਟਰ ਸੁਰਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਗੁਰਦੁਆਰਾ ਗੁਰੂ ਨਾਨਕ ਦਰਬਾਰ ਸੈਕਟਰ 35ਬੀ ਚੰਡੀਗੜ੍ਹ ਦੀ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਬੀਬੀ ਸੁਰਜੀਤ ਕੌਰ ਸਿੱਧੂ ਦੀ ਪ੍ਰਧਾਨਗੀ ਹੇਠ ਬੀਬੀ ਮਨਮੋਹਨ ਕੌਰ, ਗੁਰਿੰਦਰ ਸਿੰਘ, ਹਰਵਿੰਦਰ ਸਿੰਘ ਲੱਕੀ ਵੱਲੋਂ ਇਥੇ ਸਤਲੁਜ ਪ੍ਰੈੱਸ ਕਲੱਬ ਦੇ ਵਿਹੜੇ ਵਿੱਚ ਪਿੰਡ ਛੀਨਿਆਂ ਵਾਲੇ ਝੁੱਗੇ ਦੀ ਕਮਲੇਸ਼ ਕੌਰ ਪੁੱਤਰੀ ਸਵਰਗੀ ਮਲਕੀਤ ਸਿੰਘ ਤੇ ਕਿਰਨਦੀਪ ਕੌਰ ਪੁੱਤਰੀ ਬਿੱਟੂ ਸਿੰਘ ਦੀ ਬੇਟੀ ਲਈ ਦਾਜ ਦਾ ਪੂਰਾ ਸਾਮਾਨ ਦਿੱਤਾ ਗਿਆ। ਉਥੇ ਨਾਲ ਹੀ ਗ੍ਰੰਥੀ ਸਿੰਘ ਸੁਖਦੇਵ ਸਿੰਘ ਤੇ ਬਬਲੀ ਪਤਨੀ ਸਵਰਗੀ ਧਰਮਪਾਲ ਨੂੰ ਘਰ ਬਣਾਉਣ ਵਾਸਤੇ ਇੱਕ-ਇੱਕ ਲੱਖ ਕੈਸ਼ ਦਿੱਤੇ ਗਏ। ਪ੍ਰਬੰਧਕੀ ਕਮੇਟੀ ਵੱਲੋਂ ਹੰਭਲਾ ਫਾਉਂਡੇਸ਼ਨ ਨੂੰ ਹੜ੍ਹ ਪ੍ਰਭਾਵਿਤ ਫ਼ਸਲਾਂ ਵਾਸਤੇ ਛੇ ਲੱਖ ਦਾ ਚੈੱਕ ਭੇਟ ਕੀਤਾ ਗਿਆ। ਹੰਭਲਾ ਫਾਉਂਡੇਸ਼ਨ ਦੇ ਜਨਰਲ ਸਕੱਤਰ ਗਾਮਾ ਸਿੱਧੂ ਨੇ ਸਮੂਹ ਪ੍ਰਬੰਧਕੀ ਕਮੇਟੀ ਤੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਔਖੇ ਵੇਲੇ ਆਪਣੇ ਲੋਕਾਂ ਦੇ ਨਾਲ ਖੜ੍ਹਨਾ ਸਾਡੇ ਪੰਜਾਬੀਆਂ ਦੇ ਹੀ ਹਿੱਸੇ ਆਇਆ ਹੈ। ਇਸ ਮੌਕੇ ਜਗਦੀਪ ਵੜਿੰਗ, ਤਰਲੋਚਨ ਮੁਸਾਫ਼ਿਰ, ਰਿਸ਼ੀ ਰਾਹੀ, ਗੁਰਪ੍ਰੀਤ ਭੰਬਾ ਲੰਡਾ, ਅਮਰੀਕ ਸੰਧੂ, ਕੰਵਲਜੀਤ ਕੌਰ, ਫ਼ੌਜੀ ਅੰਗਰੇਜ ਵੜਵਾਲ, ਕੌਂਸਲਰ ਪਰਮਿੰਦਰ ਹਾਂਡਾ, ਗੁਰਦੇਵ ਸਿੰਘ ਮੈਂਬਰ ਬਲਾਕ ਸੰਮਤੀ, ਬਿੱਟੂ ਜੋਸਨ ਕਰੀਆਂ, ਪਰਮਿੰਦਰ ਪਿੰਦੂ, ਪੰਮਾ ਵੜਵਾਲ, ਲਵਿਸ਼, ਗੁਰਮੀਤ ਮੀਤਾ, ਛਿੰਦਰ ਚੇਅਰਮੈਨ, ਸਾਬਕਾ ਸਰਪੰਚ ਬਲਵੀਰ ਸਿੰਘ, ਸਾਬਕਾ ਸਰਪੰਚ ਮੰਗਲ ਸਿੰਘ ਆਦਿ ਹਾਜ਼ਰ ਸਨ।

## ਸੀ ਪਾਈਟ ਕੈਂਪ ਵਿਖੇ ਟੈਰੀਟੋਰੀਅਲ ਆਰਮੀ ਦੀ ਤਿਆਰੀ ਲਈ ਦਾਖਲਾ ਸ਼ੁਰੂ

**ਮਾਨਸਾ (ਆਤਮਾ ਸਿੰਘ ਪਮਾਰ)**-ਕੈਪਟਨ ਲਖਵਿੰਦਰ ਸਿੰਘ ਸਿਖਲਾਈ ਅਧਿਕਾਰੀ ਸੀ-ਪਾਈਟ ਕੈਂਪ ਬੋੜਾਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਟੈਰੀਟੋਰੀਅਲ ਆਰਮੀ ਭਰਤੀ ਲਈ 716 ਪੋਸਟਾਂ ਕੱਢੀਆਂ ਗਈਆਂ ਹਨ।ਇਹ ਭਰਤੀ 17 ਨਵੰਬਰ ਤੋਂ 30 ਨਵੰਬਰ ਤੱਕ ਲੁਧਿਆਣਾ ਵਿਖੇ ਹੋ ਰਹੀ ਹੈ।ਭਰਤੀ ਲਈ ਯੋਗਤਾ 10ਵੀਂ ਪਾਸ 45 ਪ੍ਰਤੀਸ਼ਤ, ਉਮਰ 18 ਤੋਂ 42 ਸਾਲ, ਕੱਦ 160 ਸੈ. ਮੀ., ਛਾਤੀ 77/82 ਰੱਖੀ ਗਈ ਹੈ।ਭੀਖੀ-ਬੁਢਲਾਡਾ ਰੋਡ ਮਾਨਸਾ ਵਿਖੇ ਸਥਿਤ ਪੰਜਾਬ ਸਰਕਾਰ ਦੇ ਰੋਜ਼ਗਾਰ ਉਤਪਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਬੋੜਾਵਾਲ ਵੱਲੋਂ ਜ਼ਿਲ੍ਹਾ ਮਾਨਸਾ, ਬਰਨਾਲਾ ਤੇ ਸੰਗਰੂਰ ਦੇ ਯੁਵਕਾਂ ਲਈ ਟੈਰੀਟੋਰੀਅਲ ਆਰਮੀ ਦੇ ਸਰੀਰਕ ਟੈਸਟ ਦੀ ਤਿਆਰੀ ਲਈ ਮੁਫਤ ਸਿਖਲਾਈ ਕੈਂਪ ਸ਼ੁਰੂ ਕੀਤਾ ਜਾ ਰਿਹਾ ਹੈ।ਇਨ੍ਹਾਂ ਜ਼ਿਲ੍ਹਿਆਂ ਦੇ ਸਿਖਲਾਈ ਲੈਣ ਦੇ ਚਾਹਵਾਨ ਯੁਵਕ ਭਰਤੀ ਲਈ ਆਨਲਾਈਨ ਅਪਲਾਈ ਕਰਕੇ ਦਸਵੀਂ ਜਮਾਤ ਦਾ ਸਰਟੀਫਿਕੇਟ, ਆਧਾਰ ਕਾਰਡ ਤੇ ਜਾਤੀ ਸਰਟੀਫਿਕੇਟ ਦੀ ਕਾਪੀ ਤੇ 2 ਪਾਸਪੋਰਟ ਸਾਈਜ਼ ਫੋਟੋਗ੍ਰਾਫਜ਼ ਲੈ ਕੇ ਸੀ ਪਾਈਟ ਕੈਂਪ ਬੋੜਾਵਾਲ ਵਿਖੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਉਨ੍ਹਾਂ ਦੱਸਿਆ ਕਿ ਸਿਖਲਾਈ ਦੌਰਾਨ ਯੁਵਕਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਖਾਣਾ ਤੇ ਰਿਹਾਇਸ਼ ਦੀ ਮੁਫ਼ਤ ਸਹੂਲਤ ਦਿੱਤੀ ਜਾਵੇਗੀ।

## ਮਾਊਂਟ ਲਿਟਰਾ 'ਚ ਦੀਵਾਲੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮਾਊਂਟ ਲਿਟਰਾ ਜ਼ੀ ਸਕੂਲ ਬਾਘਾ ਪੁਰਾਣਾ ਵਿਚ ਵਿਦਿਆਰਥੀਆਂ, ਅਧਿਆਪਕਾਂ ਤੇ ਸਮੂਹ ਸਟਾਫ਼ ਨੇ ਮਿਲ ਕੇ ਦੀਵਾਲੀ ਦਾ ਪਵਿੱਤਰ ਤਿਉਹਾਰ ਬਹੁਤ ਹੀ ਉਤਸ਼ਾਹ ਤੇ ਭਾਈਚਾਰਕ ਭਾਵਨਾ ਨਾਲ ਮਨਾਇਆ।ਸਕੂਲ ਨੂੰ ਰੰਗ-ਬਰੰਗੇ ਫੁੱਲਾਂ, ਰੰਗੋਲੀਆਂ ਤੇ ਦੀਵਿਆਂ ਨਾਲ ਸਜਾਇਆ ਗਿਆ, ਜਿਸ ਨਾਲ ਪੂਰਾ ਵਾਤਾਵਰਣ ਖ਼ੁਸ਼ੀ ਤੇ ਰੌਸ਼ਨੀ ਨਾਲ ਚਮਕ ਉੱਠਿਆ।ਸਮਾਗਮ ਦੀ ਸ਼ੁਰੂਆਤ ਸਵੇਰੇ ਧਾਰਮਿਕ ਸ਼ਬਦਾਂ ਨਾਲ ਹੋਈ।ਵਿਦਿਆਰਥੀਆਂ ਨੇ ਭਗਵਾਨ ਰਾਮ ਦੇ ਅਯੁੱਧਿਆ ਵਾਪਸੀ ਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਕਿਲ੍ਹੇ ਤੋਂ ਰਿਹਾਈ ਵਰਗੀਆਂ ਪ੍ਰੇਰਨਾਦਾਇਕ ਕਹਾਣੀਆਂ ਨੂੰ ਸਪੀਚ ਦੇ ਰੂਪ ਪੇਸ਼ ਕੀਤਾ।ਛੋਟੇ ਬੱਚਿਆਂ ਨੇ ਫੈਂਸੀ ਡਰੈੱਸ ਸ਼ੋਅ ਕੀਤਾ ਤੇ ਵੱਡੇ ਬੱਚਿਆਂ ਵੱਲੋਂ ਵੱਖ-ਵੱਖ ਗੀਤਾਂ 'ਤੇ ਡਾਂਸ ਤੇ ਭੰਗੜਾ ਪਾਇਆ ਗਿਆ।ਵੱਡੇ ਬੱਚਿਆਂ ਵੱਲੋਂ ਰਮਾਇਣ ਪੇਸ਼ ਕੀਤੀ ਗਈ।ਇਸ ਮੌਕੇ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਕਿਹਾ ਕਿ ਦੀਵਾਲੀ ਸਿਰਫ਼ ਰੌਸ਼ਨੀਆਂ ਦਾ ਤਿਉਹਾਰ ਨਹੀਂ, ਸਗੋਂ ਅੰਧਕਾਰ ਉੱਤੇ ਚੰਗਿਆਈ ਦੀ ਜਿੱਤ ਤੇ ਆਪਸੀ ਪਿਆਰ ਦਾ ਪ੍ਰਤੀਕ ਹੈ।ਇਸ ਮੌਕੇ ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ, ਸਕੂਲ ਦੇ ਹੈੱਡ ਮੈਡਮ ਖੁਸ਼ਪ੍ਰੀਤ ਕੌਰ, ਪ੍ਰਿੰਸੀਪਲ ਪਰਮਿੰਦਰ ਕੌਰ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਇਸ ਤਿਉਹਾਰ ਦੀਵਾਲੀ ਦੀ ਵਧਾਈ ਦਿੱਤੀ।

# ਫੌਜੀ ਦੇ ਘਰ ਖੜ੍ਹੇ ਮੋਟਰਸਾਈਕਲ ਦਾ ਕੱਟਿਆ ਚਲਾਨ !

### ਚਲਾਨ ਵਾਲੇ ਦਿਨ ਪਠਾਨਕੋਟ ਡਿਊਟੀ ਕਰ ਰਿਹਾ ਸੀ ਫੌਜੀ

**ਲਹਿਰਾਗਾਗਾ (ਰੀਤਵਾਲ)**-ਵਾਹਨ ਚਾਲਕੋ ਪੰਜਾਬ ਦੀ ਟ੍ਰੈਫਿਕ ਪੁਲਸ ਤੋਂ ਬਚੋ, ਕਿਉਂਕਿ ਪੰਜਾਬ ਦੀ ਟ੍ਰੈਫਿਕ ਪੁਲਸ ਇੰਨੀ ਚੁਸਤ ਹੈ ਕਿ ਘਰ ਖੜੇ ਮੋਟਰਸਾਈਕਲ ਤੇ ਹੋਰ ਵਾਹਨ ਦਾ ਵੀ ਚਲਾਨ ਕੱਟ ਦਿੰਦੀ ਹੈ।ਇਹੀ ਕੁਝ ਵਾਪਰਿਆ ਇਥੋਂ ਨੇੜਲੇ ਪਿੰਡ ਗਾਗਾ ਦੇ ਫੌਜੀ ਅਮਰਜੀਤ ਸਿੰਘ ਨਾਲ, ਜਿਸ ਦਾ ਘਰੇ ਖੜੇ ਬੁਲਟ ਮੋਟਰਸਾਈਕਲ ਦਾ ਚਲਾਨ ਮਾਨਸਾ ਦੀ ਟ੍ਰੈਫਿਕ ਪੁਲਸ ਨੇ ਕੱਟ ਦਿੱਤਾ।ਇਸ ਸਬੰਧੀ ਇੱਥੋਂ ਨੇੜਲੇ ਪਿੰਡ ਗਾਗਾ ਦੇ ਰਹਿਣ ਵਾਲੇ ਫੌਜੀ ਅਮਰਜੀਤ ਸਿੰਘ ਜੋ ਕਿ ਪਠਾਨਕੋਟ ਵਿਖੇ ਡਿਊਟੀ ਕਰਦਾ ਹੈ, ਨੇ ਦੱਸਿਆ ਕਿ ਉਹ 23 ਅਕਤੂਬਰ ਨੂੰ ਪਠਾਨਕੋਟ ਵਿਖੇ ਡਿਊਟੀ ਕਰ ਰਿਹਾ ਸੀ, ਜਦੋਂਕਿ ਮੇਰਾ ਬੁਲਟ ਮੋਟਰਸਾਈਕਲ ਗਾਗਾ ਵਿਖੇ ਮੇਰੇ ਘਰ ਖੜ੍ਹਾ ਸੀ।ਸ਼ਾਮ ਚਾਰ-ਪੰਜ ਵਜੇ ਦੇ ਕਰੀਬ ਮੈਨੂੰ ਇੱਕ ਮੈਸੇਜ ਆਇਆ ਕਿ ਤੇਰੇ ਮੋਟਰਸਾਈਕਲ ਦਾ ਚਲਾਨ ਕੱਟ ਗਿਆ, ਜਦੋਂ ਉਸ ਮੈਸੇਜ ਦੇ ਲਿੰਕ ਤੋਂ ਚਲਾਨ ਦੀ ਕਾਪੀ ਕੱਢੀ ਤਾਂ ਉਸ ਉੱਤੇ ਜਾਲ੍ਹੀ ਮੋਟਰਸਾਈਕਲ ਉੱਤੇ ਲੱਗੀ ਪਲੇਟ ਦੀ ਫੋਟੋ ਵੀ ਨਾਲ ਛਪੀ ਆਈ। ਫੌਜੀ ਅਮਰਜੀਤ ਸਿੰਘ ਨੇ ਕਿਹਾ ਕਿ ਮੇਰੇ ਮੋਟਰਸਾਈਕਲ ਦਾ ਅੱਜ ਦਾ ਚਲਾਨ ਕੱਟਿਆ ਹੈ, ਜਦਕਿ ਮੇਰਾ ਮੋਟਰਸਾਈਕਲ ਘਰ ਖੜ੍ਹਾ ਹੈ, ਜੋ ਵਿਅਕਤੀ ਮੇਰੇ ਮੋਟਰਸਾਈਕਲ ਦੀ ਨੰਬਰ ਪਲੇਟ ਹੋਰ ਵਹੀਕਲ 'ਤੇ ਨੰਬਰ ਲਗਾ ਕੇ ਚਲਾ ਰਿਹਾ ਹੈ, ਉਸ ਉੱਤੇ ਪ੍ਰਸ਼ਾਸਨ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਮੈਂ ਇਸ ਮੋਟਰਸਾਈਕਲ ਦਾ ਚਲਾਨ ਨਹੀਂ ਭਰਾਂਗਾ, ਇਸ ਦੀ ਜ਼ਿੰਮੇਵਾਰੀ ਟ੍ਰੈਫਿਕ ਪੁਲਸ ਜਾਂ ਪ੍ਰਸ਼ਾਸਨ ਦੀ ਹੈ, ਜੋ ਲੋਕ ਜਾਲ੍ਹੀ ਨੰਬਰ ਪਲੇਟਾਂ ਲਾ ਕੇ ਵਹੀਕਲ ਚਲਾ ਰਹੇ ਹਨ, ਉਨ੍ਹਾਂ ਉੱਤੇ ਬਣਦੀ ਕਾਰਵਾਈ ਹੋਣੀ ਚਾਹੀਦੀ ਹੈ।

# ਪੰਜਾਬ ਸਰਕਾਰ ਨੇ ਕੇਂਦਰੀ ਯੋਜਨਾਵਾਂ ਲਾਗੂ ਨਹੀਂ ਕੀਤੀਆਂ : ਮਲੂਕਾ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**



ਕੇਂਦਰੀ ਯੋਜਨਾਵਾਂ ਨੂੰ ਸੂਬੇ 'ਚ ਲਾਗੂ ਕਰਨ ਦੇ ਮਾਮਲੇ 'ਚ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਬਠਿੰਡਾ ਦਿਹਾਤੀ ਗੁਰਪ੍ਰੀਤ ਸਿੰਘ ਮਲੂਕਾ ਨੇ ਸੂਬਾ ਸਰਕਾਰ ਨੂੰ ਲੰਮੇ ਹੱਥੀਂ ਲਿਆ। ਮਲੂਕਾ ਨੇ ਦੋਸ਼ ਲਾਏ ਕੇ ਲੋਕਾਂ ਨੂੰ ਮੁੱਢਲੀਆਂ ਸਹੂਲਤਾ ਦੇਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਚ ਕੇਂਦਰ ਸਰਕਾਰ ਨੇ ਅਨੇਕਾਂ ਯੋਜਨਾਵਾਂ ਆਰੰਭ ਕੀਤੀਆਂ, ਪਰ ਸੂਬਾ ਸਰਕਾਰ ਆਪਣੀ ਨਲਾਇਕੀ ਤੇ ਇੱਛਾ ਸ਼ਕਤੀ ਦੀ ਕਮੀ ਕਾਰਨ ਇਨ੍ਹਾਂ ਯੋਜਨਾਵਾਂ ਨੂੰ ਪੰਜਾਬ 'ਚ ਲਾਗੂ ਕਰਨ 'ਚ ਫਾਡੀ ਰਿਹਾ ਸਰਕਾਰ ਦੀ ਢਿੱਲੀ ਕਾਰਗੁਜਾਰੀ ਨਾਲ ਲੱਖਾਂ ਲੋੜਵੰਦ ਲੋਕ ਪ੍ਰਭਾਵਤ ਹੋ ਰਹੇ ਹਨ।ਪ੍ਰਧਾਨ ਮੰਤਰੀ ਅਵਾਸ ਯੋਜਨਾ ਅਧੀਨ ਦੇਸ਼ 'ਚ ਇੱਕ ਕਰੋੜ ਤੋਂ ਵੱਧ ਮਕਾਨ ਲੋਕ ਅਰਪਣ ਹੋਏ ਹਨ। ਪੰਜਾਬ 'ਚ ਪਿਛਲੇ 7 ਸਾਲ 'ਚ ਸਿਰਫ਼ 33000 ਲੋਕਾਂ ਨੂੰ ਇਸ ਯੋਜਨਾ ਦਾ ਲਾਭ ਮਿਲਿਆ ਹੈ। ਜੇਕਰ ਪ੍ਰਤੀ ਸਾਲ ਵੇਖਿਆ ਜਾਵੇ ਤਾਂ ਹਰ ਸਾਲ 5000 ਤੋਂ ਵੀ ਘੱਟ ਲੋਕਾਂ ਨੂੰ ਇਸ ਦਾ ਲਾਭ ਦਿੱਤਾ ਗਿਆ ਹੈ।

ਪੰਜਾਬ 'ਚ 12500 ਦੇ ਕਰੀਬ ਪਿੰਡ ਹਨ ਤੇ ਸਰਕਾਰ ਇੱਕ ਪਿੰਡ 'ਚ ਇਸ ਯੋਜਨਾ ਅਧੀਨ ਇੱਕ ਘਰ ਵੀ ਨਹੀਂ ਬਣਵਾ ਸਕੀ। ਮਕਾਨਾਂ ਦੀ ਉਸਾਰੀ ਨਾਲ ਜਿੱਥੇ ਲੋੜਵੰਦ ਲੋਕਾਂ ਨੂੰ ਮਕਾਨ ਮਿਲਦੇ, ਉਥੇ ਉਸਾਰੀ ਨਾਲ ਲੱਖਾਂ ਲੋਕਾਂ ਨੂੰ ਰੁਜ਼ਗਾਰ ਵੀ ਮਿਲਣਾ ਸੀ।ਕੇਂਦਰ ਸਰਕਾਰ ਵੱਲੋਂ ਪਿੰਡਾਂ ਤੇ ਸ਼ਹਿਰਾਂ 'ਚ ਕੂੜੇ ਨੂੰ ਡੰਪ ਕਰਕੇ ਖਾਦ ਬਣਾਉਣ ਦੇ ਪ੍ਰੋਜੈਕਟ ਲਈ ਵੀ 6 ਲੱਖ ਰੁਪਏ ਦਿੱਤੇ ਜਾਂਦੇ ਹਨ। ਇਸ ਨਾਲ ਕੂੜੇ ਤੋਂ ਨਿਜ਼ਾਤ ਦੇ ਨਾਲ-ਨਾਲ ਮੁਫ਼ਤ 'ਚ ਲੱਖਾਂ ਟਨ ਖਾਦ ਤਿਆਰ ਹੋਣੀ ਸੀ। ਇਸ ਯੋਜਨਾ ਨੂੰ ਲਾਗੂ ਕਰਨ ਚ ਸਰਕਾਰ ਅਸਫਲ ਰਹੀ ਪਿਛਲੇ ਇੱਕ ਦਹਾਕੇ 'ਚ ਪੰਜਾਬ ਨੇ ਸਿਰਫ਼ 1700 ਡੰਪ ਬਣਵਾਏ ਹਨ।ਲੋਕਾਂ ਨੂੰ ਰੁਜ਼ਗਾਰ ਦੇਣ ਲਈ ਕੇਂਦਰੀ ਯੋਜਨਾ ਨਰੇਗਾ ਅਧੀਨ ਪੰਜਾਬ ਸਰਕਾਰ ਨੇ ਅੱਜ ਤੱਕ ਵੱਧ ਤੋਂ ਵੱਧ ਸਾਲਾਨਾ 800 ਕਰੋੜ ਤੱਕ ਦੇ ਕੰਮ ਕਰਾਏ ਹਨ। ਮਲੂਕਾ ਨੇ ਕਿਹਾ ਕੇ ਭਾਜਪਾ ਦੀ ਪੰਜਾਬ ਇਕਾਈ ਲੋੜਮੰਦ ਲੋਕਾਂ ਨੂੰ ਹਰ ਸਹੂਲਤ ਦੇਣ ਲਈ ਮੁੜ ਤੋਂ ਨਵੀਂ ਰਣਨੀਤੀ ਤਿਆਰ ਕਰੇਗੀ। ਪ੍ਰੈਸ ਨੂੰ ਇਹ ਜਾਣਕਾਰੀ ਮੀਡੀਆ ਇੰਚਾਰਜ ਰਤਨ ਸ਼ਰਮਾ ਮਲੂਕਾ ਨੇ ਦਿੱਤੀ ਹੈ।

## ਲਾਲਾ ਲਾਜਪਤ ਰਾਏ ਚੈਰੀਟੇਬਲ ਸੋਸਾਇਟੀ ਨੇ ਕਰਵਾਇਆ ਧਾਰਮਿਕ ਸਮਾਗਮ



**ਜਗਰਾਉਂ (ਅਮਿਤ ਖੰਨਾ)**-ਲਾਲਾ ਲਾਜਪਤ ਰਾਏ ਚੈਰੀਟੇਬਲ ਵੈੱਲਫੇਅਰ ਸੋਸਾਇਟੀ ਜਗਰਾਉਂ ਵੱਲੋਂ ਵਿਸ਼ਵ ਸ਼ਾਂਤੀ ਲਈ ਸ਼੍ਰੀ ਦੁਵਾਰਕਾਧੀਸ਼ ਮੰਦਰ ਵਿਖੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਮੰਗਲ ਅਭਿਸ਼ੇਕ, ਸਤਿਸੰਗ, ਕੀਰਤਨ ਤੇ ਮੰਗਲ ਆਰਤੀ ਦਾ ਆਯੋਜਨ ਕੀਤਾ।ਮੰਦਰ ਦੇ ਆਚਾਰੀਆ ਸ੍ਰੀ ਹਿਤੇਸ਼ ਮੁਨੀ ਜੀ ਮਹਾਰਾਜ ਨੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਮੰਗਲ ਆਰਤੀ ਕੀਤੀ ਤੇ ਭਗਵਾਨ ਨੂੰ ਪੰਜਾਬ ਤੇ ਪੂਰੇ ਦੇਸ਼ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਤੇ ਸ਼ਰਧਾਲੂਆਂ 'ਤੇ ਆਪਣੇ ਅਸ਼ੀਰਵਾਦ ਦੀ ਵਰਖਾ ਕਰਦੇ ਰਹਿਣ ਲਈ ਪ੍ਰਾਰਥਨਾ ਕੀਤੀ।ਇਸ ਮੌਕੇ ਉਨ੍ਹਾਂ ਸ਼ਰਧਾਲੂਆਂ ਨੂੰ ਧਰਮ ਤੇ ਕਰਮ ਬਾਰੇ ਸਮਝਾਉਂਦੇ ਹੋਏ ਕਿਹਾ ਕਿ ਧਰਮ ਤੋਂ ਬਿਨਾਂ, ਕਰਮ ਦੀ ਦਿਸ਼ਾ ਨਿਰਧਾਰਤ ਕਰਨਾ ਅਸੰਭਵ ਹੈ।ਸੰਸਥਾ ਨੇ ਮੰਦਰ ਵਿਖੇ ਆਪਣੇ ਮੈਂਬਰਾਂ ਦੇ ਜਨਮ ਦਿਨ ਵੀ ਮਨਾਏ ਤੇ ਪ੍ਰਮਾਤਮਾ ਨੂੰ ਪ੍ਰਾਰਥਨਾ ਕੀਤੀ ਕਿ ਉਹ ਹਰੇਕ ਮੈਂਬਰ ਤੇ ਉਨ੍ਹਾਂ ਦੇ ਪਰਵਾਰ ਦੇ ਮੈਂਬਰਾਂ ਨੂੰ ਸਿਹਤਮੰਦ ਜੀਵਨ ਤੇ ਸਮਾਜ ਦੀ ਸੇਵਾ ਕਰਨ ਦੀ ਤਾਕਤ ਦੇਵੇ।ਇਸ ਮੌਕੇ ਸੰਸਥਾ ਦੇ ਸਰਪ੍ਰਸਤ ਅੰਕਿਤ ਬਾਂਸਲ (ਸਾਬਕਾ ਓਐੱਸਡੀ ਮੁੱਖ ਮੰਤਰੀ ਪੰਜਾਬ), ਚੇਅਰਮੈਨ ਪਿਊਸ਼ ਮਿੱਤਲ, ਪ੍ਰਧਾਨ ਪੁਨੀਤ ਬਾਂਸਲ, ਜਨਰਲ ਸਕੱਤਰ ਕਮਲਦੀਪ ਬਾਂਸਲ, ਖਜ਼ਾਨਚੀ ਮੋਹਿਤ ਗੋਇਲ, ਵਾਇਸ ਪ੍ਰਧਾਨ ਦੀਪਕ ਗੋਇਲ, ਉਪ ਪ੍ਰਧਾਨ ਕਮਲ ਸ਼ਰਮਾ, ਸੋਸ਼ਲ ਮੀਡੀਆ ਇੰਚਾਰਜ ਅੰਕੁਸ਼ ਮਿੱਤਲ, ਸਕੱਤਰ ਮੋਹਿਤ ਬਾਂਸਲ, ਸੰਜੀਵ ਗਰਗ, ਗਰਸੇਨ ਕਮੇਟੀ ਦੇ ਪ੍ਰਧਾਨ ਅਨਮੋਲ ਗਰਗ, ਆੜ੍ਹਤੀਆ ਸੰਗਠਨ ਦੇ ਪ੍ਰਧਾਨ ਕਨ੍ਹਈਆ ਗੁਪਤਾ ਬਾਂਕਾ ਸਮੇਤ ਵੱਡੀ ਗਿਣਤੀ ਵਿੱਚ ਸ਼ਰਧਾਲੂ ਮੌਜੂਦ ਸਨ।

# ਸੀ ਐੱਮ ਫਲਾਇੰਗ ਸਕੂਐਡ ਵੱਲੋਂ ਛਾਪੇਮਾਰੀ

### ਹਿਆਣਾ ਖੁਰਦ-ਮੰਡੌਰ ਅਜਨੌਦਾ ਸੜਕ ਦੇ ਸੈਂਪਲ ਭਰੇ



**ਨਾਭਾ/ਪਟਿਆਲਾ (ਵਰਿੰਦਰ ਵਰਮਾ/ ਰਾਜਿੰਦਰ ਸਿੰਘ ਥਿੰਦ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਅੰਦਰ ਮਿਆਰੀ ਸੜਕਾਂ ਦੇ ਨਿਰਮਾਣ ਨੂੰ ਯਕੀਨੀ ਬਣਾਉਣ ਲਈ ਗਠਿਤ ਕੀਤੇ ਗਏ ਸੀ.ਐਮ. ਫਲਾਇੰਗ ਸਕੁਐਡ ਨੇ ਅਹਿਮ ਕਾਰਵਾਈ ਕਰਦੇ ਹੋਏ ਕੁੱਝ ਸਮਾਂ ਪਹਿਲਾਂ ਬਣਾਈ ਹਿਆਣਾ ਖੁਰਦ ਤੋਂ ਮੰਡੌਰ ਅਜਨੌਦਾ ਸੜਕ ਦੇ ਸੈਂਪਲ ਭਰੇ ਹਨ।ਇਸੇ ਦੌਰਾਨ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਬੰਧਤ ਠੇਕੇਦਾਰ ਵੱਲੋਂ ਜੇਕਰ ਇਸ ਸੜਕ ਦੇ ਕੰਮ 'ਚ ਜੇਕਰ ਕੋਈ ਕੁਤਾਹੀ ਵਰਤੀ ਗਈ ਸਾਹਮਣੇ ਆਈ ਤਾਂ ਸਬੰਧਤ ਠੇਕੇਦਾਰ ਤੇ ਸਬੰਧਤ ਵਿਭਾਗੀ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਉਡਣ ਦਸਤੇ ਵੱਲੋਂ ਛਾਪਾਮਾਰੀ ਕਰਕੇ ਮਾਰਕੀਟ ਕਮੇਟੀ ਵੱਲੋਂ ਬਣਵਾਈ ਗਈ ਕਰੀਬ 2.5 ਕਿਲੋਮੀਟਰ ਸੜਕ ਦਾ ਨਿਰੀਖਣ ਕਰਨ ਦੀ ਇਹ ਕਾਰਵਾਈ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਹਲਕਾ ਪਟਿਆਲਾ ਦਿਹਾਤੀ ਦੀ ਪੂਰੀ ਤਰ੍ਹਾਂ ਚੌਕਸ ਨੋਡਲ ਵਲੰਟੀਅਰ ਟੀਮ ਵੱਲੋਂ ਦਿੱਤੀ ਗਈ ਰਿਪੋਰਟ ਦੇ ਅਧਾਰ 'ਤੇ ਕੀਤੀ ਗਈ ਹੈ।ਸਿਹਤ ਮੰਤਰੀ ਦੀ ਵਲੰਟੀਅਰ ਟੀਮ ਵੱਲੋਂ ਆਪਣੇ ਤੌਰ 'ਤੇ ਪੂਰੀ ਤਰ੍ਹਾਂ ਬਾਜ ਅੱਖ ਰੱਖਦੇ ਹੋਏ ਆਪਣੇ ਹਲਕੇ ਅੰਦਰ ਬਣ ਰਹੀਆਂ ਸੜਕਾਂ ਦਾ ਮਿਆਰ ਚੈੱਕ ਕਰਕੇ ਲੋਕਾਂ ਦੀ ਫੀਡਬੈਕ ਲੈ ਕੇ ਜ਼ਮੀਨੀ ਪੱਧਰ 'ਤੇ ਹੋ ਰਹੇ ਕੰਮਾਂ ਦੀ ਗੁਣਵੱਤਾ ਬਾਰੇ ਜਾਣੂ ਕਰਾਇਆ ਜਾਂਦਾ ਹੈ।

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਰਾਜ ਭਰ ਅੰਦਰ ਲੋਕ ਨਿਰਮਾਣ ਵਿਭਾਗ ਤੇ ਮੰਡੀ ਬੋਰਡ ਵੱਲੋਂ ਬਣਾਈਆਂ ਜਾ ਰਹੀਆਂ ਸੜਕਾਂ ਦੀ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ ਤੇ ਇਹ ਪਹਿਲੀ ਵਾਰ ਯਕੀਨੀ ਬਣਾਇਆ ਗਿਆ ਹੈ ਕਿ ਸੜਕਾਂ ਬਣਾਉਣ ਵਾਲੀ ਏਜੰਸੀ ਨੂੰ 5 ਸਾਲਾਂ ਲਈ ਉਸ ਸੜਕ ਦੀ ਮੁਰੰਮਤ ਦੀ ਵੀ ਜ਼ਿੰਮੇਵਾਰੀ ਸੌਂਪੀ ਗਈ ਹੋਵੇ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਪਟਿਆਲਾ ਦਿਹਾਤੀ ਹਲਕੇ ਦੀ ਟੀਮ ਨੇ ਇਹ ਰਿਪੋਰਟ ਦਿੱਤੀ ਸੀ ਕਿ ਕੁਝ ਸਮਾਂ ਪਹਿਲਾਂ ਹਿਆਣਾ ਤੋਂ ਮੰਡੌਰ ਅਜਨੌਦਾ ਸੜਕ ਦੀ ਕੁਝ ਥਾਂਵਾਂ 'ਤੇ ਹਾਲਤ ਖਰਾਬ ਹੋ ਗਈ ਹੈ, ਜਿਸ ਤਹਿਤ ਸੀ.ਐਮ. ਫਲਾਇੰਗ ਸਕੁਐਡ ਵੱਲੋਂ ਇਸ ਸੜਕ ਦੀ ਜਾਂਚ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਵਿੱਚ ਅਜਿਹੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ ਕਿ ਹੁਣ ਸੜਕਾਂ ਸਮੇਤ ਕਿਸੇ ਵੀ ਵਿਕਾਸ ਕਾਰਜਾਂ 'ਚ ਕੋਈ ਵੀ ਘਟੀਆ ਮਿਆਰ ਦਾ ਮਟੀਰੀਅਲ ਵਰਤਣ ਦੀ ਕੋਈ ਗੁਜਾਇਸ਼ ਨਹੀਂ ਰਹੀ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਗਠਿਤ ਕੀਤੇ ਮੁੱਖ ਮੰਤਰੀ ਉਡਣ ਦਸਤੇ 'ਚ 15 ਜ਼ਿਲ੍ਹਿਆਂ ਦੀਆਂ ਸੜਕਾਂ ਚੈਕ ਕਰਨ ਲਈ ਸ਼ਾਮਲ ਮੈਂਬਰ ਲੋਕ ਨਿਰਮਾਣ ਵਿਭਾਗ ਦੇ ਉਸਾਰੀ ਸਰਕਲ ਪਟਿਆਲਾ ਦੇ ਨਿਗਰਾਨ ਇੰਜੀਨੀਅਰ ਮਨਪ੍ਰੀਤ ਸਿੰਘ ਦੂਆ ਨੇ ਦੱਸਿਆ ਕਿ ਉਨ੍ਹਾਂ ਨੇ ਸੜਕ ਦੇ ਤਿੰਨ ਸੈਂਪਲ ਲਏ ਹਨ ਤੇ ਇਹ ਗੁਣਵੱਤਾ ਦੀ ਅਗਲੇਰੀ ਜਾਂਚ ਲਈ ਲੈਬਾਰਟਰੀ ਵਿਖੇ ਭੇਜੇ ਜਾਣਗੇ।

## ਡਾ. ਮੱਟੂ ਨੇ ਚੁਨਾਗਰਾ 'ਚ ਸੁਣੀਆਂ ਲੋਕਾਂ ਦੀਆਂ ਦੁੱਖ-ਤਕਲੀਫਾਂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਿੰਡ ਪਿੰਡ ਜਾ ਕੇ ਲੋਕਾਂ ਦੀਆਂ ਦੁੱਖ ਤਕਲੀਫਾਂ ਜਾਨਣ ਲਈ ਵਿੱਢੀ ਮੁਹਿੰਮ ਤਹਿਤ ਹਲਕਾ ਸ਼ੁਤਰਾਣਾ ਦੇ ਨੌਜਵਾਨ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਪਿੰਡ ਚੁਨਾਗਰਾ ਵਿਖੇ ਬਜ਼ੁਰਗਾਂ, ਨੌਜਵਾਨਾਂ ਦੀਆਂ ਦੁੱਖ ਤਕਲੀਫਾਂ ਸੁਣੀਆਂ।ਇਸ ਮੌਕੇ ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਚੁਨਾਗਰਾ ਵਾਸੀ ਲੰਬੇ ਅਰਸੇ ਤੋਂ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ।ਪਾਤੜਾਂ ਤੋਂ ਚੁਨਾਗਰਾ ਨੂੰ ਜੋੜਨ ਵਾਲੇ ਝੰਬੋ ਚੋਅ 'ਤੇ ਬਣਿਆ ਪੁੱਲ ਦਹਾਕਿਆਂ ਤੋਂ ਨਹੀਂ ਬਣਿਆ, ਪੁੱਲ ਦੇ ਦੋਨਾਂ ਪਾਸੇ ਕੋਈ ਰੇਲਿੰਗ ਨਹੀਂ ਲੱਗੀ।ਜੇਕਰ ਬਾਰਿਸ਼ ਵੱਧ ਪੈ ਜਾਵੇ ਤਾਂ ਪਾਣੀ ਪੁਲ ਦੇ ਉੱਪਰ ਦੀ ਹੁੰਦਾ ਹੈ। ਇਸ ਦੇ ਨਾਲ ਹੀ ਪਿੰਡ ਨੂੰ ਜਾਂਦੀ ਸੜਕ ਦੀ ਹਾਲਤ ਬਹੁਤ ਖਸਤਾ ਹਾਲ ਹੈ, ਜਿਸ ਕਾਰਨ ਲੋਕਾਂ ਨੂੰ ਹਨੇਰੇ ਸਵੇਰੇ ਆਪਣੇ ਘਰਾਂ ਤੱਕ ਸਹੀ ਸਲਾਮਤ ਪਰਤਣ ਦਾ ਵੀ ਖਤਰਾ ਬਣਿਆ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਕੀਤੇ ਵਾਅਦੇ ਝੂਠ ਦਾ ਪੁਲੰਦਾ ਨਿਕਲੇ।ਹਲਕਾ ਸ਼ੁਤਰਾਣਾ 'ਚ ਜ਼ਿਆਦਾਤਰ ਪਿੰਡਾਂ ਨੂੰ ਜਾਂਦੀਆਂ ਸੜਕਾਂ 2023 ਵਿੱਚ ਆਏ ਹੜ੍ਹਾਂ ਨੇ ਤਬਾਹ ਕਰ ਦਿੱਤੀਆਂ ਸਨ, ਪਰ ਹਲਕੇ ਦੇ ਐੱਮ ਐੱਲ ਏ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੋਈ ਚਾਰਾਜੋਈ ਨਹੀਂ ਕੀਤੀ ਗਈ।ਡਾ. ਮੱਟੂ ਨੇ ਕਿਹਾ ਕਿ ਉਹ ਹਲਕੇ ਦੇ ਲੋਕਾਂ ਦੀਆਂ ਦੁੱਖ ਤਕਲੀਫਾਂ ਦਾ ਧਿਆਨ ਸਰਕਾਰ ਤੱਕ ਪਹੁੰਚਾਉਣ ਲਈ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਦੀ ਰੂਪ ਰੇਖਾ ਤਿਆਰ ਕਰਨਗੇ ਤਾਂ ਜੋ ਲੋਕਾਂ ਦੀਆਂ ਸਮੱਸਿਆਵਾਂ ਤੋਂ ਮੂੰਹ ਫੇਰੀ ਬੈਠੇ ਹਲਕੇ ਦੇ ਨੁਮਾਇੰਦੇ ਨੂੰ ਨੀਂਦ ਤੋਂ ਜਗਾਇਆ ਜਾਵੇ।

# ਧਾਲੀਵਾਲ ਨੇ 15 ਕਰੋੜ ਦੀ ਲਾਗਤ ਨਾਲ ਬਣਨ ਵਾਲੀਆਂ 53 ਸੜਕਾਂ 'ਚੋਂ 7 ਸੜਕਾਂ ਦੇ ਰੱਖੇ ਨੀਂਹ ਪੱਥਰ

ਅੰਮ੍ਰਿਤਸਰ/ ਅਜਨਾਲਾ (ਸੁਖਤਿੰਦਰ ਸਿੰਘ ਰਾਜੂ-ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਕਿ ਹਲਕਾ ਅਜਨਾਲਾ 'ਚ ਤਰੱਕੀ ਤੇ ਵਿਕਾਸ ਲਈ ਜੀਵਨ ਰੇਖਾ ਮੰਨੀਆਂ ਜਾਂਦੀਆਂ ਸੜਕਾਂ ਦਾ ਪਹਿਲੇ ਪੜਾਅ 'ਚ ਕਰੀਬ 15 ਕਰੋੜ ਰੁਪਏ ਦੀ ਲਾਗਤ ਨਾਲ 73 ਕਿਲੋਮੀਟਰ ਲੰਮੀਆਂ 53 ਲਿੰਕ ਸੜਕਾਂ ਦਾ ਪ੍ਰੋਜੈਕਟ ਮੰਜ਼ੂਰ ਕਰਵਾ ਕੇ ਲੋੜੀਂਦੀ ਲਾਗਤ ਰਕਮ ਸਰਕਾਰੀ ਖ਼ਜ਼ਾਨੇ 'ਚੋਂ ਸੜਕ ਨਿਰਮਾਣ ਕਾਰਜਾਂ ਦੀ ਜ਼ਿੰਮੇਵਾਰੀ ਨਿਭਾਉਣ ਵਾਲੇ ਸੰਬੰਧਿਤ ਵਿਭਾਗਾਂ ਨੂੰ ਜਾਰੀ ਕਰਵਾ ਦਿੱਤੀ ਗਈ ਹੈ ਅਤੇ ਇਨ੍ਹਾਂ ਮਨਜ਼ੂਰ ਹੋਈਆਂ ਵੱਖ ਵੱਖ ਪਿੰਡਾਂ ਨੂੰ ਜਾਣ ਆਉਣ ਵਾਲੀਆਂ ਸੜਕਾਂ 'ਚੋਂ 7 ਲਿੰਕ ਸੜਕਾਂ ਦੇ ਮੁਰੰਮਤ ਨਿਰਮਾਣ ਕਾਰਜਾਂ ਦਾ ਸੰਬੰਧਿਤ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਦੀ ਹਾਜ਼ਰੀ 'ਚ ਪੂਰੇ ਉਤਸ਼ਾਹ ਨਾਲ ਨਾਅਰਿਆਂ ਦੀ ਗੂੰਜ 'ਚ ਰਸਮੀ ਤੌਰ 'ਤੇ ਰੱਖੇ ਜਾ ਰਹੇ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਧਾਲੀਵਾਲ ਨੇ 59.26 ਲੱਖ ਦੀ ਲਾਗਤ ਨਾਲ ਹਰਸ਼ਾ ਛੀਨਾ ਫ਼ਤਹਿਗੜ੍ਹ ਚੂੜੀਆਂ ਤੋਂ ਸਹਿੰਸਰਾ ਕਲਾਂ ਸੜਕ, 20.3 ਲੱਖ ਰੁਪਏ ਦੀ ਲਾਗਤ ਨਾਲ ਰਾਨੇਵਾਲੀ ਘਰਾਟਾਂ ਤੋਂ ਸਹਿੰਸਰਾ ਕਲਾਂ ਸੜਕ, 36.19 ਲੱਖ ਰੁਪਏ ਦੀ ਲਾਗਤ ਨਾਲ ਮਹਿਲਾਂਵਾਲਾ ਤੋਂ ਸਹਿੰਸਰਾ ਕਲਾਂ ਸੜਕ, 55 ਲੱਖ ਰੁਪਏ ਦੀ ਲਾਗਤ ਨਾਲ ਮਹਿਲਾਂਵਾਲਾ ਤੋਂ ਭੋਏਵਾਲੀ ਸੜਕ,13.88 ਲੱਖ ਰੁਪਏ ਦੀ ਲਾਗਤ ਨਾਲ



ਕੰਦੋਵਾਲੀ ਤੋਂ ਲੰਗਰ ਬਾਬਾ ਭਗਤ ਜੀ ਤਕ ਸੜਕ, 24 ਲੱਖ ਰੁਪਏ ਦੀ ਲਾਗਤ ਨਾਲ ਖਤਰਾਏ ਖੁਰਦ ਤੋਂ ਤੇੜਾ ਖੁਰਦ, 25.55 ਲੱਖ ਰੁਪਏ ਦੀ ਲਾਗਤ ਨਾਲ ਅਜਨਾਲਾ ਫ਼ਤਹਿਗੜ੍ਹ ਚੂੜੀਆਂ ਰੋਡ ਤੋਂ ਵਿਛੋਆ-ਫਿਰਵਰ੍ਹਿਆਂ ਸੜਕ, 9.55 ਲੱਖ ਰੁਪਏ ਦੀ ਲਾਗਤ ਨਾਲ ਕੋਟ ਕੇਸਰਾ ਤੋਂ ਸੁਰਜੀਤ ਸਿੰਘ ਡੇਰਾ ਵਾਇਆ ਫਿਰਵਰ੍ਹਿਆਂ ਸੜਕ ਅਤੇ 23 .49 ਲੱਖ ਰੁਪਏ ਦੀ ਲਾਗਤ ਨਾਲ ਹਰਦੋ ਪੁੱਤਲੀ ਤੋਂ ਝੰਡੇਰ ਸੜਕ ਤੱਕ ਸੜਕਾਂ ਦਾ ਨੀਂਹ ਪੱਥਰ ਰੱਖਣ ਦੀ ਰਸਮੀ ਅਦਾਇਗੀ ਮੌਕੇ ਕੀਤਾ।ਇਸ ਮੌਕੇ ਅਧਿਕਾਰੀ ਤੇ ਠੇਕੇਦਾਰ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ 5 ਸਾਲ ਗਰੰਟੀ ਨਾਲ ਬਣਨ ਜਾਂ ਮੁਰੰਮਤ ਹੋਣ ਜਾ ਰਹੀਆਂ ਇਨ੍ਹਾਂ ਸੜਕਾਂ 'ਚੋਂ ਜੇਕਰ ਪਹਿਲਾਂ ਦੀ ਤਰ੍ਹਾਂ ਜਲਦੀ ਉਖੜਨੀਆਂ ਜਾਂ ਟੁੱਟਣੀਆਂ ਸ਼ੁਰੂ ਹੋ ਜਾਣਗੀਆਂ ਤਾਂ ਇਸਦੀ ਸਿੱਧੀ ਜ਼ਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਟੁੱਟਣ ਵਾਲੀ ਸੜਕ ਦੀ ਮੁਰੰਮਤ ਦੀ ਉਸ ਪਾਸੋਂ ਪਹਿਲਾਂ ਪਾਸ ਟੈਂਡਰ ਦੀ ਵਸੂਲ ਕੀਤੀ ਜਾ ਚੁੱਕੀ ਸਰਕਾਰੀ ਰਕਮ 'ਚੋਂ ਕਰਵਾਈ ਜਾਵੇਗੀ।ਜੇਕਰ ਸੰਭਾਵੀ ਟੁੱਟਣ ਵਾਲੀ ਸੜਕ ਦੇ ਮਾਮਲੇ 'ਚ ਠੇਕੇਦਾਰ ਤੇ ਅਧਿਕਾਰੀਆਂ ਜਾਂ ਕਰਮਚਾਰੀਆਂ ਦੀ ਕਿਸੇ ਮਿਲੀਭੁਗਤ ਦਾ ਠੋਸ ਪ੍ਰਮਾਣ ਮਿਲੇਗਾ ਤਾਂ ਸਖ਼ਤ ਕਾਨੂੰਨੀ ਕਾਰਵਾਈ ਦਾ ਰੁਖ ਅਪਨਾਇਆ ਜਾਵੇਗਾ। ਸ. ਧਾਲੀਵਾਲ ਨੇ ਸੜਕ ਨਿਰਮਾਣ ਕਾਰਜਾਂ 'ਚ ਪਿਛਲੇ ਸਮੇਂ 'ਚ ਹੁੰਦੇ ਰਹੇ ਘਪਲਿਆਂ ਲਈ ਸਿੱਧੇ ਤੌਰ ਤੇ ਸਾਬਕਾ ਕਾਂਗਰਸ ਤੇ ਅਕਾਲੀ ਭਾਜਪਾ ਸਰਕਾਰਾਂ ਨੂੰ ਕਟਹਿਰੇ 'ਚ ਖੜਾ ਕੀਤਾ। ਉਨ੍ਹਾਂ ਨੇ ਪਿੰਡ ਵਾਸੀਆਂ ਕੋਲੋਂ ਵੀ ਸੜਕਾਂ ਦੇ ਨਿਰਮਾਣ ਕਾਰਜਾਂ 'ਚ ਗੁਣਵੱਤਾ ਕਾਇਮ ਰੱਖਣ ਲਈ ਸਹਿਯੋਗ ਦਾ ਸੱਦਾ ਦਿੱਤਾ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਪੀ ਏ ਮੁਖ਼ਤਾਰ ਸਿੰਘ ਬਲੜਵਾਲ, ਗੁਰਜੰਟ ਸਿੰਘ ਸੋਹੀ, ਮਾਰਕੀਟ ਕਮੇਟੀ ਅਜਨਾਲਾ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ ਸਮੇਤ ਪੀਡਬਯੂਡੀ ਪੰਜਾਬ ਮੰਡੀ ਬੋਰਡ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਅੱਜ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 28 ਅਕਤੂਬਰ (ਗੁਰਜੀਤ ਬਿੱਲਾ)-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ ਬੀ ਈ ਈ) ਅਤੇ ਮਾਡਲ ਕਰੀਅਰ ਸੈਂਟਰ, (ਐੱਮ ਸੀ ਸੀ) ਐੱਸ.ਏ.ਐੱਸ ਨਗਰ ਵੱਲੋਂ ਮਿਤੀ 29 ਅਕਤੂਬਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਕਮਰਾ ਨੰ.461, ਤੀਜੀ ਮੰਜਿਲ, ਸੈਕਟਰ-76 ਮੋਹਾਲੀ ਵਿਖੇ ਕੀਤਾ ਜਾ ਰਿਹਾ ਹੈ। ਇਸ ਪਲੇਸਮੈਂਟ ਕੈਂਪ ਦਾ ਸਮਾਂ ਸਵੇਰ 10:00 ਵਜੇ ਤੋਂ ਦੁਪਹਿਰ 01.00 ਵਜੇ ਤੱਕ ਹੋਵੇਗਾ। ਡੀ ਬੀ ਈ ਈ ਐੱਸ ਏ ਐੱਸ ਨਗਰ ਦੇ ਡਿਪਟੀ ਡਾਇਰੈਕਟਰ, ਹਰਪ੍ਰੀਤ ਸਿੰਘ ਮਾਨਸ਼ਾਹੀਆਂ ਵੱਲੋਂ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਜਿਸ ਤਹਿਤ ਉਕਤ ਪਲੇਸਮੈਂਟ ਕੈਂਪਾਂ ਦਾ ਆਯੋਜਨ ਕੀਤਾ ਜਾਣਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਕੈਂਪ ਵਿੱਚ ਡੀਮਾਰਟ, ਮਾਹਰਾਜ 70, ਏ.ਟੀ.ਐਸ, ਕੈਸਪਰੋ ਆਈ.ਟੀ ਅਤੇ ਟੀ.ਡੀ.ਐਸ ਕੰਪਨੀਆਂ ਵੱਲੋਂ 12ਵੀਂ, ਗ੍ਰੈਜੂਏਟ, ਬੀ.ਟੈਕ ਅਤੇ ਐਮ.ਸੀ.ਏ ਪਾਸ ਪ੍ਰਾਰਥੀਆਂ ਦੀ ਚੋਣ ਵੱਖ-ਵੱਖ ਅਸਾਮੀਆਂ ਲਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਚੁਣੇ ਗਏ ਪ੍ਰਾਰਥੀਆਂ ਦੀ ਤਨਖਾਹ ਕੰਪਨੀ ਨੋਰਮਜ਼ ਅਨੁਸਾਰ ਹੋਵੇਗੀ ਤੇ ਕੰਮ ਕਰਨ ਦਾ ਸਥਾਨ ਮੋਹਾਲੀ ਹੋਵੇਗਾ।ਪ੍ਰਾਰਥੀ ਆਪਣੀ ਯੋਗਤਾ ਦੇ ਅਸਲ ਸਰਟੀਫਿਕੇਟ, ਰਿਜ਼ਿਊਮ ਸਮੇਤ ਫਾਰਮਲ ਡਰੈੱਸ ਵਿੱਚ ਸਮੇਂ ਸਿਰ ਆਉਣ ਦੀ ਖੇਚਲ ਕਰਨ।

# ਸੈਸ਼ਨ ਜੱਜ ਵੱਲੋਂ ਹੜ੍ਹ ਪ੍ਰਭਾਵਿਤ ਸਕੂਲਾਂ 'ਚ ਜ਼ਰੂਰਤਮੰਦ ਬੱਚਿਆਂ ਨੂੰ ਸਟੇਸ਼ਨਰੀ ਦਾ ਸਾਮਾਨ ਭੇਟ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਦਿਲਬਾਗ ਸਿੰਘ ਜੌਹਲ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ, ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀ ਯੋਗ ਰਹਿਨੁਮਾਈ ਸ਼੍ਰੀ ਹਰਪ੍ਰੀਤ ਸਿੰਘ, ਸੀਜੇਐੱਮ-ਸਹਿਤ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਹੜ੍ਹ ਪ੍ਰਭਾਵਿਤ ਸਕੂਲ ਜਿਵੇਂ ਕਿ ਸਰਕਾਰੀ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲ, ਧਰਮਕੋਟ ਰੰਧਾਵਾ, ਸਰਕਾਰੀ ਮਿਡਲ ਸਕੂਲ, ਹਰੂਵਾਲ, ਸਰਕਾਰੀ ਮਿਡਲ ਸਕੂਲ ਰੱਤਾ ਅਬਦਾਲ ਅਤੇ ਪ੍ਰਾਇਮਰੀ ਸਕੂਲ ਧਰਮਕੋਟ ਪੱਤਣ ਦੇ ਜ਼ਰੂਰਤਮੰਦ ਬੱਚਿਆਂ ਨੂੰ ਸਟੇਸ਼ਨਰੀ ਦਾ ਸਾਮਾਨ ਵੰਡਿਆ ਗਿਆ।



ਇਸ ਮੌਕੇ ਪਰਮਿੰਦਰ ਸਿੰਘ ਸੈਣੀ, ਜ਼ਿਲ੍ਹਾ ਗਾਈਡੈਂਸ ਕਾਊਂਸਲਰ-ਕਮ-ਨੋਡਲ ਅਫਲ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਸਕੂਲ ਸਟਾਫ ਮੌਜੂਦ ਸੀ।ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ, ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਅਤੇ ਪ੍ਰਾਇਮਰੀ), ਗੁਰਦਾਸਪੁਰ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ 16 ਸਕੂਲਾਂ ਦੇ 450 ਬੱਚਿਆਂ ਦੀ ਲਿਸਟ ਮੰਗਵਾਈ ਗਈ, ਜਿਨ੍ਹਾਂ ਨੂੰ ਸਟੇਸ਼ਨਰੀ ਦੇ ਸਮਾਨ ਦੀ ਜ਼ਰੂਰਤ ਸੀ।ਇਨ੍ਹਾਂ ਸਕੂਲਾਂ ਵਿੱਚ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਸਕੂਲਾਂ ਦਾ ਦੌਰਾ ਕੀਤਾ ਗਿਆ ਅਤੇ ਸਕੂਲਾਂ ਵਿੱਚ ਜ਼ਰੂਰਤਮੰਦ ਬੱਚਿਆਂ ਨੂੰ ਸਟੇਸ਼ਨਰੀ ਆਇਟਮਸ ਜਿਵੇਂ ਕਿ ਸਕੂਲ ਬੈਗ, 10 ਕਾਪੀਆਂ, 05 ਪੈੱਨ, 05 ਪੈਨਸਿਲ, ਇਰੇਜਰ, ਸ਼ਾਰਪਨਰ, ਪਾਣੀ ਦੀਆਂ ਬੋਤਲਾਂ ਅਤੇ ਜਿਉਮੈਟਰੀ ਬਾਕਸ ਆਦਿ ਵੰਡੇ ਗਏ ਤਾਂ ਜੋ ਬੱਚੇ ਹੜ੍ਹਾਂ ਤੋਂ ਬਾਅਦ ਹੋਏ ਨੁਕਸਾਨ ਦੇ ਬਾਵਜੂਦ ਆਪਣੀ ਪੜ੍ਹਾਈ ਜਾਰੀ ਰੱਖ ਸਕਣ।

ਇਸ ਤੋਂ ਇਲਾਵਾ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ, ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਸਰਕਾਰੀ ਮਿਡਲ ਸਕੂਲ ਰੱਤੜ ਛੱਤੜ ਵਿਖੇ ਆਰ. ਓ. ਵੀ ਡੋਨੇਟ ਕੀਤਾ ਗਿਆ।ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ, ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਸਕੂਲੀ ਬੱਚਿਆਂ ਨਾਲ ਆਪਣੇ ਜੀਵਨ ਦਾ ਤਜਰਬਾ ਸਾਂਝਾ ਕੀਤਾ ਅਤੇ ਵਿਦਿਆਰਥੀਆਂ ਨੂੰ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕੀਤਾ।

# ਬਲਾਕ ਪੱਧਰੀ ਖੇਡਾਂ 'ਚ ਪਹਿਲੇ ਤੇ ਦੂਸਰੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਦਾ ਸਨਮਾਨ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਪੰਜਾਬ ਸਰਕਾਰ ਵੱਲੋਂ ਪ੍ਰਾਇਮਰੀ ਸਕੂਲਾਂ ਦੀਆਂ ਬਲਾਕ ਪੱਧਰੀ ਖੇਡਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਕਾਲਗੜ੍ਹ ਢੱਪਈਆਂ ਵਿਖੇ ਕਰਵਾਈਆਂ ਗਈਆਂ ਜਿਸ ਵਿਚ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਆਪਣੇ ਖੇਡਾਂ ਦੇ ਜੌਹਰ ਦਿਖਾਏ। ਇਸੇ ਤਰ੍ਹਾਂ ਸੱਤਿਆ ਭਾਰਤੀ ਸਕੂਲ ਖਿਦੋਵਾਲੀ ਦੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ।



100, 200 ਮੀਟਰ ਦੌੜ, ਖੋ-ਖੋ, ਕਬੱਡੀ, ਰਿਲੇਅ ਦੌੜਾਂ, ਲੰਬੀ ਛਾਲ, ਫੁੱਟਬਾਲ ਆਦਿ ਵਿਚ ਸਕੂਲ ਦੀ ਟੀਮਾਂ ਜੇਤੂ ਰਹੀਆਂ।ਜੇਤੂ ਵਿਦਿਆਰਥੀਆਂ ਦਾ ਸਕੂਲ ਪਹੁੰਚਣ ਤੇ ਸਕੂਲ ਦੀ ਪ੍ਰਿੰਸੀਪਲ ਮੈਡਮ ਪਰਮਜੀਤ ਕੌਰ ਤੇ ਸਟਾਫ਼ ਵੱਲੋਂ ਸਵਾਗਤ ਕੀਤਾ ਗਿਆ ।ਪ੍ਰਿੰਸੀਪਲ ਨੇ ਸਵਾਗਤ ਕਰਦਿਆਂ ਕਿਹਾ ਕਿ ਸੱਤਿਆ ਭਾਰਤੀ ਸਕੂਲ ਦੀ ਇਹ ਖਾਸੀਅਤ ਹੈ ਕਿ ਬੱਚਿਆਂ ਨੂੰ ਹਰ ਖੇਤਰ ਚਾਹੇ ਉਹ ਖੇਡਾਂ, ਧਾਰਮਿਕ ਜਾਂ ਵਿਦਿਅਕ ਹੋਵੇ ਦੇ ਵਿਚ ਨਿਪੁੰਨ ਬਣਾਇਆ ਜਾਂਦਾ ਹੈ।ਇਸ ਲਈ ਸਾਨੂੰ ਬਚਪਨ ਤੋਂ ਹੀ ਬੱਚਿਆ ਵਿਚ ਖੇਡਾਂ ਦੀ ਰੁਚੀ ਪੈਦਾ ਕਰਨੀ ਚਾਹੀਦੀ ਹੈ ਤਾਂ ਜੋ ਬੱਚਿਆਂ ਦਾ ਮਾਨਸਿਕ, ਅਤੇ ਸਰੀਰਿਕ ਵਿਕਾਸ ਹੋ ਸਕੇ। ਇਸ ਮੌਕੇ ਮੈਡਮ ਸੰਦੀਪ ਕੌਰ, ਮੈਡਮ ਪ੍ਰਮਜੀਤ ਸਿੰਘ, ਮੈਡਮ ਨਵਜੋਤ ਕੌਰ, ਮੈਡਮ ਦਲਜੀਤ ਕੌਰ, ਮੈਡਮ ਰਾਜਵਿੰਦਰ ਕੌਰ, ਮੈਡਮ ਲਵਪ੍ਰੀਤ ਕੌਰ, ਮੈਡਮ ਸ਼ਰਨਜੀਤ ਕੌਰ ਅਤੇ ਵੱਡੀ ਗਿਣਤੀ ਵਿਚ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਬੀਬੀ ਸੁਖਵਿੰਦਰ ਕੌਰ ਰੰਧਾਵਾ ਦੀ ਜਿੱਤ ਯਕੀਨੀ: ਸੰਦੀਪ ਸਿੰਘ ਏ ਆਰ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਚ ਵਿਧਾਨ ਸਭਾ ਹਲਕਾ ਤਰਨ ਤਾਰਨ ਦੀ 11 ਨਵੰਬਰ ਨੂੰ ਹੋਣ ਵਾਲੀ ਜ਼ਿਮਨੀ ਚੋਣ 'ਚ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਖਵਿੰਦਰ ਕੌਰ ਹਲਕੇ ਦੇ ਲੋਕਾਂ ਦੇ ਪਿਆਰ ਸਦਕਾ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਕੇ ਵਿਰੋਧੀਆਂ ਦੇ ਸਾਰੇ ਭਰਮ ਭਲੇਖੇ ਦੂਰ ਕਰੇਗੀ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਜੰਡਿਆਲਾ ਗੁਰੂ ਦੇ ਇੰਚਾਰਜ ਸੰਦੀਪ ਸਿੰਘ ਏਆਰ ਵੱਲੋਂ ਆਪਣੇ ਸਾਥੀਆਂ ਸਮੇਤ ਤਰਨ ਤਾਰਨ ਜ਼ਿਮਨੀ ਚੋਣ ਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬੀਬੀ ਸੁਖਵਿੰਦਰ ਕੌਰ ਰੰਧਾਵਾ ਦੇ ਹੱਕ 'ਚ ਵੱਖ ਵੱਖ ਪਿੰਡਾਂ ਦੇ ਘਰਾਂ ਵਿੱਚ ਜਾ ਕੇ ਚੋਣ ਪ੍ਰਚਾਰ ਪ੍ਰਚਾਰ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਸੰਦੀਪ ਸਿੰਘ ਏਆਰ ਨੇ ਕਿਹਾ ਕਿ ਹਲਕੇ ਦੇ ਪਿੰਡ ਪੱਧਰ 'ਤੇ ਘਰ-ਘਰ ਜਾ ਕੇ ਵੋਟਰਾਂ ਨੂੰ ਲਾਮਬੰਦ ਕਰਨ ਲਈ ਜੰਡਿਆਲਾ ਗੁਰੂ ਹਲਕੇ ਦੇ ਆਗੂ ਤੇ ਵਰਕਰ ਦਿਨ-ਰਾਤ ਇਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬੀਬੀ ਸੁਖਵਿੰਦਰ ਕੌਰ ਨੂੰ ਹਲਕੇ ਦੇ ਲੋਕਾਂ ਦਾ ਪਿਆਰ ਬੇਹਦ ਮਿਲ ਰਿਹਾ ਹੈ ਜਿਸ ਸਦਕਾ ਉਨ੍ਹਾਂ ਦੀ ਜਿੱਤ ਯਕੀਨੀ ਹੈ। ਇਸ ਮੌਕੇ ਤੇ ਰਵਿੰਦਰ ਸਿੰਘ ਬ੍ਰਹਮਪੁਰਾ, ਸਰਕਲ ਆਗੂ ਮਨਜੀਤ ਸਿੰਘ ਤਰਸਿੱਕਾ, ਜਥੇਦਾਰ ਗੁਰਜਿੰਦਰ ਸਿੰਘ ਢਪੱਈਆਂ, ਜੋਧਬੀਰ ਸਿੰਘ ਜੋਧਾ ਖੁਜਾਲਾ ਆਦਿ ਸ਼ਾਮਿਲ ਸਨ।



# ਆਸ਼ਾ ਵਰਕਰਜ਼ ਤੇ ਫੈਸਿਲੀਟੇਟਰਜ਼ ਵੱਲੋਂ ਪਹਿਲੀ ਨਵੰਬਰ ਨੂੰ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ

**ਪੱਟੀ (ਬਲਦੇਵ ਸਿੰਘ ਸੰਧੂ)**-ਆਲ ਇੰਡੀਆ ਆਸ਼ਾ ਵਰਕਰਜ਼ ਆਸ਼ਾ ਫੈਸਿਲੀਟੇਟਰਜ਼ ਪ. ਸ. ਸ. ਫ. ਮੁੱਖ ਦਫ਼ਤਰ 1680/22- ਬੀ ਚੰਡੀਗੜ੍ਹ ਗਰੁੱਪ ਏਟਕ ਦੇ ਜ਼ਿਲਾ ਪ੍ਰਧਾਨ ਮੀਟਿੰਗ ਵਿੱਚ ਆਪਣੀਆਂ ਲਮਕ ਅਵਸਥਾ ਵਿਚ ਪਾਈਆਂ ਮੰਗਾਂ ਅਤੇ ਮੁਸ਼ਕਲਾਂ 'ਤੇ ਗਹਿਰਾ ਦੁੱਖ ਪ੍ਰਗਟਾਇਆ ਗਿਆ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਾਰ ਸਾਲ ਬੀਤ ਜਾਣ ਤੋਂ ਬਾਅਦ ਵੀ ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਵਰਕਰਾਂ ਦੀਆਂ ਮੰਗਾਂ ਵੱਲ ਰਤਾ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ।ਆਗੂਆਂ ਨਾਲ ਲਗਾਤਾਰ ਪੰਜਾਬ ਸਰਕਾਰ ਦੇ ਪੰਜਾਬ ਸਿਹਤ ਮੰਤਰੀ ਬਲਵੀਰ ਸਿੰਘ ਅਤੇ ਪੰਜਾਬ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਮੀਟਿੰਗ ਕਰਨ ਦੇ ਬਾਵਜੂਦ ਮੰਨੀਆਂ ਮੰਗਾਂ ਜਿਵੇ ਕਿ ਹੜਾਂ ਨੂੰ ਮੱਦੇਨਜ਼ਰ ਰੱਖਦੇ ਕਰੋਨਾ ਮਹਾਂਮਾਰੀ ਵਾਲਾ ਕੱਟਿਆ ਭੱਤਾ ਮੁੜ ਤੋਂ ਚਾਲੂ ਕਰਨਾ, ਆਨਲਾਈਨ ਕੰਮਾਂ ਲਈ ਟੈਬ ਰਹਿੰਦੀਆਂ ਮੰਗਾਂ ਉਜ਼ਰਤਾਂ ਅਤੇ ਕਨੂੰਨ ਅਨੁਸਾਰ ਰੈਗੂਲਰ ਕਰਦਿਆਂ 26000 ਰੁਪਏ ਲਾਗੂ ਕਰਨਾ, ਸੇਵਾ ਮੁਕਤ ਵਰਕਰਾਂ ਨੂੰ ਗੁਆਂਢੀ ਰਾਜ ਹਰਿਆਣਾ ਦੀ ਤਰਜ 'ਤੇ ਸਹਾਇਤਾ ਫੰਡ 5 ਲੱਖ ਰੁਪਏ ਦੇਣਾ ਤੇ ਪੈਨਸ਼ਨ ਦਾ ਪ੍ਰਬੰਧ ਕਰਨਾ, ਫੈਸਿਲੀਟੇਟਰਜ਼ ਨੂੰ ਕੇਂਦਰ ਤੋਂ ਮਿਲਣ ਵਾਲਾ ਭੱਤਾ, ਟੂ ਮਨੀ ਵਿੱਚ ਵਾਧਾ, ਕੱਟੇ ਭੱਤੇ ਬਹਾਲ ਕਰਨ, ਸੱਤਾ ਵਿੱਚ ਆਉਣ ਲਈ ਚੋਣਾਂ ਤੋਂ ਪਹਿਲਾਂ ਵਰਕਰਾਂ ਨਾਲ ਅਮ੍ਰਿਤਸਰ ਸਾਹਿਬ ਦੀ ਧਰਤੀ ਤੇ ਕੀਤੇ ਵਾਅਦੇ ਅਨਰੇਰੀਅਨ ਫੰਡਾਂ ਵਿੱਚੋਂ ਮਿਲਣ ਵਾਲੇ ਫਿਕਸ ਭੱਤੇ 2500 ਰੁਪਏ ਨੂੰ 10 ਹਜ਼ਾਰ ਤੁਰੰਤ ਕਰਨ ਦੇ ਵਾਅਦੇ ਝੂਠੇ ਸਾਬਤ ਹੋ ਰਹੇ ਹਨ।ਰੋਸ ਵਜੋਂ ਪੰਜਾਬ ਭਰ ਦੀਆਂ ਵਰਕਰਾਂ 01 ਨਵੰਬਰ ਨੂੰ ਆਮ ਆਦਮੀ ਪਾਰਟੀ ਦੇ ਦਫ਼ਤਰ ਤਰਨਤਾਰਨ ਰੋਸ ਪ੍ਰਦਰਸ਼ਨ ਅਤੇ ਮੁਜ਼ਾਹਰਾ ਕਰਨਗੀਆਂ।ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ ਮੀਤ ਪ੍ਰਧਾਨ ਸਰਬਜੀਤ ਕੌਰ, ਵੀਰਪਾਲ ਕੌਰ ਸੈਕਟਰੀ, ਜ਼ਿਲੇ ਦੀ ਖਜ਼ਾਨਚੀ ਰਾਜਵਿੰਦਰ ਕੌਰ, ਅਮਨਦੀਪ ਕੌਰ, ਬਲਾਕ ਪ੍ਰਧਾਨ ਰਾਜਬੀਰ ਕੌਰ, ਵਾਈਸ ਚੇਅਰਮੈਨ ਕੁਲਵੰਤ ਕੌਰ, ਪ੍ਰਧਾਨ ਬਲਾਕ ਪ੍ਰਧਾਨ ਗੁਰਵੰਤ ਕੌਰ ਝਬਾਲ ਆਦਿ ਹਾਜ਼ਰ ਸਨ।



# ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਦੇ ਦਰਜਨਾਂ ਆਗੂ 'ਆਪ' ਵਿੱਚ ਸ਼ਾਮਿਲ

ਤਰਨਤਾਰਨ, (ਪ੍ਰਿਤਪਾਲ ਸਿੰਘ)-ਆਮ ਆਦਮੀ ਪਾਰਟੀ (ਆਪ) ਨੂੰ ਤਰਨਤਾਰਨ ਵਿੱਚ ਵੱਡਾ ਰਾਜਨੀਤਿਕ ਹੁਲਾਰਾ ਮਿਲਿਆ ਜਦੋਂ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੇ ਕਈ ਸੀਨੀਅਰ ਆਗੂ ਅਤੇ ਅਹੁਦੇਦਾਰ ਪਾਰਟੀ ਵਿੱਚ ਸ਼ਾਮਲ ਹੋਏ।ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੇਰ ਕਲਸੀ ਨੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਅਤੇ ਡਾ. ਐੱਸ. ਐੱਸ. ਆਹਲੂਵਾਲੀਆ ਦੀ ਮੌਜੂਦਗੀ ਵਿੱਚ ਸਾਰੇ ਨਵੇਂ ਮੈਂਬਰਾਂ ਨੂੰ ਪਾਰਟੀ ਵਿੱਚ ਸ਼ਾਮਿਲ ਕਰਾਇਆ ਤੇ ਉਨ੍ਹਾਂ ਦਾ ਸਵਾਗਤ ਕੀਤਾ। ਆਪ ਵਿੱਚ ਸ਼ਾਮਲ ਹੋਣ ਵਾਲੇ ਪ੍ਰਮੁੱਖ ਆਗੂਆਂ ਵਿੱਚ ਦਿਲਬਾਗ ਸਿੰਘ (ਭਾਜਪਾ), ਐੱਮ. ਸੀ.. ਹਰਭੇਜ ਸਿੰਘ, ਬਿਕਰਮ ਸਿੰਘ ਬੱਲ, ਰਿੰਕੂ ਮਸੀਹ, ਗੁਰਭੇਜ ਸਿੰਘ, ਸ਼ਮਸ਼ੇਰ ਸਿੰਘ, ਗੁਰਲਾਲ ਸਿੰਘ, ਸੱਜਣ, ਬਾਜ ਸਿੰਘ, ਮਨਪ੍ਰੀਤ ਸਿੰਘ, ਜਤਿੰਦਰ ਸਿੰਘ, ਸੁਰਿੰਦਰ ਸਿੰਘ, ਰਾਹੁਲ ਸ਼ਰਮਾ, ਮੇਜਰ ਸਿੰਘ, ਸੁਰਜੀਤ ਸਿੰਘ, ਅਮਨਦੀਪ ਸਿੰਘ, ਪ੍ਰਭਜੋਤ ਸਿੰਘ, ਜਗਜੀਤ ਸਿੰਘ, ਹਰਪ੍ਰੀਤ ਸਿੰਘ, ਚੇਅਰਮੈਨ ਬਲਵਿੰਦਰ ਸਿੰਘ, ਭਾਜਪਾ ਆਗੂ ਗੁਰਬੀਰ ਸਿੰਘ ਫੌਜੀ, ਪੰਚਾਇਤ ਮੈਂਬਰ ਗੁਰਵਿੰਦਰ ਸਿੰਘ, ਗੁਰਜੀਤ ਸਿੰਘ, ਹਰਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਹਰਚਰਨ ਸਿੰਘ ਸੋਨੂੰ, ਗੁਰਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਵਿਕਰਮ ਸਿੰਘ, ਲਵਪ੍ਰੀਤ ਸਿੰਘ, ਜਜਬੀਰ ਸਿੰਘ ਅਤੇ ਜ਼ਿਲ੍ਹਾ



ਪ੍ਰਧਾਨ ਗੁਰਸ਼ਬਦ ਬੋੜਵਾਲ ਸ਼ਾਮਲ ਸਨ।ਇਸ ਮੌਕੇ ਡਾ. ਐੱਸ. ਐੱਸ. ਆਹਲੂਵਾਲੀਆ ਨੇ ਕਿਹਾ ਕਿ ਤਿੰਨਾਂ ਰਵਾਇਤੀ ਪਾਰਟੀਆਂ ਦੇ ਸੀਨੀਅਰ ਆਗੂਆਂ ਦਾ ਆਪ ਵਿੱਚ ਸ਼ਾਮਲ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਪੰਜਾਬ ਦਾ ਰਾਜਨੀਤਿਕ ਦ੍ਰਿਸ਼ ਬਦਲ ਰਿਹਾ ਹੈ।ਜਨਤਾ ਭ੍ਰਿਸ਼ਟਾਚਾਰ ਅਤੇ ਝੂਠੇ ਵਾਅਦਿਆਂ ਤੋਂ ਤੰਗ ਆ ਚੁੱਕੀ ਹੈ। ਉਹ ਹੁਣ ਇਮਾਨਦਾਰ ਅਤੇ ਮਿਹਨਤੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਖੜ੍ਹੇ ਹਨ।ਨਵੇਂ ਸ਼ਾਮਲ ਹੋਏ ਆਗੂਆਂ ਨੇ ਹਰ ਪਿੰਡ ਅਤੇ ਵਾਰਡ ਵਿੱਚ ਆਮ ਆਦਮੀ ਪਾਰਟੀ ਅਤੇ ਉਸ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੂੰ ਮਜ਼ਬੂਤ ਕਰਨ ਲਈ ਪੂਰੇ ਦਿਲ ਨਾਲ ਕੰਮ ਕਰਨ ਦਾ ਵਾਅਦਾ ਕੀਤਾ।

# ਤਰਕਸ਼ੀਲ ਸੁਸਾਇਟੀ ਵੱਲੋਂ ਗ਼ਦਰੀ ਬਾਬਿਆਂ ਦੇ ਮੇਲੇ 'ਚ ਹੁੰਮ-ਹੁਮਾ ਕੇ ਪਹੁੰਚਣ ਦਾ ਸੱਦਾ

## * ਗ਼ਦਰੀ ਬਾਬਿਆਂ ਦੀ ਇਨਕਲਾਬੀ ਵਿਰਾਸਤ ਉੱਤੇ ਪਹਿਰਾ ਦੇਣ ਦੀ ਲੋੜ: ਰਾਜਿੰਦਰ ਭਦੌੜ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਨੇ ਪੰਜਾਬ ਦੀਆਂ ਸਮੂਹ ਤਰਕਸ਼ੀਲ ਇਕਾਈਆਂ ਦੇ ਆਗੂਆਂ ਅਤੇ ਮੈਂਬਰਾਂ ਸਮੇਤ ਦੇਸ਼ ਵਿਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਨੌਜਵਾਨਾਂ, ਵਿਦਿਆਰਥੀਆਂ, ਔਰਤਾਂ, ਲੇਖਕਾਂ, ਬੁੱਧੀਜੀਵੀਆਂ, ਸਾਹਿਤਕਾਰਾਂ, ਵਿਦਵਾਨਾਂ, ਕਵੀਆਂ, ਰੰਗ ਕਰਮੀਆਂ, ਜਮਹੂਰੀ ਕਾਮਿਆਂ ਅਤੇ ਜਨਤਕ ਜੱਥੇਬੰਦੀਆਂ ਤੋਂ ਇਲਾਵਾ ਸਮੂਹ ਵਰਗਾਂ ਦੇ ਲੋਕਾਂ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ ਗ਼ਦਰੀ ਬਾਬਿਆਂ ਦੀ ਇਨਕਲਾਬੀ ਵਿਰਾਸਤ ਨੂੰ ਸਿਜਦਾ ਕਰਨ ਅਤੇ ਮੌਜੂਦਾ ਸਮੇਂ ਦੀਆਂ ਗੰਭੀਰ ਚੁਣੌਤੀਆਂ ਦਾ ਟਾਕਰਾ ਕਰਨ ਲਈ 30 ਅਕਤੂਬਰ ਤੋਂ 2 ਨਵੰਬਰ ਸਵੇਰ ਤੱਕ ਚਲਣ ਵਾਲੇ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਆਪਣੇ ਪਰਿਵਾਰਾਂ ਅਤੇ ਸੰਗੀ-ਸਾਥੀਆਂ, ਸਨੇਹੀਆਂ ਸਮੇਤ ਵੱਡੀ ਗਿਣਤੀ ਵਿੱਚ ਜ਼ਰੂਰ ਪਹੁੰਚਣ।ਤਰਕਸ਼ੀਲ ਸੁਸਾਇਟੀ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਰਾਜਪਾਲ ਬਠਿੰਡਾ, ਸੁਖਵਿੰਦਰ ਬਾਗਪੁਰ ਅਤੇ ਸੁਮੀਤ ਅੰਮ੍ਰਿਤਸਰ ਨੇ ਇਸ ਸਬੰਧੀ ਬਿਆਨ ਜਾਰੀ ਕਰਦਿਆਂ ਕਿਹਾ ਕਿ ਗ਼ਦਰੀ ਬਾਬਿਆਂ ਦੇ 34ਵੇਂ ਮੇਲੇ 'ਚ ਬੌਧਿਕ ਚਿੰਤਨ, ਵਿਗਿਆਨਕ ਚੇਤਨਾ ਅਤੇ ਸ਼ਾਨਾਮਤੀ ਇਤਿਹਾਸ ਦੀ ਮੌਜੂਦਾ ਸਮਿਆਂ ਅੰਦਰ ਪ੍ਰਸੰਗਿਕਤਾ ਉਘਾੜਨ ਉਪਰ ਵਿਸ਼ੇਸ਼ ਤੌਰ ਤੇ ਧਿਆਨ ਕੇਂਦਰਿਤ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਵਿਚਾਰਾਂ ਦੀ ਅਹਿਮ ਕੜੀ ਵਜੋਂ 31 ਅਕਤੂਬਰ ਦੁਪਹਿਰ 2 ਵਜੇ ਬੌਧਿਕ ਵਿਚਾਰ ਚਰਚਾ ਦਾ ਆਯੋਜਨ ਕੀਤਾ ਜਾਵੇਗਾ ਜਿਸ ਨੂੰ ਨਾਮਵਰ ਵਿਦਵਾਨ ਪ੍ਰੋ. ਪ੍ਰਭਾਤ



ਪਟਨਾਇਕ ਅਤੇ ਉਘੇ ਨਾਟਕਕਾਰ ਡਾ. ਸਵਰਾਜਬੀਰ ਸੰਬੋਧਨ ਕਰਨਗੇ।ਸੂਬਾ ਕਮੇਟੀ ਆਗੂਆਂ ਰਾਜੇਸ਼ ਅਕਲੀਆ, ਜਸਵੰਤ ਮੋਹਾਲੀ, ਸੁਰਜੀਤ ਟਿੱਬਾ, ਰਾਮ ਸਵਰਨ ਲੱਖੇਵਾਲੀ ਅਤੇ ਜੋਗਿੰਦਰ ਕੁੱਲੇਵਾਲ ਨੇ ਦੱਸਿਆ ਕਿ 31 ਅਕਤੂਬਰ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਦੀ ਲੋੜ ਸੰਬੰਧੀ ਆਪਣੇ ਵਿਚਾਰ ਸਾਂਝੇ ਕਰਨਗੇ ਅਤੇ ਤਿੰਨੇ ਦਿਨ ਤਰਕਸ਼ੀਲ ਸੁਸਾਇਟੀ ਦੀ ਸਾਹਿਤ ਵੈਨ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ।ਇਸੇ ਦਿਨ ਕਵੀ ਦਰਬਾਰ ਉਪਰੰਤ ਸ਼ਾਮ ਨੂੰ ਫਲਸਤੀਨੀ ਲੋਕਾਂ ਅਤੇ ਆਦਿਵਾਸੀਆਂ-ਮਾਓਵਾਦੀ ਇਨਕਲਾਬੀਆਂ ਉਤੇ ਹੋ ਰਹੇ ਜਬਰ ਸੰਬੰਧੀ ਦੋ ਫ਼ਿਲਮ ਸ਼ੋਅ ਵਿਖਾਏ ਜਾਣਗੇ।ਇਸਦੇ ਇਲਾਵਾ 1 ਨਵੰਬਰ ਨੂੰ ਸਵੇਰੇ 10 ਵਜੇ ਅਮੋਲਕ ਸਿੰਘ ਵੱਲੋਂ ਲਿਖੇ ਝੰਡੇ ਦੇ ਗੀਤ ਦੀ ਵੱਖ ਵੱਖ ਕਲਾਕਾਰਾਂ ਵੱਲੋਂ ਪੇਸ਼ਕਾਰੀ ਤੋਂ ਬਾਅਦ ਜੰਮੂ ਕਸ਼ਮੀਰ ਤੋਂ ਨਾਮਵਰ ਵਿਦਵਾਨ ਮੁਹੰਮਦ ਯੂਸਫ ਤਾਰੀਗਾਮੀ ਅਤੇ ਲੋਕ ਪੱਖੀ ਬੁੱਧੀਜੀਵੀ ਤੇ ਮਨੁੱਖੀ ਅਧਿਕਾਰ ਕਾਰਕੁੰਨ ਡਾ.ਨਵਸ਼ਰਨ ਮੌਜੂਦਾ ਫਾਸ਼ੀਵਾਦੀ ਹਕੂਮਤਾਂ ਵੱਲੋਂ ਨਾਗਰਿਕਾਂ ਦੇ ਜਮਹੂਰੀ ਹੱਕਾਂ ਤੇ ਕੀਤੇ ਜਾ ਰਹੇ ਫਾਸ਼ੀ ਹਮਲਿਆਂ ਅਤੇ ਜਮਹੂਰੀ ਸ਼ਕਤੀਆਂ ਵੱਲੋਂ ਉਨ੍ਹਾਂ ਦਾ ਟਾਕਰਾ ਕਰਨ ਸਬੰਧੀ ਆਪਣੇ ਵਡਮੁੱਲੇ ਵਿਚਾਰ ਪੇਸ਼ ਕਰਨਗੇ। ਸੂਬਾ ਕਮੇਟੀ ਆਗੂਆਂ ਜਸਵਿੰਦਰ ਫਗਵਾੜਾ, ਗੁਰਪ੍ਰੀਤ ਸ਼ਹਿਣਾ, ਕੁਲਜੀਤ ਡੰਗਰਖੇੜਾ, ਮੋਹਨ ਬਡਲਾ ਅਤੇ ਜੁਝਾਰ ਲੌਂਗੋਵਾਲ ਨੇ ਮੌਜੂਦਾ ਸਮਿਆਂ ਵਿੱਚ ਗ਼ਦਰੀ ਬਾਬਿਆਂ ਦੀ ਇਨਕਲਾਬੀ ਵਿਰਾਸਤ ਉੱਤੇ ਪਹਿਰਾ ਦੇਣ ਦੀ ਲੋੜ ਤੇ ਜ਼ੋਰ ਦਿੰਦਿਆਂ ਕਿਹਾ ਕਿ 30 ਅਕਤੂਬਰ ਤੋਂ 2 ਨਵੰਬਰ ਸਵੇਰ ਤਕ ਜਿੱਥੇ ਸੈਂਕੜੇ ਬੁੱਕ ਸਟਾਲ ਤੇ ਤਰਕਸ਼ੀਲ ਸਾਹਿਤ ਵੈਨ ਮੇਲੇ ਦੀ ਵਿਸ਼ੇਸ਼ ਖਿੱਚ ਹੋਣਗੇ ਉਥੇ ਹੀ ਕੁਇਜ਼, ਪੇਂਟਿੰਗ ਮੁਕਾਬਲੇ, ਗੀਤ ਸੰਗੀਤ, ਇਨਕਲਾਬੀ ਗਾਇਕੀ ਸਮੇਤ 1 ਨਵੰਬਰ ਦੀ ਸਾਰੀ ਰਾਤ ਰੰਗ ਮੰਚ ਦੇ ਨਾਟਕਾਂ ਦੀ ਪੇਸ਼ਕਾਰੀ ਰਾਹੀਂ ਮੌਜੂਦਾ ਨੌਜਵਾਨ ਅਤੇ ਕਿਰਤੀ ਵਰਗ ਨੂੰ ਆਪਣੇ ਜਮਹੂਰੀ ਹੱਕਾਂ ਲਈ ਚੇਤਨ ਅਤੇ ਸੰਘਰਸ਼ਸ਼ੀਲ ਹੋਣ ਦਾ ਹੋਕਾ ਦਿੱਤਾ ਜਾਵੇਗਾ।

# ਦੀਪਕ ਅਰੋੜਾ ਸਾਬਕਾ ਪ੍ਰਧਾਨ ਨਗਰ ਪੰਚਾਇਤ ਨੂੰ ਸਦਮਾ, ਮਾਤਾ ਦਾ ਦਿਹਾਂਤ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਦੀਪਕ ਅਰੋੜਾ ਨੂੰ ਉਸ ਵਕਤ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਸੁਨੀਤਾ ਰਾਣੀ ਦਾ ਹਿਾਂਤ ਹੋ ਗਿਆ। ਅੰਤਿਮ ਸੰਸਕਾਰ ਅਜਨਾਲਾ ਦੀ ਸ਼ਿਵਪੁਰੀ ਵਿਖੇ ਇੱਕ ਵਜੇ ਕੀਤਾ ਜਾਵੇਗਾ ।ਇਸ ਮੌਕੇ ਦੀਪਕ ਅਰੋੜਾ ਨਾਲ ਸਾਂਸਦ ਗੁਰਜੀਤ ਸਿੰਘ ਔਜਲਾ, ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ, ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ, ਹਲਕਾ ਇੰਚਾਰਜ ਜੋਧ ਸਿੰਘ ਸਮਰਾ, ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ, ਸਾਬਕਾ ਪ੍ਰਧਾਨ ਨੰਗਰ ਪੰਚਾਇਤ ਜੋਰਾਵਰ ਸਿੰਘ, ਸਾਬਕਾ ਪ੍ਰਧਾਨ ਨਗਰ ਪੰਚਾਇਤ ਮਨਜੀਤ ਸਿੰਘ ਨਿੱਜਰ, ਕਾਂਗਰਸ ਦੇ ਸ਼ਹਿਰੀ ਪ੍ਰਧਾਨ ਦਵਿੰਦਰ ਸਿੰਘ ਡੈਮ ਅਜਨਾਲਾ, ਡੇਅਰੀ ਯੂਨੀਅਨ ਅਜਨਾਲਾ ਦੇ ਪ੍ਰਧਾਨ ਦੀਪਕ ਕੁਮਾਰ ਚੈਨਪੁਰੀਆਂ, ਮਨੀਸ਼ ਕੁਮਾਰ ਉੱਪਲ, ਸੁਖਦੇਵ ਰਾਜ ਸਰੀਨ, ਪ੍ਰਵੀਨ ਕੁਕਰੇਜਾ, ਸਮਾਜ ਸੇਵੀ ਕ੍ਰਿਸ਼ਨ ਕੁਮਾਰ ਸਹਿਗਲ, ਦਰਸ਼ਨ ਲਾਲ, ਅਮਰਬੀਰ ਸਿੰਘ ਬੱਲ ਅਤੇ ਵੱਖ ਵੱਖ ਧਾਰਮਿਕ ਅਤੇ ਰਾਜਨੀਤਿਕ ਸ਼ਖਸ਼ੀਅਤਾਂ ਨੇ ਦੀਪਕ ਅਰੋੜਾ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।



# ਸ਼ੈਲਰ ਮਾਲਕਾਂ ਵੱਲੋਂ ਮੰਡੀਆਂ 'ਚੋਂ ਝੋਨਾ ਚੁੱਕਣ ਤੋਂ ਹੱਥ ਖੜ੍ਹੇ

ਗੁਰਦਾਸਪੁਰ, (ਜਨਕ ਮਹਾਜਨ)-ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਸ਼ੈਲਰ ਮਾਲਕਾਂ ਦੀ ਇੱਕ ਹੰਗਾਮੀ ਮੀਟਿੰਗ ਗੁਰਦਾਸਪੁਰ ਵਿਖੇ ਹੋਈ ਅਤੇ ਇਸ ਮੀਟਿੰਗ ਵਿੱਚ ਆਲ ਇੰਡੀਆ ਪ੍ਰਧਾਨ ਤਰਸੇਮ ਸਿੰਘ ਸੈਣੀ ਅਤੇ ਪੰਜਾਬ ਪ੍ਰਧਾਨ ਗੁਰਦੀਪ ਸਿੰਘ ਚੀਮਾ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਹਰੂਵਾਲ ਅਤੇ ਬਲਵਿੰਦਰ ਸਿੰਘ ਨਾਭਾ ਪੰਜਾਬ ਆਗੂ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਗਲਤ ਨੀਤੀ ਕਰਕੇ ਸ਼ੈਲਰ ਮਾਲਕ ਘਾਟੇ ਵੱਲ ਜਾ ਰਹੇ ਹਨ ਕਿਉਂਕਿ ਇਸ ਵਾਰ ਗੁਰਦਾਸਪੁਰ ਜ਼ਿਲ੍ਹੇ ਅੰਦਰ ਆਏ ਹੜ੍ਹਾਂ ਤੇ ਭਾਰੀ ਮੀਂਹ ਕਾਰਨ ਝੋਨੇ ਦੇ ਝਾੜ 'ਤੇ ਕਾਫੀ ਮਾੜਾ ਅਸਰ ਪਿਆ ਹੈ ਜਦੋਂ ਕਿ ਪੰਜਾਬ ਸਰਕਾਰ ਵੱਲੋਂ ਖਰੀਦ ਏਜੰਸੀਆਂ ਵੱਲੋਂ ਖਰੀਦਿਆ ਝੋਨਾ ਗੁਰਦਾਸਪੁਰ ਦੇ ਸ਼ੈਲਰ ਮਾਲਕਾਂ ਨੂੰ ਦੇਣ ਦੀ ਬਜਾਏ ਹੋਰਨਾਂ ਜ਼ਿਲ੍ਹਿਆਂ ਵਿੱਚ ਰਿਲੀਜ਼ ਆਰਡਰ ਰਾਹੀਂ ਭੇਜਿਆ ਜਾ ਰਿਹਾ ਹੈ ਜਿਸ ਨਾਲ ਉਨ੍ਹਾਂ ਦਾ ਕਾਫ਼ੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀਆਂ ਵੱਲੋਂ 17 ਮਾਊਚਰ ਵਾਲੇ ਦੀ ਮਾਤਰਾ ਕਈ ਵਾਰ 18, 19, 20 ਵੀ ਹੋ ਜਾਂਦੀ ਹੈ ਤਾਂ ਉਹ ਖ਼ਰੀਦ ਏਜੰਸੀਆਂ ਦੇ ਅਧਿਕਾਰੀ ਉਹ ਮਾਲ ਵੀ ਟਰੱਕਾਂ ਰਾਹੀਂ ਬਾਹਰਲੇ ਜ਼ਿਲ੍ਹਿਆਂ ਵਿਚ ਭੇਜ ਦਿੰਦੇ ਹਨ ਜਿਸ ਨਾਲ ਉਹ ਕਾਫ਼ੀ ਪ੍ਰੇਸ਼ਾਨੀ ਦੇ ਦੌਰ ਵਿਚੋਂ ਲੰਘ ਰਹੇ ਹਨ। ਉਨ੍ਹਾਂ ਕਿਹਾ ਉਹ ਮੰਡੀਆਂ ਵਿੱਚ ਖਰੀਦਿਆ ਝੋਨਾ ਸ਼ੈਲਰ ਮਾਲਕ ਉਦੋਂ ਤੱਕ ਨਹੀਂ ਚੁੱਕਣਗੇ ਜਦੋਂ ਤੱਕ ਆਰ ਓ ਵਾਲੇ ਟਰੱਕ ਮੰਡੀਆਂ ਵਿੱਚ ਖਾਲੀ ਨਹੀਂ ਹੁੰਦੇ। ਉਨ੍ਹਾਂ ਨੇ ਮਹਿਕਮੇ ਤੇ ਸਬੰਧਿਤ ਅਧਿਕਾਰੀਆਂ ਖਿਲਾਫ ਨਾਅਰੇਬਾਜ਼ੀ ਕਰਕੇ ਪੰਜਾਬ ਸਰਕਾਰ ਪਾਸੋਂ ਇਨਸਾਫ ਮੰਗਿਆ ਹੈ। ਇਸ ਮੌਕੇ ਉਨ੍ਹਾਂ ਨਾਲ ਉਦਯੋਗਪਤੀ ਅਮਨ ਮਿੱਤਲ, ਇੰਦਰਜੀਤ ਸਿੰਘ ਟੋਲੀ, ਸੁਖਜਿੰਦਰ ਸਿੰਘ ਗੋਹਤ ਪੋਖਰ, ਬਲਵਿੰਦਰ ਸਿੰਘ ਸਾਬੀ, ਅਜੇ ਬੇਦੀ, ਜਰਨੈਲ ਸਿੰਘ, ਜੰਗ ਫਤਿਹ ਸਿੰਘ, ਹੀਰਾ ਲਾਲ ਤੋਂ ਇਲਾਵਾ ਵੱਡੀ ਗਿਣਤੀ ਵਿਚ ਸ਼ੈਲਰ ਮਾਲਕ ਹਾਜ਼ਰ ਸਨ।



# 'ਆਪ' ਦਾ ਏਜੰਡਾ ਸਿਰਫ਼ ਵਿਕਾਸ ਨਹੀਂ ਸਗੋਂ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਆਰਥਿਕ ਤੌਰ 'ਤੇ ਉਪਰ ਚੁੱਕਣਾ ਵੀ ਹੈ: ਸੰਧੂ

ਤਰਨਤਾਰਨ, (ਪ੍ਰਿਤਪਾਲ ਸਿੰਘ)-ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਸਮਾਜ ਭਲਾਈ ਨੀਤੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਹੈ ਕਿ ਆਪ ਸਰਕਾਰ ਸਹੀ ਮਾਇਨਿਆਂ ਵਿੱਚ ਗਰੀਬਾਂ, ਲੋੜਵੰਦਾਂ ਅਤੇ ਆਮ ਲੋਕਾਂ ਦੀ ਆਪਣੀ ਸਰਕਾਰ ਹੈ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਇਹ ਸਾਬਤ ਕਰ ਦਿੱਤਾ ਹੈ ਕਿ ਉਸਦਾ ਏਜੰਡਾ ਸਿਰਫ਼ ਵਿਕਾਸ ਹੀ ਨਹੀਂ, ਸਗੋਂ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਆਰਥਿਕ ਤੌਰ ਤੇ ਉੱਪਰ ਚੁੱਕਣਾ ਵੀ ਹੈ।ਜਾਰੀ ਇੱਕ ਪ੍ਰੈੱਸ ਬਿਆਨ ਵਿੱਚ ਹਰਮੀਤ ਸਿੰਘ ਸੰਧੂ ਨੇ ਤਾਜ਼ਾ ਅੰਕੜਿਆਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਸ਼ੀਰਵਾਦ ਸਕੀਮ ਤਹਿਤ ਸਾਲ 2024-25 ਦੌਰਾਨ ਜ਼ਿਲ੍ਹਾ ਤਰਨਤਾਰਨ ਦੇ 2542 ਯੋਗ ਬਿਨੈਕਾਰਾਂ ਨੂੰ ਕੁੱਲ 12 ਕਰੋੜ 96 ਲੱਖ ਰੁਪਏ ਦੀ ਵਿੱਤੀ ਸਹਾਇਤਾ ਰਾਸ਼ੀ ਜਾਰੀ ਕੀਤੀ ਗਈ ਹੈ।ਇਸ ਸਕੀਮ ਤਹਿਤ ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੀ ਧੀ ਦੇ ਵਿਆਹ ਮੌਕੇ 51-51 ਹਜ਼ਾਰ ਰੁਪਏ ਦੇ ਹਿਸਾਬ ਨਾਲ ਸ਼ਗਨ ਦਿੱਤਾ ਗਿਆ ਹੈ।ਆਪ ਉਮੀਦਵਾਰ ਨੇ ਕਿਹਾ ਕਿ 12 ਕਰੋੜ 96 ਲੱਖ ਰੁਪਏ ਦੀ ਇਹ ਵੱਡੀ ਰਕਮ ਦਰਸਾਉਂਦੀ ਹੈ ਕਿ ਸਰਕਾਰ ਗਰੀਬ ਪਰਿਵਾਰਾਂ ਪ੍ਰਤੀ ਕਿੰਨੀ ਸੰਵੇਦਨਸ਼ੀਲ ਹੈ।ਉਨ੍ਹਾਂ ਕਿਹਾ ਕਿ ਇਹ ਪੈਸਾ 2542 ਪਰਿਵਾਰਾਂ ਲਈ ਇੱਕ ਵੱਡਾ ਆਰਥਿਕ ਸਹਾਰਾ ਬਣਿਆ ਹੈ।ਮਾਨ ਸਰਕਾਰ ਨੇ ਸਿਰਫ਼ ਆਸ਼ੀਰਵਾਦ ਸਕੀਮ ਹੀ ਨਹੀਂ, ਸਗੋਂ 600 ਯੂਨਿਟ ਮੁਫ਼ਤ ਬਿਜਲੀ, ਆਮ ਆਦਮੀ ਕਲੀਨਿਕਾਂ ਰਾਹੀਂ ਮੁਫ਼ਤ ਇਲਾਜ ਅਤੇ ਸਕੂਲ ਆਫ਼ ਐਮੀਨੈਂਸ ਰਾਹੀਂ ਮਿਆਰੀ ਸਿੱਖਿਆ ਦੇ ਕੇ ਆਮ ਆਦਮੀ ਦਾ ਜੀਵਨ ਪੱਧਰ ਉੱਚਾ ਚੁੱਕਿਆ ਹੈ।



# ਧਿਆਨਪੁਰ ਵਿਖੇ ਦੋ ਦਿਨਾ ਬਲਾਕ ਪੱਧਰੀ ਪ੍ਰਾਇਮਰੀ ਖੇਡਾਂ ਦਾ ਸ਼ਾਨਦਾਰ ਆਗਾਜ਼

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਬਲਾਕ ਧਿਆਨਪੁਰ ਵਿਖੇ ਦੋ ਰੋਜ਼ਾ ਬਲਾਕ ਪੱਧਰੀ ਖੇਡਾਂ ਦੀ ਸ਼ੁਰੂਆਤ ਸੋਮਵਾਰ ਨੂੰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਧਿਆਨਪੁਰ ਮੈਡਮ ਕੁਲਬੀਰ ਕੌਰ ਦੀ ਅਗਵਾਈ ਵਿੱਚ ਹੋਈ।ਖੇਡਾਂ ਦਾ ਆਯੋਜਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਿਆਨਪੁਰ ਦੇ ਖੇਡ ਸਟੇਡੀਅਮ ਵਿੱਚ ਕੀਤਾ ਗਿਆ।

ਇਸ ਮੌਕੇ ਮੁੱਖ ਮਹਿਮਾਨ ਦੇ ਰੂਪ ਵਿੱਚ ਉਪ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਗੁਰਦਾਸਪੁਰ ਅਨਿਲ ਸ਼ਰਮਾ ਪਹੁੰਚੇ।ਬਲਾਕ ਧਿਆਨਪੁਰ ਦੇ ਅਧੀਨ ਆਉਂਦੇ 7 ਕਲਸਟਰਾਂ ਦੇ ਕਰੀਬ 200 ਬੱਚਿਆਂ ਨੇ ਇਨ੍ਹਾਂ ਖੇਡਾਂ ਵਿੱਚ ਭਾਗ ਲਿਆ। ਪਹਿਲੇ ਦਿਨ ਸਟੇਡੀਅਮ ਵਿੱਚ ਰਿਲੇ (ਦੌੜ), ਕੁਸ਼ਤੀ, ਰੱਸਾਕਸ਼ੀ, ਬੈਡਮਿੰਟਨ, ਲੌਂਗ ਜੰਪ ਅਤੇ ਯੋਗਾ ਦੇ ਮੁਕਾਬਲੇ ਕਰਵਾਏ ਗਏ।ਇਸ ਮੌਕੇ ਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਅਨਿਲ ਸ਼ਰਮਾ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਧਿਆਨਪੁਰ ਮੈਡਮ ਕੁਲਬੀਰ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਉਨ੍ਹਾਂ ਨੂੰ ਖੇਡਾਂ ਦੇ ਪ੍ਰਤੀ ਉਤਸ਼ਾਹਿਤ ਕੀਤਾ।ਇਸ ਮੌਕੇ ਬੀਪੀਈਓ ਧਿਆਨਪੁਰ ਮੈਡਮ ਕੁਲਬੀਰ ਕੌਰ ਅਤੇ ਸਮੂਹ ਸਟਾਫ ਨੇ ਮੁੱਖ ਮਹਿਮਾਨ ਅਨਿਲ ਸ਼ਰਮਾ ਨੂੰ ਪੌਦਾ ਦੇ ਕੇ ਸਨਮਾਨਿਤ ਵੀ ਕੀਤਾ। ਮਿਲੀ ਜਾਣਕਾਰੀ ਅਨੁਸਾਰ 100 ਮੀਟਰ (ਲੜਕੇ) ਰਿਲੇ ਦੌੜ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਤਲਵੰਡੀ ਲਾਲ ਸਿੰਘ ਦਾ ਸਾਹਿਲ ਪ੍ਰੀਤ,100 ਮੀਟਰ ਰਿਲੇ ਦੌੜ ਵਿੱਚ (ਲੜਕੀਆਂ) ਸਰਕਾਰੀ ਪ੍ਰਾਇਮਰੀ ਸਕੂਲ ਖਾਨ ਫੱਤਾ ਦੀ ਅਰਾਧਨਾ, 400 ਮੀਟਰ (ਲੜਕੇ) ਸਰਕਾਰੀ ਪ੍ਰਾਇਮਰੀ ਸਕੂਲ ਧਰਮਕੋਟ ਬੱਗਾ ਦੇ ਯੋਧਵੀਰ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ ਅਤੇ 400 ਮੀਟਰ (ਲੜਕੀਆਂ) ਰਿਲੇ ਦੌੜ ਵਿੱਚ ਦੂਜਾ ਸਥਾਨ ਸਰਕਾਰੀ ਪ੍ਰਾਇਮਰੀ ਸਕੂਲ ਮੰਮਣ ਦੀ ਮਨਪ੍ਰੀਤ ਕੌਰ ਨੇ ਹਾਸਿਲ ਕੀਤਾ।ਸਰਕਾਰੀ ਪ੍ਰਾਇਮਰੀ ਸਕੂਲ ਜੋੜਾ ਸਿੰਘਾ ਦੇ ਰਾਮਬੀਰ ਸਿੰਘ ਨੇ ਪਹਿਲਾ ਸਥਾਨ ਅਤੇ ਲੜਕੀਆਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਤਲਵੰਡੀ ਲਾਲ ਸਿੰਘ ਦੀ ਨੂਰਦੀਪ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ।



ਇਸ ਮੌਕੇ ਖਿਡਾਰੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਮੰਚ ਦਾ ਸੰਚਾਲਨ ਸੀਐੱਚਟੀ ਰਸ਼ਪਾਲ ਸਿੰਘ ਅਤੇ ਸੀਐੱਚਟੀ ਸਤਿੰਦਰ ਨੇ ਸਿੰਘ ਨੇ ਬਾਖ਼ੂਬੀ ਅੰਦਾਜ਼ ਵਿੱਚ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਿਆਨਪੁਰ ਦੇ ਪ੍ਰਿੰ. ਹਤੇਸ਼ ਕੁਮਾਰ, ਬੀਆਰਸੀ ਮਨਦੀਪ ਸਿੰਘ ਖਾਨ ਫੱਤਾ, ਬੀਆਰਸੀ ਮਨਦੀਪ ਸਿੰਘ ਮੰਮਣ, ਸੀਐੱਚਟੀ ਪਲਵਿੰਦਰ ਕੌਰ, ਸੀਐੱਚਟੀ ਸਤਿੰਦਰ ਸਿੰਘ, ਸੀਐੱਚਟੀ ਰਸ਼ਪਾਲ ਸਿੰਘ, ਸੀਐੱਚਟੀ ਹਰਪ੍ਰੀਤ ਸਿੰਘ, ਸੀਐੱਚਟੀ ਹਰਪ੍ਰੀਤ ਕੌਰ, ਸੀਐੱਚਟੀ ਸ਼ਸ਼ੀ ਪਾਲ , ਸੀਐੱਚਟੀ ਜੀਤ ਰਾਜ, ਬਲਾਕ ਸਪੋਰਟਸ ਅਫਸਰ ਧਿਆਨਪੁਰ ਗੁਰਪਿੰਦਰ ਸਿੰਘ , ਡੇਰਾ ਬਾਬਾ ਨਾਨਕ ਦੇ ਸਿੱਖਿਆ ਕੋਆਰਡੀਨੇਟਰ ਇੰਦਰਜੀਤ ਸਿੰਘ ਸਮੇਤ ਬਲਾਕ ਨਾਲ ਸੰਬੰਧਿਤ ਅਧਿਆਪਕ ਵੀ ਮੌਜੂਦ ਸਨ।

# ਰਿਆੜਕੀ ਕਾਲਜ ਤੁਗਲਵਾਲਾ ਵਿਖੇ 35ਵਾਂ ਗਿਆਨੀ ਮੇਵਾ ਸਿੰਘ ਯਾਦਗਾਰੀ ਕੈਂਪ ਆਰੰਭ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗਿਆਨੀ ਮੇਵਾ ਸਿੰਘ ਜੀ ਯਾਦਗਾਰੀ 35ਵਾਂ ਸਾਲਾਨਾ ਗੁਰਮਤਿ ਕੈਂਪ ਆਰੰਭ ਹੋਇਆ। ਇਸ ਮੌਕੇ ਪ੍ਰਿੰ. ਸ੍ਰ. ਸਵਰਨ ਸਿੰਘ ਜੀ ਵਿਰਕ ਨੇ ਦੱਸਿਆ ਕਿ ਧਰਮ ਪ੍ਰਚਾਰ ਦੀ ਲਹਿਰ ਨੂੰ ਸਵਾਸਾਂ ਦੇ ਆਖਰੀ ਸਮੇਂ ਤਕ ਨਿਭਾਉਣ ਵਾਲੇ ਗਿਆਨੀ ਮੇਵਾ ਸਿੰਘ ਜਿਨ੍ਹਾਂ ਦੀ ਬਦੌਲਤ ਕਾਲਜ ਵਿੱਚ ਸੰਨ 1991 ਤੋਂ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਹਿਯੋਗ ਨਾਲ ਗੁਰਮਤਿ ਕੈਂਪ ਦੀ ਸ਼ੁਰੂਆਤ ਹੋਈ ਤੇ ਸੰਨ 1999 'ਚ ਉਨ੍ਹਾਂ ਦੇ ਸਵਰਗਵਾਸ ਹੋਣ ਤੋਂ ਬਾਅਦ ਇਹ ਕੈਂਪ ਉਨ੍ਹਾਂ ਦੀ ਪਵਿੱਤਰ ਯਾਦ ਨੂੰ ਸਮਰਪਿਤ ਹਰ ਸਾਲ ਨਿਰੰਤਰ ਜਾਰੀ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਸੱਤ ਰੋਜ਼ਾ ਕੈਂਪ ਦੌਰਾਨ ਸੰਸਥਾ ਦਾ ਸਾਰਾ ਮਾਹੌਲ ਰੂਹਾਨੀਅਤ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ। ਵਿਦਿਆਰਥੀਆਂ ਨੂੰ ਗੁਰਮਤਿ ਸਿੱਖਿਆ ਨਾਲ ਜੋੜਨਾ, ਉਹਨਾਂ ਵਿੱਚ ਧਾਰਮਿਕ, ਆਤਮਿਕ ਅਤੇ ਗੁਰਮਤਿ ਸਿੱਖਿਆ ਪ੍ਰਤੀ ਚੇਤਨਾ ਪੈਦਾ ਕਰਨਾ ਇਸ ਕੈਂਪ ਦਾ ਮੁੱਖ ਮਨੋਰਥ ਰਿਹਾ ਹੈ। ਸੱਤ ਰੋਜ਼ਾ ਕੈਂਪ ਦੌਰਾਨ ਮਹਾਨ ਵਿਦਵਾਨਾਂ, ਵਿਚਾਰਕਾਂ ਤੇ ਚਿੰਤਕਾਂ ਦੀ ਸ਼ਿਰਕਤ ਵਿਦਿਆਰਥੀਆਂ ਲਈ ਪ੍ਰੇਰਨਾਸ੍ਰੋਤ ਬਣਦੀ ਹੈ। ਗੁਰਮਤਿ ਵਿਚਾਰਾਂ, ਹੁਕਮਨਾਮੇ ਦੀ ਵਿਆਖਿਆ, ਇਲਾਹੀ ਬਾਣੀ ਦਾ ਕੀਰਤਨ, ਢਾਡੀ ਤੇ ਕਵੀਸ਼ਰੀ ਜਥਿਆਂ ਦੁਆਰਾ ਸਿੱਖ ਇਤਿਹਾਸ, ਗੁਰ ਇਤਿਹਾਸ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਮੁਖ ਮੰਤਵ ਹੈ। ਕੈਂਪ ਦੇ ਪਹਿਲੇ ਦਿਨ ਪ੍ਰਿੰਸੀਪਲ ਸ੍ਰ. ਸੁਖਦੇਵ ਸਿੰਘ (ਜਥੇਦਾਰ ਗੁਰਚਰਨ ਸਿੰਘ ਟੌਹੜਾ ਕਾਲਜ ਪਟਿਆਲਾ) ਨੇ ਹਾਜ਼ਰੀ ਭਰੀ। ਉਨ੍ਹਾਂ ਕਿਹਾ ਕਿ ਗਿਆਨੀ ਮੇਵਾ ਸਿੰਘ ਜੋ ਕਿ ਇਕ ਦਰਵੇਸ਼ ਰੂਹ ਸਨ, ਉਨ੍ਹਾਂ ਦੀ ਯਾਦ ਨੂੰ ਇਸ ਸੰਸਥਾ ਨੇ ਸਾਂਭਿਆ ਹੋਇਆ ਹੈ। ਇਸ ਮੌਕੇ ਇਤਿਹਾਸਕ ਤਸਵੀਰਾਂ ਦੀ ਵਿਸ਼ੇਸ਼ ਨੁਮਾਇਸ਼ ਵੀ ਲਗਾਈ ਗਈ। ਸਿੱਖ ਕੌਮ ਦੇ ਜਰਨੈਲ, ਸਿੱਖ ਇਤਿਹਾਸ, ਗੁਰ ਇਤਿਹਾਸ ਤੇ ਸਿੱਖ ਵਿਚਾਰਧਾਰਾ ਨਾਲ ਸੰਬਧਿਤ ਕਾਰਡ, ਮੈਗਜ਼ੀਨ ਤੇ ਵਾਲ ਮੈਗਜ਼ੀਨ ਦੀ



ਪਰਦਰਸ਼ਨੀ ਵਿਦਿਆਰਥਣਾਂ ਦੁਆਰਾ ਲਗਾਈ ਗਈ ਜੋ ਖਿੱਚ ਦਾ ਕੇਂਦਰ ਹੈ। ਕਲਾਸ ਵਾਈਜ਼ ਵੱਧ ਤੋਂ ਵੱਧ ਗੁਰਮਤਿ ਪ੍ਰਕਾਸ਼ ਰਸਾਲੇ ਲਗਵਾਉਣੇ, ਤੇ ਵੱਧ ਤੋਂ ਵੱਧ ਅੰਮ੍ਰਿਤ ਬਾਟੇ ਦੀ ਪਾਹੁਲ ਛਕਣ ਦੇ ਮੁਕਾਬਲੇ ਇਸ ਕੈਂਪ ਦਾ ਖਾਸ ਪ੍ਰਯੋਜਨ ਹਨ। ਅਖੀਰ ਹਰੇਕ ਮਹਿਮਾਨ ਨੂੰ ਪ੍ਰਿੰਸੀਪਲ ਸਵਰਨ ਸਿੰਘ ਜੀ ਵਿਰਕ, ਗਗਨਦੀਪ ਸਿੰਘ ਵਿਰਕ ਅਤੇ ਸਟੂਡੈਂਟ ਕਮੇਟੀ ਵੱਲੋਂ ਸਿਰੋਪਾਉ ਤੇ ਸਨਮਾਨ ਚਿੰਨ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਾਬਾ ਬਲਵਿੰਦਰ ਸਿੰਘ ਗੁਰੂਦਵਾਰਾ ਰਾਜਾ ਰਾਮ, ਭਾਈ ਬਹਾਲ ਸਿੰਘ ਇੰਚਾਰਜ ਪੰਜਾਬ ਬ੍ਰਾਂਚ ਗ੍ਰਾਮ (ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ) ਨੇ ਵੀ ਹਾਜ਼ਰੀ ਭਰੀ ਅਤੇ ਸਾਰੇ ਮਹਿਮਾਨਾਂ ਨੇ ਵਿਦਿਆਰਥਣਾਂ ਦੁਆਰਾ ਹੱਥੀਂ ਤਿਆਰ ਕੀਤਾ ਲੰਗਰ ਵੀ ਛਕਿਆ।

# ਵਿਧਾਇਕ ਟੌਂਗ ਦੇ ਪਿਤਾ ਦੀ ਅੰਤਿਮ ਅਰਦਾਸ ਮੌਕੇ ਭਾਵ-ਭਿੰਨੀ ਸ਼ਰਧਾਂਜਲੀ

**ਬਿਆਸ, ਰਈਆ (ਪਰਮਜੀਤ ਸਿੰਘ ਰੱਖੜਾ, ਡੀ. ਕੇ. ਰੈਂਡੀ)**-ਵਿਧਾਇਕ ਦਲਬੀਰ ਸਿੰਘ ਟੌਂਗ ਦੇ ਪਿਤਾ ਸ. ਰਾਮ ਸਿੰਘ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੇ ਅੰਤਿਮ ਅਰਦਾਸ ਸਮਾਗਮ ਕਰਵਾਏ ਗਏ।ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਿਮਰਨਜੀਤ ਸਿੰਘ ਦੇ ਜਥੇ ਅਤੇ ਭਾਈ ਸੁਜਾਨ ਸਿੰਘ ਦੇ ਜਥੇ ਵੱਲੋਂ ਵੈਰਾਗਮਈ ਸ਼ਬਦ ਕੀਰਤਨ ਦੀ ਹਾਜਰੀ ਭਰੀ ਗਈ।ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਾਤਾ ਹਰਪਾਲ ਕੌਰ ਤੇ ਆਪ ਦੇ ਪੰਜਾਬ ਪ੍ਰਭਾਰੀ ਮੁਨੀਸ਼ ਸਿਸੋਦੀਆ ਪ੍ਰਮੁੱਖ ਤੌਰ 'ਤੇ ਸ਼ਰਧਾਂਜਲੀ ਭੇਟ ਕਰਨ ਲਈ ਪਹੁੰਚੇ ਹੋਏ ਸਨ।



ਇਨ੍ਹਾਂ ਤੋਂ ਇਲਾਵਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ਵਿਧਾਇਕ ਦੇਵ ਮਾਨ, ਵਿਧਾਇਕ ਅੰਮ੍ਰਿਤ ਰਤਨ, ਵਿਧਾਇਕ ਡਾ. ਜਸਬੀਰ ਸਿੰਘ, ਵਿਧਾਇਕ ਜਸਵਿੰਦਰ ਸਿੰਘ ਰਮਦਾਸ, ਵਿਧਾਇਕ ਦਵਿੰਦਰ ਸਿੰਘ ਲਾਡੀ ਢੋਸ, ਸੰਜੀਵ ਭੰਡਾਰੀ ਸੰਗਠਨ ਇੰਚਾਰਜ, ਤਲਬੀਰ ਸਿੰਘ ਗਿੱਲ, ਕਰਮਬੀਰ ਸਿੰਘ ਵਿਧਾਇਕ ਦਸੂਹਾ, ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਜਸਬੀਰ ਸਿੰਘ ਡਿੰਪਾ ਸਾਬਕਾ ਐੱਮਪੀ, ਸੰਤੋਖ ਸਿੰਘ ਭਲਾਈਪੁਰ ਸਾਬਕਾ ਵਿਧਾਇਕ , ਬਲਜੀਤ ਸਿੰਘ ਜਲਾਲ ਉਸਮਾ ਸਾਬਕਾ ਵਿਧਾਇਕ, ਨੁਸਰਤ ਅਲੀ ਖਾਨ ਸਾਬਕਾ ਮੰਤਰੀ, ਬੀਬੀ ਸੁਹਿੰਦਰ ਕੌਰ ਧਰਮ ਪਤਨੀ ਮੰਤਰੀ ਹਰਭਜਨ ਸਿੰਘ ਈਟੀਓ, ਅਮਨਦੀਪ ਸਿੰਘ ਐੱਸਡੀਐਮ ਬਾਬਾ ਬਕਾਲਾ ਸਾਹਿਬ, ਮਹਿੰਦਰ ਸਿੰਘ ਸਿੱਧੂ ਚੇਅਰਮੈਨ, ਪੰਜਾਬ ਪ੍ਰਧਾਨ ਅਮਨ ਅਰੋੜਾ ਦੇ ਓਐੱਸਡੀ, ਬਾਬਾ ਨਿਰਮਲ ਸਿੰਘ ਸਰਾਂ ਤਲਵੰਡੀ, ਬਾਬਾ ਜੋਗਾ ਸਿੰਘ, ਬਲਹਾਰ ਸਿੰਘ ਉਪਲ, ਸੁਰਜੀਤ ਸਿੰਘ ਕੰਗ ਚੇਅਰਮੈਨ ਮਾਰਕੀਟ ਕਮੇਟੀ ਰਈਆ, ਵਿਸ਼ਾਲ ਮੰਨਣ ਮੀਡੀਆ ਕੋਆਰਡੀਨੇਟਰ, ਸਰਪੰਚ ਸੁਰਿੰਦਰਪਾਲ ਸਿੰਘ ਲੱਡੂ ਬਿਆਸ, ਸਰਪੰਚ ਜਤਿੰਦਰ ਸਿੰਘ ਜੋਤੀ, ਚਰਨਜੀਤ ਸਿੰਘ ਚੰਨੀ ਮੈਂਬਰ ਪੰਚਾਇਤ ਦੌਲੋ ਨੰਗਲ, ਕੁਲਦੀਪ ਸਿੰਘ ਕੀਪਾ ਰਣਵੀਰ ਸਿੰਘ ਬੱਗੋ ਪ੍ਰਧਾਨ ਦੌਲੋਂ ਨੰਗਲ ਅਤੇ ਬਾਬਾ ਸੱਜਣ ਸਿੰਘ ਆਦਿ ਹਾਜ਼ਰ ਸਨ।

# ਕੈਬਨਿਟ ਮੰਤਰੀ ਕਟਾਰੂਚੱਕ ਨੇ 62 ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਵੰਡੀ 2 ਕਰੋੜ ਰੁਪਏ ਦੀ ਰਾਸ਼ੀ

ਪਠਾਨਕੋਟ, (ਦਵਿੰਦਰ ਸਿੰਘ)-ਵਿਧਾਨ ਸਭਾ ਹਲਕਾ ਭੋਆ ਦੇ ਅਧੀਨ ਆਉਂਦੇ ਬਲਾਕ ਘਰੋਟਾ ਦੇ 62 ਪਿੰਡਾਂ ਨੂੰ ਵੱਖ-ਵੱਖ ਵਿਕਾਸ ਕਾਰਜ ਕਰਵਾਉਣ ਲਈ ਕਰੀਬ 2 ਕਰੋੜ ਰੁਪਏ ਦੀ ਰਾਸ਼ੀ ਵੰਡੀ ਗਈ ਹੈ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਨੇ ਪਿੰਡ ਰਛਪਾਲਵਾਂ ਅੰਦਰ ਇੱਕ ਸਮਾਰੋਹ ਦੌਰਾਨ ਵੱਖ-ਵੱਖ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਵੰਡ ਕਰਨ ਮਗਰੋਂ ਕੀਤਾ।ਇਸ ਮੌਕੇ ਜਸਵੰਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) , ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀ. ਸੀ. ਵਿੰਗ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਬਲਜੀਤ ਕੌਰ ਸਰਪੰਚ ਫਰੀਦਾਨਗਰ, ਅਸ਼ਵਨੀ ਕੁਮਾਰ ਸਰਪੰਚ ਚਸ਼ਮਾ, ਰਾਜੇਸ਼ ਕੁਮਾਰ ਸਰਪੰਚ ਮਦਾਰਪੁਰ, ਕੁਲਦੀਪ ਭਟਵਾਂ ਸਰਪੰਚ ਪਰਮਾਨੰਦ, ਰਾਜ ਕੁਮਾਰ ਸਰਪੰਚ ਪਹਾੜੋਚੱਕ, ਰਵੀ ਕੁਮਾਰ ਸਰਪੰਚ ਜਸਵਾਲੀ, ਵਿਜੈ ਕੁਮਾਰ ਸਰਪੰਚ ਡੱਲਾ ਬਲੀਮ, ਹੈਪੀ ਸਰਪੰਚ ਨਬਾਲਾ, ਸੁਰਜੀਤ ਕੁਮਾਰ ਬਲਾਕ ਪ੍ਰਧਾਨ ਅਤੇ ਹੋਰ ਆਮ ਆਦਮੀ ਪਾਰਟੀ ਦੇ ਆਹੁਦੇਦਾਰ ਅਤੇ ਕਾਰਜਕਰਤਾ ਹਾਜ਼ਰ ਸਨ।ਇਸ ਮੌਕੇ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਵੱਖ ਵੱਖ ਪਿੰਡਾਂ ਵੱਲੋਂ ਡਿਮਾਂਡ ਸੀ ਕਿ ਪਿੰਡਾਂ ਅੰਦਰ ਕਿਸੇ ਪਿੰਡ ਅੰਦਰ ਜੰਝਘਰ, ਗਲੀਆਂ-ਨਾਲੀਆਂ ਦਾ ਵਿਕਾਸ ਅਤੇ ਹੋਰ ਬਹੁਤ ਸਾਰੇ ਵਿਕਾਸ ਕਾਰਜਾਂ ਦੇ ਲਈ ਕਰੀਬ 2 ਕਰੋੜ ਰੁਪਏ ਦੀ ਵੰਡ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਮੈਂ ਪੰਚਾਇਤਾਂ ਨੂੰ ਵੀ ਅਪੀਲ ਕਰਦਾ ਹਾਂ ਕਿ ਜੋ ਰਾਸ਼ੀਆਂ ਵਿਕਾਸ ਕਾਰਜਾਂ ਲਈ ਵੰਡੀਆਂ ਗਈਆਂ ਹਨ ਉਨ੍ਹਾਂ ਦਾ ਉਪਯੋਗ ਬਿਨਾਂ ਕਿਸੇ ਭੇਦਭਾਵ ਦੇ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਖੇਤਰ ਅੰਦਰ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਪਿਛਲੇ ਦਿਨਾਂ ਦੌਰਾਨ ਬਲਾਕ ਨਰੋਟ ਜੈਮਲ ਸਿੰਘ ਅੰਦਰ 90 ਲੱਖ ਰੁਪਏ ਵਿਕਾਸ ਕਾਰਜਾਂ ਲਈ ਵੰਡੇ ਗਏ ਸਨ।ਇਸ ਤੋਂ ਇਲਾਵਾ ਇੱਕ ਹੋਰ ਮਹੱਤਵਪੂਰਨ ਕਾਰਜ ਜੋ ਮੁੱਖ ਮੰਤਰੀ ਪੰਜਾਬ ਵੱਲੋਂ ਕੀਤਾ ਗਿਆ ਕਿ ਪੂਰੇ ਪੰਜਾਬ ਅੰਦਰ ਇੱਕ ਟੀਮ ਬਣਾਈ ਗਈ ਹੈ ਜੋ ਸੜਕਾਂ ਦੀ ਜਾਂਚ ਕਰ ਰਹੀ ਹੈ ਅਤੇ ਇਹ ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲਕਦਮੀ ਹੈ।



ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਹੈ ਕਿ ਪੰਜਾਬ ਜੋ ਲੀਹ ਤੋਂ ਲੱਥ ਗਿਆ ਸੀ ਉਸ ਨੂੰ ਫਿਰ ਲੀਹ ਤੇ ਲਿਆਂਦਾ ਜਾਵੇ ਤਾਂ ਹੀ ਪੂਰੀ ਪੰਜਾਬ ਅੰਦਰ ਕਵਾਲਿਟੀ ਦਾ ਵਿਸ਼ਸ਼ ਧਿਆਨ ਰੱਖ ਕੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

# ਐੱਲ ਪੀ ਯੂ ਵਿਖੇ ਨੌਜਵਾਨਾਂ ਨੂੰ ਕੂਟਨੀਤੀ, ਬਹਿਸ ਤੇ ਸੰਵਾਦ ਰਾਹੀਂ ਕੀਤਾ ਪ੍ਰੇਰਿਤ



**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਵਿਖੇ ਆਯੋਜਿਤ ਅਤੇ ਸੋਸ਼ਲ ਹਾਊਸ ਲਰਨਿੰਗ ਦੁਆਰਾ ਸੰਚਾਲਿਤ, ਕੋਰਡੀਆ ਮਾਡਲ ਯੂਨਾਈਟਿਡ ਨੇਸ਼ਨਜ਼ (ਐੱਮ ਯੂ ਐੱਨ) 2024-25 ਆਯੋਜਿਤ ਕੀਤਾ ਗਿਆ। ਦੋ ਦਿਨਾ ਪ੍ਰੋਗਰਾਮ ਨੇ ਦੇਸ਼ ਭਰ ਦੇ ਸਕੂਲਾਂ ਅਤੇ ਸੰਸਥਾਵਾਂ ਦੇ ਪ੍ਰਤਿਭਾਸ਼ਾਲੀ ਨੌਜਵਾਨ ਡੈਲੀਗੇਟਾਂ ਨੂੰ ਬਹਿਸ, ਕੂਟਨੀਤੀ ਅਤੇ ਗਲੋਬਲ ਸੰਵਾਦ ਰਾਹੀਂ ਲੀਡਰਸ਼ਿਪ ਨੂੰ ਮੁੜ ਪਰਿਭਾਸ਼ਤ ਕਰਨ ਲਈ ਇਕੱਠਾ ਕੀਤਾ। ਦੇਸ਼ ਭਰ ਦੇ ਸਕੂਲਾਂ ਅਤੇ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ, ਜਿਸ ਵਿੱਚ ਉਦੇਸ਼ਪੂਰਨ ਸੰਵਾਦ, ਸਹਿਯੋਗ ਅਤੇ ਲੀਡਰਸ਼ਿਪ ਲਈ ਗਲੋਬਲ ਨੇਤਾਵਾਂ ਦੀ ਭੂਮਿਕਾ ਨੂੰ ਦਰਸਾਇਆ ਗਿਆ। ਕਾਨਫਰੰਸ ਵਿੱਚ ਸੱਤ ਕਮੇਟੀਆਂ ਸ਼ਾਮਲ ਸਨ, ਜਿਨ੍ਹਾਂ ਵਿੱਚੋਂ ਹਰੇਕ ਨੇ ਮਹੱਤਵਪੂਰਨ ਗਲੋਬਲ ਅਤੇ ਰਾਸ਼ਟਰੀ ਮੁੱਦਿਆਂ 'ਤੇ ਚਰਚਾ ਕੀਤੀ। ਫੌਜ ਵਿੱਚ ਏ ਆਈ ਤੋਂ ਲੈ ਕੇ ਮਹਿਲਾ ਸਸ਼ਕਤੀਕਰਨ ਅਤੇ ਇੱਕ ਰਾਸ਼ਟਰ, ਇੱਕ ਚੋਣ ਤੱਕ, ਹਰ ਚਰਚਾ ਵਿੱਚ ਨੌਜਵਾਨਾਂ ਦੇ ਵਿਚਾਰ ਅਤੇ ਆਵਾਜ਼ਾਂ ਸ਼ਾਮਲ ਸਨ ਜੋ ਸ਼ਾਸਨ ਅਤੇ ਵਿਸ਼ਵਵਿਆਪੀ ਸਹਿਯੋਗ ਦੇ ਭਵਿੱਖ ਨੂੰ ਆਕਾਰ ਦੇ ਰਹੇ ਹਨ।ਇਸ ਪ੍ਰੋਗਰਾਮ ਨੂੰ ਹੋਰ ਵੀ ਪ੍ਰੇਰਨਾਦਾਇਕ ਬਣਾਉਂਦੇ ਹੋਏ, ਪ੍ਰਸਿੱਧ ਕਾਮੇਡੀਅਨ ਅਤੇ ਅਦਾਕਾਰ ਚੰਦਨ ਪ੍ਰਭਾਕਰ ਨੇ ਨੌਜਵਾਨਾਂ ਨਾਲ ਗੱਲਬਾਤ ਕੀਤੀ, ਆਪਣੇ ਪੂਰੇ ਦਿਲ ਨਾਲ ਆਪਣੇ ਸਫ਼ਰ ਨੂੰ ਸਾਂਝਾ ਕੀਤਾ।ਐੱਲ ਪੀ ਯੂ ਦੀ ਪ੍ਰੋ-ਚਾਂਸਲਰ ਡਾ. ਕਰਨਲ ਰਸ਼ਮੀ ਮਿੱਤਲ ਨੇ ਭਾਗੀਦਾਰਾਂ ਦੀ ਤਿਆਰੀ ਅਤੇ ਉਤਸ਼ਾਹ ਦੀ ਸ਼ਲਾਘਾ ਕੀਤੀ।

# ਸਿਲਵਰ ਓਕ ਸਕੂਲ ਦੀ ਅਸ਼ਨੂਰ ਨੇ ਸ਼ੂਟਿੰਗ 'ਚ ਗੋਲਡ ਜਿੱਤਿਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਮੋਹਰੀ ਰਿਹਾ ਹੈ। ਇਸ ਗੱਲ ਨੂੰ ਸਾਰਥਕ ਕਰਦੇ ਹੋਏ ਸਿਲਵਰ ਓਕ ਸਕੂਲ ਦੀ ਹੋਣਹਾਰ ਸ਼ੂਟਿੰਗ ਪਲੇਅਰ ਅਸ਼ਨੂਰ ਹੁੰਦਲ ਨੇ ਪੰਜਾਬ ਬੋਰਡ ਗੇਮਸ 'ਚ ਸਟੇਟ ਲੈਵਲ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ 'ਤੇ ਕਬਜ਼ਾ ਕਰਕੇ ਆਪਣੇ ਸਕੂਲ ਅਤੇ ਇਲਾਕੇ



ਦੇ ਨਾਲ ਹੀ ਸਕੂਲ ਦੇ ਇੱਕ ਹੋਰ ਖਿਡਾਰੀ ਲਕਸ਼ ਟੰਡਨ ਨੇ ਪੰਜਾਬ ਬੋਰਡ ਸਟੇਟ ਲੈਵਲ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਕਾਂਸੀ ਦੇ ਮੈਡਲ 'ਤੇ ਕਬਜ਼ਾ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਤੇ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਬੱਚਿਆਂ ਨੂੰ ਸਨਮਾਨ ਚਿੰਨ ਭੇਟ ਕੀਤਾ। ਉਹਨਾਂ ਉਮੀਦ ਜਤਾਈ ਕਿ ਇਹ ਖਿਡਾਰੀ ਨੈਸ਼ਨਲ ਤੋਂ ਵੀ ਮੈਡਲ ਹਾਸਿਲ ਕਰਕੇ ਇੰਟਰਨੈਸ਼ਨਲ ਲੈਵਲ ਤੱਕ ਆਪਣੇ ਇਲਾਕੇ ਅਤੇ ਸਕੂਲ ਦਾ ਨਾਂਅ ਰੌਸ਼ਨ ਕਰਨਗੇ। ਸੰਸਥਾ ਦੀ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਬੱਚਿਆਂ, ਉਹਨਾਂ ਦੇ ਕੋਚ ਅਤੇ ਉਹਨਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ। ਉਹਨਾਂ ਕਿਹਾ ਕਿ ਇਹ ਬੱਚਿਆਂ ਦੀ ਅਤੇ ਉਹਨਾਂ ਦੇ ਕੋਚ ਸਾਹਿਬਾਨ ਦੀ ਅਣਥੱਕ ਮਿਹਨਤ ਦਾ ਨਤੀਜਾ ਹੈ ਕਿ ਬੱਚੇ ਸਟੇਟ ਲੈਵਲ 'ਤੇ ਐਡੀਆਂ ਵੱਡੀਆਂ ਮੱਲਾਂ ਮਾਰ ਰਹੇ ਹਨ। ਮੈਂ ਉਮੀਦ ਕਰਦੀ ਹਾਂ ਕਿ ਅੱਗੇ ਜਾ ਕੇ ਬੱਚੇ ਨੈਸ਼ਨਲ ਲੈਵਲ 'ਤੇ ਵੀ ਝੰਡੇ ਗੱਡਣਗੇ।ਇਸ ਮੌਕੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਅਮਰਜੀਤ ਕੌਰ ਸੈਣੀ, ਸੰਜੀਵ ਕੁਮਾਰ, ਜਗਬੰਧਨ ਸਿੰਘ, ਰਵਿੰਦਰ ਕੁਮਾਰ, ਨੀਨਾ, ਪੂਜਾ, ਪਰਵੀਨ, ਸਵੇਤਾ, ਚੇਤਨਾ, ਮਨਦੀਪ, ਅਮਨ, ਰੁਪਿੰਦਰ, ਪਰਮਜੀਤ, ਕੰਚਨ, ਈਸ਼ਾ, ਅਨੁਰਾਧਾ, ਮਨੀਸ਼ਾ, ਸਿਮਰ, ਅਮਰਪ੍ਰੀਤ, ਪੁਸ਼ਪਾ ਅਤੇ ਹੋਰ ਅਧਿਆਪਕ ਮੌਜੂਦ ਸਨ।

# ਸਾਲਾਨਾ ਗੁਰਮਤਿ ਸਮਾਗਮ ਕਰਵਾਇਆ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅਤੇ ਸੰਤ ਬਾਬਾ ਰਾਮ ਸਿੰਘ ਜੀ ਦੀ ਯਾਦ 'ਚ ਸਲਾਨਾ ਗੁਰਮਤਿ ਸਮਾਗਮ ਗੁਰਦੁਆਰਾ ਬਾਬਾ ਅੱਘੜ ਸਿੰਘ ਸ਼ਹੀਦ ਪਿੰਡ ਟੂਟੋਮਜਾਰਾ ਵਿਖੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਨਾਗਰ ਸਿੰਘ ਜੀ ਦੀ ਦੇਖ ਰੇਖ 'ਚ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਕਥਾ ਵਾਚਕ ਗਿਆਨੀ ਗੁਰਪ੍ਰੀਤ ਸਿੰਘ, ਭਾਈ ਕਰਨੈਲ ਸਿੰਘ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ, ਭਾਈ ਸੁਖਦੇਵ ਸਿੰਘ ਹਜ਼ੂਰੀ ਰਾਗੀ ਜਥਾ, ਸੰਤ ਗੁਰਦਿਆਲ ਸਿੰਘ ਟਾਂਡੇ ਵਾਲੇ, ਭਾਈ ਹਰਭਜਨ ਸਿੰਘ ਸੋਤਲੇ , ਭਾਈ ਨਰਿੰਦਰ ਸਿੰਘ ਹੁਸ਼ਿਆਰਪੁਰ ਅਤੇ ਢਾਡੀ ਗਿਆਨੀ ਸਰੂਪ ਸਿੰਘ ਕਡਿਆਣਾ, ਕਵੀਸ਼ਰ ਭਾਈ ਅਮਨਵੀਰ ਸਿੰਘ ਅਤੇ ਹੋਰ ਪੰਥ ਪ੍ਰਸਿਧ ਰਾਗੀ ਢਾਡੀ ਜਥਿਆ ਨੇ ਆਪਣੇ ਰਸਭਿੰਨੇ ਕੀਰਤਨ, ਜੋਸ਼ੀਲੀਆ ਵਾਰਾਂ ਅਤੇ ਗੁਰਬਾਣੀ ਦੀ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਜਥੇਦਾਰ ਬਾਬਾ ਨਾਗਰ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆ ਕਿਹਾ ਕਿ ਸੰਤ ਰਾਮ ਸਿੰਘ ਜੀ ਨੇ ਆਪਣਾ ਸਾਰਾ ਜੀਵਨ ਪ੍ਰਭੂ ਭਗਤੀ ਅਤੇ ਸੇਵਾ ਸਿਮਰਨ ਵਿੱਚ ਲਗਾਇਆ। ਸਾਨੂੰ ਸੰਤਾਂ ਦੇ ਦਰਸਾਏ ਮਾਰਗ ਤੇ ਚੱਲਣਾ ਚਾਹੀਦਾ ਹੈ ਅਤੇ



ਸ਼ਹੀਦਾਂ ਵਲੋਂ ਦਿੱਤੀਆ ਕੁਰਬਾਨੀਆ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇਸ ਮੌਕੇ ਬਾਬਾ ਗੁਰਮੇਲ ਸਿੰਘ ਕੈਨੇਡਾ, ਸੰਤ ਅਮਰਜੀਤ ਸਿੰਘ ਹਰਖੋਵਾਲ, ਬਾਬਾ ਸ੍ਰੀਆ ਸਿੰਘ ਪੀਰ ਬਾਲਾ, ਸੰਤ ਅਵਤਾਰ ਸਿੰਘ ਰੋਪੜ, ਬਾਬਾ ਜੋਗਾ ਸਿੰਘ, ਸੰਤ ਮਹਾਂਵੀਰ ਸਿੰਘ ਤਾਜੇਵਾਲ, ਬਾਬਾ ਗੁਰਮੀਤ ਸਿੰਘ, ਬਾਬਾ ਬਲਵੀਰ ਸਿੰਘ, ਬਾਬਾ ਹਰਮਨਜੀਤ ਸਿੰਘ, ਬਾਬਾ ਕਰਨ ਸਿੰਘ, ਬਾਬਾ ਤਲਵਿੰਦਰ ਸਿੰਘ ਪ੍ਰਮੇਸ਼ਰ, ਸੰਤ ਸੁਖਜੀਤ ਸਿੰਘ, ਜਥੇਦਾਰ ਬਾਬਾ ਸਵਰਨਜੀਤ ਸਿੰਘ, ਗਿਆਨੀ ਤਰਸੇਮ ਸਿੰਘ ਮੋਰਾਂਵਾਲੀ, ਬਾਬਾ ਗੁਰਪਾਲ ਸਿੰਘ, ਬਾਬਾ ਗੁਰਦੇਵ ਸਿੰਘ, ਬਾਬਾ ਹਰਦਿਆਲ ਸਿੰਘ, ਬਾਬਾ ਹਰੀ ਸਿੰਘ, ਮਹੰਤ ਸੁਖਦੇਵ ਸਿੰਘ, ਭਾਈ ਨਵਿਨਾ ਸਿੰਘ, ਗਿਆਨੀ ਰਣਜੀਤ ਸਿੰਘ, ਬਾਬਾ ਬਲਰਾਜ ਸਿੰਘ, ਬਾਬਾ ਸੁਮਿੰਤਰ ਸਿੰਘ, ਬਾਬਾ ਖੜਕ ਸਿੰਘ, ਬਾਬਾ ਹਰਦੇਵ ਸਿੰਘ, ਬਾਬਾ ਜਸਵੰਤ ਸਿੰਘ ਸੰਗੋਵਾ, ਬਾਬਾ ਤੇਜਾ ਸਿੰਘ, ਗਿਆਨੀ ਸੁਰਜੀਤ ਸਿੰਘ, ਬਾਬਾ ਹਰਚਰਨ ਸਿੰਘ ਖਾਲਸਾ, ਸੰਤ ਬੀਬੀ ਜਸਪ੍ਰੀਤ ਕੌਰ ਭੁੰਗਾ ਸਾਹਿਬ, ਬਾਬਾ ਕਰਤਾਰ ਦਾਸ, ਸੰਤ ਮੱਖਣ ਸਿੰਘ, ਸੰਤ ਬਲਵੀਰ ਸਿੰਘ ਸਾਸ਼ਤਰੀ, ਗਿਆਨੀ ਜਸਪਾਲ ਸਿੰਘ, ਭਾਈ ਮੰਗਲ ਸਿੰਘ ਅਨੰਦਪੁਰ, ਮੰਗਟ ਸਿੰਘ, ਬਾਬਾ ਧਰਮ ਸਿੰਘ, ਬਾਬਾ ਵਰਿੰਦਰ ਸਿੰਘ, ਹਰਪ੍ਰੀਤ ਸਿੰਘ ਪੈਪੀ, ਬਾਬਾ ਹਰਮਨਦੀਪ ਸਿੰਘ ਰਾਨੀ, ਠੇਕੇਦਾਰ ਸੁਰਿੰਦਰ ਸਿੰਘ ਬੁੱਲੋਵਾਲ ਕਲਾਂ, ਇਕਬਾਲ ਸਿੰਘ ਵਿਰਕ, ਪ੍ਰੋ. ਅਪਿੰਦਰ ਸਿੰਘ ਮਾਹਿਲਪੁਰੀ ਸੰਯੋਜਕ ਗੁਰੂ ਗੋਬਿੰਦ ਸਿੰਘ ਸਟਡੀ ਸਰਕਲ, ਇਕਬਾਲ ਸਿੰਘ ਖੇੜਾ, ਠੇਕੇਦਾਰ ਹਰਦੀਪ ਸਿੰਘ, ਮਾਤਾ ਗੁਰਦੇਵ ਕੌਰ ਅਤੇ ਦੇਸ਼ ਵਿਦੇਸ਼ ਦੀਆ ਸੰਗਤਾ ਹਾਜ਼ਰ ਸਨ। ਜੱਥੇਦਾਰ ਬਾਬਾ ਨਾਗਰ ਸਿੰਘ ਵੱਲੋਂ ਸਨਮਾਨ ਯੋਗ ਸ਼ਖਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਚੱਲਿਆ।

# ਵਿਦਿਆਰਥੀਆਂ ਨੇ ਐੱਮ ਯੂ ਐੱਨ 'ਚ ਦਿਖਾਇਆ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਊਨ ਦੀ ਟੀਮ ਨੇ ਡੀ ਪੀ ਐਸ 'ਚ ਆਯੋਜਿਤ ਮਾਡਲ ਯੂਨਾਈਟਡ ਨੇਸ਼ਨਜ਼ (ਐੱਮ ਯੂ ਐੱਨ) ਵਿੱਚ ਭਾਗ ਲਿਆ, ਜਿੱਥੇ ਵਿਦਿਆਰਥੀਆਂ ਨੇ ਸ਼ਾਨਦਾਰ ਡਿਬੇਟ ਅਤੇ ਕੂਟਨੀਤਿਕ ਕੌਸ਼ਲ ਦਿਖਾਏ ਅਤੇ ਸਾਰਿਆਂ ਵਲੋਂ ਪ੍ਰਸ਼ੰਸਾ ਅਤੇ



ਸਨਮਾਨ ਪ੍ਰਾਪਤ ਕੀਤਾ।ਇਸ ਪ੍ਰੋਗਰਾਮ ਵਿੱਚ ਕੁੱਲ 250 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਵਰਬਲ ਮੈਨਸ਼ਨ : ਆਰਾਧਿਆ, ਮੋਨਿਸ਼ਕਾ ਪਾਹਵਾ, ਸਪੈਸ਼ਲ ਮੈਨਸ਼ਨ:* ਲਾ ਓਪੀਨਿਅਨ: ਹਾਰਦਿਕ, ਸ਼੍ਰੇਆ * ਦ ਗਾਰਡੀਅਨ: ਰੁਦਰਾਕਸ਼, ਇਸ਼ਿਤਾ, ਹਾਈ ਕਮੈਂਡੇਸ਼ਨਜ਼ :ਹਿਤਾਂਸ਼ੀ, ਰਿਤਿਕਾ ਨੇ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ। ਬੜੇ ਮਾਨ ਦੀ ਗੱਲ ਹੈ ਕਿ ਵਿਦਿਆਰਥੀਆਂ ਨੇ ਆਪਣੀ ਯੋਗਤਾ ਸਾਬਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਦੀ ਮਿਹਨਤ, ਉਤਸ਼ਾਹ ਅਤੇ ਆਤਮ ਵਿਸ਼ਵਾਸ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਵਿੱਚ ਸਾਫ਼ ਦਿਖਾਈ ਦਿੱਤੇ। ਸਕੂਲ ਦੇ ਪ੍ਰਿੰਸੀਪਲ ਰਾਜੀਵ ਪਾਲੀਵਾਲ ਨੇ ਸਾਰੇ ਭਾਗੀਦਾਰਾਂ ਅਤੇ ਜੇਤੂਆਂ ਨੂੰ ਵਧਾਈ ਦਿੱਤੀ ।ਦੋ ਦਿਨਾਂ ਦੇ ਇਸ ਸਮਾਰੋਹ ਦੌਰਾਨ ਵਿੱਚ ਅੰਬਿਕਾ ਪਸਰੀਜਾ, ਸ਼ਿਖਾ, ਆਂਚਲ ਅਤੇ ਗੀਤਾ ਨੇ ਸਾਥ ਦਿੱਤਾ ਤੇ ਵਿਦਿਆਰਥੀਆਂ ਦਾ ਮਾਰਗਦਰਸ਼ਨ ਕੀਤਾ।

# ਸਾਲਾਨਾ ਭਗਵਤੀ ਜਾਗਰਣ ਕਰਵਾਇਆ

**ਫਗਵਾੜਾ (ਡਾ. ਰਮਨ)**- 9 ਮੈਂਬਰੀ ਧਾਰਮਿਕ ਕਮੇਟੀ ਵੱਲੋਂ ਗਲੀ ਨੰਬਰ 1, ਮੁਹੱਲਾ ਭਗਤਪੁਰਾ ਵਿਖੇ 29ਵਾਂ ਵਿਸ਼ਾਲ ਭਗਵਤੀ ਜਾਗਰਣ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਕਰਵਾਇਆ ਗਿਆ। ਜਾਗਰਣ ਦੌਰਾਨ ਅਨਿਲ ਸ਼ਰਮਾ ਐਂਡ ਪਾਰਟੀ ਨੰਗਲ ਮੱਝਾ ਤੇ ਪੰਜਾਬ ਦੀ ਮਸ਼ਹੂਰ ਜਗਰਾਤਾ ਪਾਰਟੀ ਜਸਵੀਰ ਮਾਹੀ ਐਂਡ ਮਿਊਜ਼ੀਕਲ ਗਰੁੱਪ ਨੇ ਮਹਾਮਾਈ ਦਾ ਸਾਰੀ ਰਾਤ ਸੁੰਦਰ ਗੁਣਗਾਨ ਕੀਤਾ। ਜਾਗਰਣ ਦੌਰਾਨ ਮੁੱਖ ਮਹਿਮਾਨਾਂ ਵਜੋਂ ਪਹੁੰਚੇ ਪ੍ਰਭਜੋਤ ਸਿੰਘ ਅਤੇ ਅਮਨਪ੍ਰੀਤ ਕੌਰ ਨੇ ਦਰਬਾਰ ਵਿਖੇ ਨਤਮਸਤਕ ਹੋ ਕੇ ਮਹਾਮਾਈ ਦਾ ਅਸ਼ੀਰਵਾਦ ਲਿਆ। ਇਸ ਤੋਂ ਪਹਿਲਾਂ ਸ਼ਮਾ ਰੋਸ਼ਨ ਪ੍ਰਿਤਪਾਲ ਕੌਰ ਤੁਲੀ ਕੌਂਸਲਰ ਤੇ ਉਹਨਾਂ ਦੇ ਪਤੀ ਗੁਰਦੀਪ ਸਿੰਘ ਤੁਲੀ ਨੇ ਕਰਵਾਈ ਜਦਕਿ ਜਯੋਤੀ ਪੂਜਨ ਹਰਵਿੰਦਰ ਸਿੰਘ ਤੇ ਰਾਜਬੀਰ ਕੌਰ ਨੇ, ਝੰਡੇ ਦੀ ਰਸਮ ਸਤਪਾਲ ਢੀਂਗਰਾ ਅਤੇ ਚੁੰਨੀ ਦੀ ਰਸਮ ਲੱਕੀ ਰੇਖੀ ਵਲੋਂ ਨਿਭਾਈ ਗਈ। ਲੰਗਰ ਵੀ ਸੇਵਾ ਸਾਰੀ ਰਾਤ ਅਤੁੱਟ ਵਰਤਾਈ ਗਈ। ਕਮੇਟੀ ਪ੍ਰਧਾਨ ਸਿਕੰਦਰ ਕਨੌਜੀਆ ਨੇ ਦੱਸਿਆ ਕਿ ਹਰੇਕ ਸਾਲ ਸਵਾ ਮਹੀਨੇ ਲਈ ਮਹਾਮਾਈ ਦਾ ਦਰਬਾਰ ਸਜਾਇਆ ਜਾਂਦਾ ਹੈ। ਜਿੱਥੇ ਸਵੇਰੇ ਅਤੇ ਸ਼ਾਮ ਨੂੰ ਮਹਾਮਾਈ ਦੀ ਜੋਤ ਜਗਾਈ ਜਾਂਦੀ ਹੈ। ਇਸੇ ਲੜੀ ਨੂੰ ਅੱਗੇ ਤੋਰਦੇ ਹੋਏ ਜਾਗਰਣ ਵਾਲੇ ਦਿਨ ਜਵਾਲਾ ਜੀ ਧਾਮ ਹਿਮਾਚਲ ਪ੍ਰਦੇਸ਼ ਤੋਂ ਮਹਾਮਾਈ ਦੀ ਜੋਤ ਲਿਆਂਦੀ ਗਈ। ਮਾਤਾ ਰਾਣੀ ਦੇ ਦਰਬਾਰ 'ਚ



ਹਾਜਰੀ ਲਗਵਾਉਣ ਵਾਲੀਆਂ ਪ੍ਰਮੁੱਖ ਸ਼ਖਸੀਅਤਾਂ ਵਿੱਚ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ, ਆਸ਼ੂ ਸਾਂਪਲਾ, ਇੰਦਰਜੀਤ ਕਰਵਲ, ਬਿੱਟੂ ਵਾਲੀਆ, ਮਿੱਕੀ, ਡਾ: ਰਮਨ ਸ਼ਰਮਾ, ਮਾਰਕਿਟ ਕਮੇਟੀ ਚੇਅਰਮੈਨ ਤਵਿੰਦਰ ਰਾਮ, ਟਿੰਕੂ ਸਿੰਘ, ਰਿੱਕੀ ਗੁਲਾਟੀ, ਸ਼ਿਵ ਕਨੌਜੀਆ ਬਲਵੰਤ ਬਿੱਲੂ ਸੁਰਿੰਦਰ ਮੱਟੂ, ਡਾ: ਮੁਕੇਸ਼ ਬਾਂਸਲ, ਗੁਰਦੀਪ ਸਿੰਘ ਕੰਗ, ਬੀਬੀ ਸਰਬਜੀਤ ਕੌਰ, ਜਤਿੰਦਰ ਸ਼ਰਮਾ, ਸਰਬਜੀਤ ਕਾਕਾ, ਅਨਮੋਲ, ਰੋਹਿਤ ਮਹਿਰਾ, ਵਿਜੇ ਕਨੌਜੀਆ, ਥਾਮਸ ਕੁੱਕ ਕੰਪਨੀ ਫਾਰਨ ਐਕਸਚੇਂਜ ਡਿਪਾਰਟਮੈਂਟ ਦੇ ਸੀਨੀਅਰ ਮੈਨੇਜਰ ਬਾਲ ਕ੍ਰਿਸ਼ਨ ਯਾਦਵ ਸ਼ਾਮਲ ਸਨ। ਸਮੂਹ ਪਤਵੰਤਿਆਂ ਨੂੰ ਪ੍ਰਬੰਧਕਾਂ ਵਲੋਂ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਪੁਨੀਤ ਖੁਰਾਣਾ, ਸਵਿਤ ਸੰਘਾ, ਅਮਰਜੀਤ ਸਹੋਤਾ, ਤਰੁਣ ਸਿੱਧੂ, ਕੇ ਐੱਸ ਨੂਰ, ਰਵੀ, ਅਭਿਅੰਤ ਕਨੌਜੀਆ, ਵੰਸ਼ ਕਨੌਜੀਆ, ਮੰਗਾ ਸਿੱਧੂ, ਰਜਤ ਕਨੌਜੀਆ, ਸੁਨੀਲ ਕਨੌਜੀਆ, ਮਨੋਜ ਸਾਹੂ ਆਦਿ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਹਾਜਰ ਸਨ।

# ਰਾਣਾ ਲਹਿਰੀ ਦਾ ਸਿੰਗਲ ਧਾਰਮਿਕ ਟਰੈਕ 'ਗੱਫੇ ਰਹਿਮਤਾਂ ਦੇ' 2 ਨਵੰਬਰ ਨੂੰ ਰਿਲੀਜ਼ ਹੋਵੇਗਾ

**ਬੰਗਾ (ਅਵਤਾਰ ਕਲੇਰ)**- ਐਸ ਆਰ ਪ੍ਰੋਡਕਸ਼ਨ ਦੇ ਬੈਨਰ ਹੇਠ ਨਿਰਮਾਤਾ ਆਰ. ਡੀ. ਰਾਮਾ ਜਲਦ ਲੈ ਕੇ ਆ ਰਹੇ ਹਨ ਧੰਨ-ਧੰਨ 108 ਹਜ਼ੂਰ ਰਾਜਾ ਨਾਭ ਕੰਵਲ ਜੀ ਮਜਾਰੇ ਵਾਲਿਆਂ ਨੂੰ ਸਮਰਪਤ ਪ੍ਰਸਿੱਧ ਗਾਇਕ ਰਾਣਾ ਲਹਿਰੀ ਦਾ ਧਾਰਮਿਕ ਟਰੈਕ ਗੱਫੇ ਰਹਿਮਤਾਂ ਦੇ ਵਿਸ਼ਵ ਪੱਧਰ 'ਤੇ ਜਲਦੀ ਰਿਲੀਜ਼ ਕੀਤਾ ਜਾਵੇਗਾ। ਇਸ ਟਰੈਕ ਬਾਰੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਨਿਰਮਾਤਾ ਰਿਪੋਰਟਰ ਆਰ. ਡੀ. ਰਾਮਾ ਨੇ ਦੱਸਿਆ ਕਿ ਇਸ ਧਾਰਮਿਕ ਟ੍ਰੈਕ ਨੂੰ ਆਵਾਜ਼ ਦਿੱਤੀ ਹੈ ਗਾਇਕ ਰਾਣਾ ਲਹਿਰੀ ਨੇ, ਕਲਮਬੱਧ ਕੀਤਾ ਰਾਣਾ ਆਦਰਾਮਾਨ ਵਾਲੇ ਨੇ ਸੰਗੀਤ ਤਿਆਰ ਕੀਤਾ ਹੈ ਹਰੀ ਅਮਿਤ ਨੇ। ਇਸ ਟਰੈਕ ਦੇ ਵੀਡੀਓ ਨਿਰਦੇਸ਼ਕ ਹਨ ਅਮਰੀਕ ਮਾਇਕਲ, ਸਹਿ-ਨਿਰਦੇਸ਼ਕਾ ਖੁਸ਼ੀ ਸੱਭਰਵਾਲ, ਕੈਮਰਮੈਨ ਕੁਲਦੀਪ ਕੁੰਡਲ, ਐਡੀਟਰ ਰੰਧਾਵਾ ਫਿਲਮਜ਼ ਸਟੂਡੀਓ ਤੇ ਬੰਟੀ ਬੋਸ, ਮੇਕਅੱਪ ਆਰਟਿਸਟ ਰਜਨੀ ਵਰਮਾ। ਇਸ ਧਾਰਮਿਕ ਟਰੈਕ ਨੂੰ ਤਿਆਰ ਕਰਨ ਵਿੱਚ ਸਹਿਯੋਗ ਦਿੱਤਾ ਹੈ ਸਾਹਿਲ ਦਾਦਰਾ, ਅਮਰੀਕ ਸੂਫ਼ੀ ਯੂ ਕੇ ਗੁਰਦੀਪ ਸਿੰਘ ਤੱਗੜ, ਕਮੇਡੀ ਕਿੰਗ ਭੋਟੂ ਸ਼ਾਹ, ਰਾਜ ਕੁਮਾਰ ਅਰੋੜਾ, ਮਲਕੀਤ ਧੀਰਪੁਰੀ, ਗਾਇਕ ਮਨਮੀਤ ਮੇਵੀ, ਅਸ਼ੋਕ ਲਾਲ, ਅਮਨਦੀਪ ਸਿੱਧੂ, ਸੁਖਵਿੰਦਰ ਪ੍ਰਦੇਸੀ, ਕਾਲਾ ਕਟਾਰੀਆ, ਅਵਤਾਰ ਚੰਦ ਤੇ ਰੋਹਿਤ ਦਾਦਰਾ, ਅਦਾਕਾਰਾ ਯੂਨੀਕ ਮੁਸਕਾਨ ਤੇ ਅਦਾਕਾਰਾ ਜਸਲੀਨ ਕੌਰ ਨੇ ਇਹ ਧਾਰਮਿਕ ਟਰੈਕ ਸਾਡੇ ਯੂ ਟਿਊਬ ਚੈਨਲ ਐਸ ਆਰ ਪ੍ਰੋਡਕਸ਼ਨ 'ਤੇ 2 ਨਵੰਬਰ ਨੂੰ ਰਿਲੀਜ਼ ਕੀਤਾ ਜਾਵੇਗਾ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 'ਸਟੱਡੀ ਅਬਰੋਡ ਕੰਸਲਟੈਂਸੀ ਫਰਮਾਂ' ਦੇ ਪਾਰਦਰਸ਼ੀ ਕੰਮਕਾਜ 'ਤੇ ਜ਼ੋਰ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਵਿਦੇਸ਼ ਵਿੱਚ ਪੜ੍ਹਾਈ ਸੇਵਾਵਾਂ ਵਿੱਚ ਲੱਗੀਆਂ ਸਲਾਹਕਾਰ (ਕੰਸਲਟੈਂਸੀ) ਫਰਮਾਂ ਦੀ ਪਾਰਦਰਸ਼ਤਾ ਅਤੇ ਸੁਚਾਰੂ ਕੰਮਕਾਜ ਨੂੰ ਯਕੀਨੀ ਬਣਾਉਣ ਲਈ, ਜ਼ਿਲ੍ਹਾ ਪ੍ਰਸ਼ਾਸਨ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ 27 ਅਕਤੂਬਰ ਨੂੰ ਲਾਇਸੰਸਸ਼ੁਦਾ ਫਰਮਾਂ ਦੀ ਸੰਸਥਾ ਦੇ ਪ੍ਰਤੀਨਿਧੀਆਂ ਨਾਲ ਇੱਕ ਮੀਟਿੰਗ ਕੀਤੀ ਗਈ। ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ਼੍ਰੀਮਤੀ ਗੀਤਿਕਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸੇਵਾ ਦੇ ਮਿਆਰਾਂ, ਜਵਾਬਦੇਹੀ ਅਤੇ ਜਨਤਕ ਸੁਵਿਧਾ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ।ਗੀਤਿਕਾ ਸਿੰਘ ਜੋ ਇਨ੍ਹਾਂ ਸਲਾਹਕਾਰ ਫਰਮਾਂ ਲਈ ਲਾਇਸੈਂਸਿੰਗ ਅਥਾਰਟੀ ਵਜੋਂ ਵੀ ਕੰਮ ਕਰਦੇ ਹਨ, ਨੇ ਜ਼ੋਰ ਦੇ ਕੇ ਕਿਹਾ ਕਿ ਸਾਰੀਆਂ ਫਰਮਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਸਟਾਫ ਮੈਂਬਰਾਂ ਦੀ ਸਹੀ ਢੰਗ ਨਾਲ ਤਸਦੀਕ ਕੀਤੀ ਹੋਵੇ, ਉਨ੍ਹਾਂ ਕੋਲ ਸਾਫ਼ ਪੁਲਿਸ ਕਲੀਅਰੈਂਸ ਸਰਟੀਫਿਕੇਟ (ਪੀ ਸੀ ਸੀ) ਹੋਵੇ, ਅਤੇ ਡਿਊਟੀ ਦੌਰਾਨ ਅਧਿਕਾਰਤ ਪਛਾਣ ਪੱਤਰ ਪ੍ਰਦਰਸ਼ਿਤ ਕੀਤੇ ਹੋਣ। ਉਨ੍ਹਾਂ ਕਿਹਾ ਕਿ ਇਹ ਲੋਕ ਹਿੱਤਾਂ ਦੀ ਰਾਖੀ ਅਤੇ ਕਿਸੇ ਵੀ ਸੰਭਾਵੀ ਧੋਖਾਧੜੀ ਜਾਂ ਦੁਰਵਿਵਹਾਰ ਨੂੰ ਰੋਕਣ ਲਈ ਬਹੁਤ ਜ਼ਰੂਰੀ ਹੈ।

# ਅਨਿਲ ਠਾਕੁਰ ਨੇ ਵਪਾਰੀਆਂ ਤੇ ਉਦਯੋਗਪਤੀਆਂ ਦੀਆਂ ਮੁਸ਼ਕਲਾਂ ਸੁਣੀਆਂ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਚੇਅਰਮੈਨ ਅਨਿਲ ਠਾਕੁਰ ਨੇ 27



ਅਕਤੂਬਰ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੇ ਵਪਾਰੀਆਂ, ਉਦਯੋਗਪਤੀਆਂ ਨਾਲ ਮੋਹਾਲੀ ਦੇ ਐਕਸਾਈਜ਼ ਭਵਨ ਵਿਖੇ ਮੀਟਿੰਗ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ। ਇਸ ਮੌਕੇ ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਮੈਂਬਰ ਵਿਨੀਤ ਵਰਮਾ ਅਤੇ ਆਪ ਪੰਜਾਬ ਦੇ ਟ੍ਰੇਡ ਵਿੰਗ ਦੇ ਸਕੱਤਰ ਰਣਜੀਤਪਾਲ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਮੌਕੇ ਵਪਾਰੀਆਂ ਅਤੇ ਉਦਯੋਗਪਤੀਆਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਅਨਿਲ ਠਾਕੁਰ ਨੇ ਕਿਹਾ ਕਿ ਕੈਬਨਿਟ ਨੇ ਪੁਰਾਣੇ ਕੇਸਾਂ ਦਾ ਬੋਝ ਘਟਾਉਣ ਅਤੇ ਸਨਅਤ ਤੇ ਕਾਰੋਬਾਰਾਂ ਲਈ ਨਿਯਮਾਂ ਦੀ ਪਾਲਣਾ ਵਧਾਉਣ ਵਾਸਤੇ ਬਕਾਇਆ ਦੀ ਰਿਕਵਰੀ ਲਈ ਪੰਜਾਬ ਸਰਕਾਰ ਵੱਲੋਂ 'ਯਕ ਮੁਸ਼ਤ ਨਿਪਟਾਰਾ' (ਵਨ ਟਾਈਮ ਸੈਟਲਮੈਂਟ) ਸਕੀਮ 2025 (ਓ.ਟੀ.ਐਸ.) ਲਿਆਉਣ ਦੀ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਸਕੀਮ ਪਹਿਲੀ ਅਕਤੂਬਰ 2025 ਤੋਂ ਲਾਗੂ ਹੋਵੇਗੀ ਅਤੇ 31 ਦਸੰਬਰ 2025 ਤੱਕ ਲਾਗੂ ਰਹੇਗੀ। ਜਿਨ੍ਹਾਂ ਕਰਦਾਤਾਵਾਂ ਦੇ ਮੁਲਾਂਕਣ 30 ਸਤੰਬਰ, 2025 ਤੱਕ ਕੀਤੇ ਗਏ ਹਨ ਅਤੇ ਮੁਲਾਂਕਣ ਆਦੇਸ਼ਾਂ ਦੇ ਸਾਰੇ ਸੁਧਾਰ/ਸੋਧ ਵਿਭਾਗ ਦੁਆਰਾ 30 ਸਤੰਬਰ, 2025 ਤੱਕ ਸਬੰਧਤ ਐਕਟ(ਆਂ) ਜਿਵੇਂ ਕਿ ਪੰਜਾਬ ਜਨਰਲ ਸੇਲਜ਼ ਟੈਕਸ ਐਕਟ, 1948, ਸੈਂਟਰਲ ਸੇਲਜ਼ ਟੈਕਸ ਐਕਟ, 1956, ਪੰਜਾਬ ਇਨਫਰਾਸਟ੍ਰਕਚਰ ਡਿਵੈਲਪਮੈਂਟ ਐਂਡ ਰੈਗੂਲੇਸ਼ਨ ਐਕਟ, 2002 ਅਤੇ ਪੰਜਾਬ ਵੈਟ ਐਕਟ, 2005, ਪੰਜਾਬ ਐਂਟਰਟੇਨਮੈਂਟ ਡਿਊਟੀ ਐਕਟ, 1955 ਅਤੇ ਪੰਜਾਬ ਐਂਟਰਟੇਨਮੈਂਟ ਟੈਕਸ ਸਿਨੇਮੈਟੋਗ੍ਰਾਫੀ ਸ਼ੋਅਜ਼ ਐਕਟ, 1954 ਅਧੀਨ ਪਾਸ ਕੀਤੇ ਗਏ ਹਨ, ਉਹ ਇਸ ਸਕੀਮ ਅਧੀਨ ਨਿਪਟਾਰੇ ਲਈ ਅਰਜ਼ੀ ਦੇਣ ਦੇ ਯੋਗ ਹੋਣਗੇ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਨਗਰ ਕੀਰਤਨ ਸਜਾਇਆ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ 556ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬਾਬਾ ਲੀਡਰ ਸਿੰਘ ਜੀ ਸੈਫਲਾਬਾਦ ਵਾਲੇ ਅਤੇ ਸੰਤ ਬਲਵੀਰ ਸਿੰਘ ਸੀਚੇਵਾਲ ਦੀ ਅਗਵਾਈ ਹੇਠ ਗੁਰਦੁਆਰਾ ਸ੍ਰੀ ਗੁਰਸਰ ਸਾਹਿਬ ਸੈਫਲਾਬਾਦ ਤੋਂ ਆਰੰਭ ਹੋਏ ਨਗਰ ਕੀਰਤਨ ਵਿੱਚ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਅਤੇ ਉਨਾਂ ਦੇ ਸਾਥੀਆਂ ਸਮੇਤ ਹਾਜ਼ਰੀ ਭਰੀ ਅਤੇ ਨਗਰ ਕੀਰਤਨ ਦੇ ਦਰਸ਼ਨ ਕੀਤੇ। ਇਸ ਮੌਕੇ ਸਾਬਕਾ ਵਿਧਾਇਕ ਸਰਦਾਰ ਨਵਤੇਜ ਸਿੰਘ ਚੀਮਾ, ਸ਼ਹਿਰੀ ਪ੍ਰਧਾਨ ਨਰਿੰਦਰ ਸਿੰਘ ਪੰਨੂ, ਸਰਦਾਰ ਜਗਪਾਲ ਸਿੰਘ ਚੀਮਾ ਸਾਬਕਾ ਵਾਈਸ ਪ੍ਰਧਾਨ, ਗੁਰਮੇਜ ਸਿੰਘ ਰਾਜੂ ਢਿੱਲੋ ਡਾਇਰੈਕਟਰ ਮਾਰਕਫੈਡ, ਰਮੇਸ਼ ਸਿੰਘ ਡਡਵਿੰਡੀ ਸਾਬਕਾ ਜ਼ਿਲ੍ਹਾ ਪ੍ਰਧਾਨ, ਹਰਨੇਕ ਸਿੰਘ ਵਿਰਦੀ, ਜੋਗਾ ਸਿੰਘ ਸਾਬਕਾ ਸਰਪੰਚ ਅਦਾਲਤ ਚੱਕ, ਬਲਕਾਰ ਸਿੰਘ ਭਲਵਾਨ ਹਰਨਾਮਪੁਰ ਮਾਧਵ ਗੁਪਤਾ ਚਰਨਜੀਤ ਸ਼ਰਮਾ ਨਿਰਮਲ ਸਿੰਘ ਨੰਬਰਦਾਰ ਸ਼ੇਖਮਾਂਗਾ, ਕੁਲਦੀਪ ਸਿੰਘ ਸਾਬਕਾ ਸਰਪੰਚ ਪਿੰਡ ਸੁਰਪਵਾਲ ਮੋਹਨ ਸਿੰਘ ਮਿਆਣੀ, ਬਲਵੰਤ ਸਿੰਘ ਬੂਲੇ, ਕੁਲਬੀਰ ਸਿੰਘ ਮੀਰੇ ਚੇਅਰਮੈਨ ਐਸਸੀ ਸੈਲ, ਕਸ਼ਮੀਰ ਸਿੰਘ ਸੋਨੂ ਸਾਬਕਾ ਸਰਪੰਚ ਪੰਮਣ, ਨਵ ਸੇਖੋ ਕੋਆਰਡੀਨੇਟਰ ਦੁਆਬਾ ਜੋਨ ਸੋਸ਼ਲ ਮੀਡੀਆ, ਛਿੰਦਰ ਸਿੰਘ ਸਾਬਕਾ ਸਰਪੰਚ ਬੂਸਵਾਲ, ਗੁਰਨਿਹਾਲ ਸਿੰਘ ਚੀਮਾ, ਅਰਸ਼ਦੀਪ ਸ਼ਤਾਬਗੜ, ਚਰਨਜੀਤ ਸ਼ਰਮਾ , ਨਿਰਮਲ ਸਿੰਘ, ਬਲਜਿੰਦਰ ਸਿੰਘ ਪੀਏ ਆਦਿ ਹਾਜ਼ਰ ਸਨ।

# ਕੁਦਰਤੀ ਖੇਤੀ ਸੰਬੰਧੀ ਸਿਖਲਾਈ ਕੋਰਸ ਕਰਵਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਰਪ੍ਰਸਤੀ ਹੇਠ ਕੰਮ ਕਰ ਰਹੇ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵੱਲੋਂ ਕੁਦਰਤੀ ਖੇਤੀ ਸਬੰਧੀ ਇਕ ਦਿਨਾ ਸਿਖਲਾਈ ਕੋਰਸ ਦਾ ਆਯੋਜਨ ਖੇਤੀ ਭਵਨ, ਹੁਸ਼ਿਆਰਪੁਰ ਵਿਖੇ ਕੀਤਾ ਗਿਆ। ਇਹ ਕੈਂਪ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਸਹਿਯੋਗ ਨਾਲ ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ ਦੇ ਤਹਿਤ ਕਰਵਾਇਆ ਗਿਆ ਅਤੇ ਇਸ ਵਿਚ ਹੁਸ਼ਿਆਰਪੁਰ-2 ਬਲਾਕ ਦੇ ਕਿਸਾਨਾਂ ਨੇ ਭਾਗ ਲਿਆ। ਸਿਖਲਾਈ ਦੀ ਸ਼ੁਰੂਆਤ ਵਿਚ ਪੀ ਏ ਯੂ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗੀ ਨਿਰਦੇਸ਼ਕ (ਸਿਖਲਾਈ) ਡਾ. ਮਨਿੰਦਰ ਸਿੰਘ ਬੌਂਸ ਨੇ ਕਿਸਾਨਾਂ ਦਾ ਸਵਾਗਤ ਕਰਦਿਆਂ ਕੇ ਵੀ ਕੇ ਵੱਲੋਂ ਚਲਾਈਆਂ ਜਾ ਰਹੀਆਂ ਕਿਸਾਨ ਭਲਾਈ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕੁਦਰਤੀ ਖੇਤੀ ਨਾਲ ਖ਼ਰਚ ਘਟਣ, ਮਿੱਟੀ ਦੀ ਉਪਜਾਊ ਸ਼ਕਤੀ ਵਧਣ ਅਤੇ ਮਨੁੱਖੀ ਸਿਹਤ ਅਤੇ ਵਾਤਾਵਰਨ ਦੀ ਸੁਰੱਖਿਆ ਹੋਣ ਬਾਰੇ ਦੱਸਿਆ। ਉਨ੍ਹਾਂ ਕਿਸਾਨਾਂ ਨੂੰ ਵਧੇਰੇ ਮੁਨਾਫ਼ੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਦਰਤੀ ਖੇਤੀ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸ ਸਿਖਲਾਈ ਦੌਰਾਨ ਪੀ ਏ ਯੂ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮਾਹਿਰਾਂ ਵੱਲੋਂ ਤਕਨੀਕੀ ਜਾਣਕਾਰੀ ਸਾਂਝੀ ਕੀਤੀ ਗਈ। ਸਹਾਇਕ ਪ੍ਰੋਫੈਸਰ (ਪੌਦ ਸੁਰੱਖਿਆ) ਡਾ.ਪ੍ਰਭਜੋਤ ਕੌਰ ਨੇ ਕਿਸਾਨਾਂ ਨੂੰ ਕੁਦਰਤੀ ਖੇਤੀ ਵਿਚ ਵਰਤੇ ਜਾਣ ਵਾਲੇ ਵੱਖ-ਵੱਖ



ਜੈਵਿਕ ਪਦਾਰਥਾਂ ਜਿਵੇਂ ਕਿ ਬੀਜਅੰਮ੍ਰਿਤ, ਜੀਵਅੰਮ੍ਰਿਤ, ਘਨਜੀਵਅੰਮ੍ਰਿਤ, ਬ੍ਰਹਮਅਸਤਰ ਅਤੇ ਅਗਨੀਅਸਤਰ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ। ਉਨ੍ਹਾਂ ਅੱਛਾਧਨ (ਮਲਚਿੰਗ) ਅਤੇ ਵਾਪਸਾ (ਮਿੱਟੀ ਵਿਚ ਨਮੀ ਸੰਭਾਲ) ਦੀਆਂ ਤਕਨੀਕਾਂ ਬਾਰੇ ਵੀ ਜਾਣਕਾਰੀ ਦਿੱਤੀ, ਜਦਕਿ ਸਹਾਇਕ ਪ੍ਰੋਫੈਸਰ (ਸਬਜ਼ੀ ਵਿਗਿਆਨ) ਡਾ. ਕਰਮਵੀਰ ਸਿੰਘ ਗਰਚਾ ਨੇ ਕੁਦਰਤੀ ਖੇਤੀ ਦੇ ਸਿਧਾਂਤਾਂ ਬਾਰੇ ਦੱਸਿਆ ਅਤੇ ਉਨ੍ਹਾਂ ਨੂੰ ਫਲਾਂ ਅਤੇ ਸਬਜ਼ੀਆਂ ਦੀ ਖੇਤੀ ਵਿਚ ਕਿਵੇਂ ਅਪਣਾਇਆ ਜਾ ਸਕਦਾ ਹੈ, ਇਸ ਬਾਰੇ ਚਰਚਾ ਕੀਤੀ। ਉਨ੍ਹਾਂ ਕੁਦਰਤੀ ਖੇਤੀ ਉਪਜ ਦੇ ਮੰਡੀਕਰਨ ਲਈ ਪ੍ਰੋਸੈਸਿੰਗ ਰਾਹੀਂ ਮੁੱਲ ਵਾਧੇ ਵਿਚ ਇਜਾਫੇ ਬਾਰੇ ਵੀ ਦੱਸਿਆ। ਕੈਂਪ ਦੌਰਾਨ ਖੇਤੀਬਾੜੀ ਵਿਕਾਸ ਅਫ਼ਸਰ,ਬਲਾਕ ਹੁਸ਼ਿਆਰਪੁਰ-2 ਧਰਮਵੀਰ ਸ਼ਾਰਦ ਵੀ ਕਿਸਾਨਾਂ ਨਾਲ ਰੂ-ਬ-ਰੂ ਹੋਏ ਅਤੇ ਉਨ੍ਹਾਂ ਦੱਸਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ ਤਹਿਤ ਬਲਾਕ ਵਿੱਚ ਸਿਖਲਾਈਆਂ ਤੇ ਪ੍ਰਦਰਸ਼ਨੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਹਨਾਂ ਅਤੇ ਇਸ ਸਬੰਧੀ ਮਾਡਲ ਇਕਾਈਆਂ ਵੀ ਤਿਆਰ ਕੀਤੀਆਂ ਜਾਣਗੀਆਂ। ਸਿਖਲਾਈ ਦੇ ਅਖ਼ੀਰ ਵਿਚ ਮਾਹਿਰਾਂ ਦੁਆਰਾ ਕਿਸਾਨਾਂ ਦੀਆਂ ਕੁਦਰਤੀ ਖੇਤੀ ਬਾਬਤ ਸ਼ੰਕਾਵਾਂ ਦੂਰ ਕੀਤੀਆਂ ਗਈਆਂ ਅਤੇ ਉਨ੍ਹਾਂ ਨੂੰ ਕੁਦਰਤੀ ਖੇਤੀ ਅਪਣਾਉਣ ਲਈ ਉਤਸ਼ਾਹਿਤ ਕੀਤਾ ਗਿਆ।

# ਕੌਮੀ ਲੋਕ ਅਦਾਲਤ 13 ਦਸੰਬਰ ਨੂੰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ ਏ ਐੱਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 13 ਦਸੰਬਰ, 2025 ਨੂੰ ਜ਼ਿਲ੍ਹਾ ਪੱਧਰ ਅਤੇ ਸਬ ਡਵੀਜ਼ਨ ਪੱਧਰ 'ਤੇ ਸਾਲ 2025 ਦੀ ਚੌਥੀ ਕੌਮੀ ਲੋਕ ਅਦਾਲਤ ਲਗਾਈ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ



ਕਾਨੂੰਨੀ ਸੇਵਾਵਾਂ ਅਥਾਰਟੀ ਰਜਿੰਦਰ ਅਗਰਵਾਲ ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿਚ ਸਿਵਲ ਕੇਸ, ਰੈਂਟ ਕੇਸ, ਐੱਮ ਏ ਸੀ ਟੀ ਕੇਸ, ਅਪਰਾਧਿਕ ਕੰਪਾਊਂਡੇਬਲ ਕੇਸ, ਮਾਲੀਆ ਕੇਸ, 138 ਨੈਗੋਸ਼ੀਏਬਲ ਇੰਸਟਰੂਮੈਂਟ ਐਕਟ, ਪਰਵਾਰਕ ਮਾਮਲੇ, ਲੇਬਰ ਮਾਮਲੇ, ਬੈਂਕ ਕੇਸ (ਲੰਬਿਤ ਅਤੇ ਪ੍ਰੀ-ਲਿਟੀਗੇਟਿਵ) ਟੈਲੀਕਾਮ ਕੰਪਨੀਆਂ ਦੇ ਕੇਸ, ਪਾਣੀ ਦੇ ਬਿੱਲ (ਗੈਰ-ਕੰਪਾਊਂਡੇਬਲ ਨੂੰ ਛੱਡ ਕੇ), ਬਿਜਲੀ ਦੇ ਬਿੱਲ (ਗੈਰ-ਕੰਪਾਊਂਡੇਬਲ ਨੂੰ ਛੱਡ ਕੇ) ਆਦਿ ਦਾ ਨਿਪਟਾਰਾ ਕਰਾਉਣ ਸਬੰਧੀ ਕੇਸ ਰੱਖੇ ਜਾਣਗੇ ਅਤੇ ਇਸ ਲੋਕ ਅਦਾਲਤ ਵਿਚ ਕਚਹਿਰੀਆਂ ਵਿਚ ਪੈਂਡਿੰਗ ਅਤੇ ਪ੍ਰੀ-ਲਿਟੀਗੇਟਿਵ ਦੋਵੇਂ ਹੀ ਤਰ੍ਹਾਂ ਦੇ ਕੇਸ ਨਿਪਟਾਰੇ ਲਈ ਰੱਖੇ ਜਾਣਗੇ। ਉਨ੍ਹਾਂ ਅਪੀਲ ਕੀਤੀ ਕਿ ਵੱਧ ਤੋਂ ਵੱਧ ਲੋਕ ਅਦਾਲਤਾਂ ਵਿਚ ਕੇਸ ਲਗਾਉਣ। ਉਨ੍ਹਾਂ ਕਿਹਾ ਕਿ ਇਸ ਨਾਲ ਸਮੇਂ ਅਤੇ ਧਨ ਦੀ ਬੱਚਤ ਹੁੰਦੀ ਹੈ ਅਤੇ ਇਨ੍ਹਾਂ ਲੋਕ ਅਦਾਲਤਾਂ ਦੇ ਫ਼ੈਸਲੇ ਨੂੰ ਦੀਵਾਨੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਦਾ ਫ਼ੈਸਲਾ ਅੰਤਿਮ ਹੁੰਦਾ ਹੈ ਅਤੇ ਇਸ ਦੀ ਕੋਈ ਵੀ ਅਪੀਲ ਨਹੀ ਲੱਗਦੀ।

# ਸ਼ਹਿਰ ਵਾਸੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨਾ ਸਰਕਾਰ ਦੀ ਮੁੱਖ ਤਰਜੀਹ : ਜਿੰਪਾ

**ਹੁਸ਼ਿਆਰਪੁਰ ( ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਨਗਰ ਨਿਗਮ ਹੁਸ਼ਿਆਰਪੁਰ ਦੀ 27 ਅਕਤੂਬਰ ਨੂੰ ਹੋਈ ਅਹਿਮ ਮੀਟਿੰਗ ਵਿਚ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਕਈ ਮਹੱਤਵਪੂਰਨ ਫੈਸਲੇ ਗਏ ਗਏ ਤੇ ਵੱਖ-ਵੱਖ ਪ੍ਰੋਜੈਕਟਾਂ ਲਈ ਕਰੋੜਾਂ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ। ਜਾਣਕਾਰੀ ਦਿੰਦਿਆਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਅਤੇ ਮੇਅਰ ਸੁਰਿੰਦਰ ਕੁਮਾਰ ਨੇ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨਾ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ।ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਇਹ ਗੱਲ ਅਹਿਮ ਰਹੀ ਕਿ ਨਗਰ ਨਿਗਮ ਹੁਸ਼ਿਆਰਪੁਰ ਦੀ ਜੂਡੀਸ਼ੀਅਲ ਕੰਪਲੈਕਸ ਹੁਸ਼ਿਆਰਪੁਰ ਦੇ ਨਾਲ ਲੱਗਦੀ 4 ਏਕੜ ਜ਼ਮੀਨ ਸਰਕਾਰੀ ਸਕੂਲ ਬਣਾਉਣ ਲਈ ਸਬੰਧਤ ਵਿਭਾਗ ਨੂੰ ਟ੍ਰਾਂਸਫਰ ਕਰਨ ਦਾ ਫ਼ੈਸਲਾ ਕੀਤਾ ਗਿਆ, ਜਿਸ ਨਾਲ ਜਿੱਥੇ ਇਸ ਸਕੂਲ ਵਿੱਚ ਗਰੀਬ ਬੱਚੇ ਪੜ੍ਹ ਸਕਣਗੇ, ਉੱਥੇ ਚੋਅ ਦੇ ਨਾਲ ਲੱਗਦੀ ਇਹ ਬੰਜਰ ਜ਼ਮੀਨ ਆਬਾਦ ਹੋ ਜਾਵੇਗੀ। ਇਸ ਤੋਂ ਇਲਾਵਾ ਸ਼ਹਿਰ ਨੂੰ ਜਗਮਗ ਰੱਖਣ ਲਈ ਲਗਾਤਾਰ ਕੋਸ਼ਿਸ਼ਾਂ ਤਹਿਤ ਨਲੋਈਆਂ ਚੌਂਕ ਤੋਂ ਬੰਜਰ ਬਾਗ ਚੌਂਕ ਤੱਕ ਸਟ੍ਰੀਟ ਲਾਈਟਾਂ ਲਗਾਉਣ ਲਈ ਪਹਿਲਾਂ ਪਾਸ ਕੀਤੇ ਗਏ 47 ਲੱਖ 44 ਹਜ਼ਾਰ ਵਿੱਚ 25 ਫੀਸਦੀ ਵਾਧਾ ਕਰਦੇ ਹੋਏ ਕੁੱਲ 57 ਲੱਖ 46 ਹਜ਼ਾਰ 170 ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਗਈ, ਤਾਂ ਜੋ ਇਸ





ਜਗ੍ਹਾ ਦਾ ਕੋਈ ਵੀ ਹਿੱਸਾ ਸਟ੍ਰੀਟ ਲਾਈਟਾਂ ਤੋਂ ਵਾਂਝਾ ਨਾ ਰਹੇ। ਇਸ ਤੋਂ ਇਲਾਵਾ ਪੁਲਿਸ ਚੌਕੀ ਪੁਰਹੀਰਾਂ ਤੋਂ ਗੁਰਦੁਆਰਾ ਜਾਹਰਾ ਜਹੂਰ ਤੱਕ ਸਟ੍ਰੀਟ ਲਾਈਟਾਂ ਲਗਾਉਣ ਲਈ ਪਹਿਲਾਂ ਤੋਂ ਪ੍ਰਵਾਨ ਕੀਤੇ ਖਰਚੇ 35 ਲੱਖ 50 ਹਜ਼ਾਰ ਵਿੱਚ 25 ਫੀਸਦੀ ਵਾਧਾ ਕਰਦੇ ਹੋਏ ਹੁਣ 44 ਲੱਖ 37 ਹਜ਼ਾਰ 500 ਰੁਪਏ ਦਾ ਖਰਚਾ ਪ੍ਰਵਾਨ ਕੀਤਾ ਗਿਆ ਹੈ। ਐੱਮ ਪੀ ਫੰਡ ਤਹਿਤ ਵੱਖ-ਵੱਖ ਤਰ੍ਹਾਂ ਦੇ ਵਿਕਾਸ ਦੇ 24 ਲੱਖ ਦੇ ਕੰਮ ਕਰਵਾਉਣੇ ਪ੍ਰਵਾਨ ਕੀਤੇ ਗਏ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਦੱਸਿਆ ਕਿ ਰੰਗਲਾ ਪੰਜਾਬ ਸਕੀਮ ਤਹਿਤ ਵੱਖ-ਵੱਖ ਤਰ੍ਹਾਂ ਦੇ ਵਿਕਾਸ ਦੇ ਕੰਮ ਕਰਨ ਲਈ ਕੁੱਲ 62 ਲੱਖ ਰੁਪਏ ਦਾ ਖਰਚਾ ਪ੍ਰਵਾਨ ਕੀਤਾ ਗਿਆ, ਜਿਸ ਤਹਿਤ ਇਕ ਸ਼ਵ-ਵਾਹਨ ਅਤੇ ਇਕ ਐਂਬੂਲੈਂਸ ਪਹਿਲ ਦੇ ਆਧਾਰ 'ਤੇ ਖਰੀਦੀ ਜਾ ਰਹੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਵਾਰਡਾਂ ਵਿੱਚ ਕਮਿਊਨਿਟੀ ਸੈਂਟਰ ਬਣਾਏ ਜਾ ਰਹੇ ਹਨ। ਉਨ੍ਹਾਂ ਜਾਣਕਾਰੀ ਦਿੰਦੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅੱਗ ਬੁਝਾਊ ਘਟਨਾਵਾਂ 'ਤੇ ਤੁਰੰਤ ਕਾਬੂ ਕਰਨ ਅਤੇ ਅੱਗ ਤੋਂ ਹੋਣ ਵਾਲੇ ਜਾਨੀ-ਮਾਲੀ ਨੁਕਸਾਨ ਤੋਂ ਬਚਾਅ ਲਈ ਅੱਗ ਬੁਝਾਊ ਗੱਡੀਆਂ ਦਿੱਤੀਆਂ ਜਾ ਰਹੀਆਂ ਹਨ, ਜਿਸ ਤਹਿਤ ਨਗਰ ਨਿਗਮ ਹੁਸ਼ਿਆਰਪੁਰ ਨੂੰ ਹੁਣ 2 ਵੱਡੇ ਫਾਇਰ ਟੈਂਡਰ ਦਿੱਤੇ ਗਏ ਹਨ, ਜਿਨ੍ਹਾਂ ਦੀ ਲਾਗਤ ਲੱਗਭਗ 1 ਕਰੋੜ 50 ਲੱਖ ਹੈ। ਇਹ ਫਾਇਰ ਟੈਂਡਰ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਵੱਲੋਂ ਲੋਕਾਂ ਨੂੰ ਸਮਰਪਿਤ ਕੀਤੇ ਗਏ। ਇਸ ਮੌਕੇ ਵਿੱਚ ਕਮਿਸ਼ਨਰ ਨਗਰ ਨਿਗਮ ਜਯੋਤੀ ਬਾਲਾ ਮੱਟੂ, ਸੀਨੀਅਰ ਡਿਪਟੀ ਮੇਅਰ ਪਰਵੀਨ ਲਤਾ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਸਹਾਇਕ ਕਮਿਸ਼ਨਰ ਨਗਰ ਨਿਗਮ ਅਜੇ ਕੁਮਾਰ, ਨਿਗਮ ਇੰਜੀਨੀਅਰ ਕੁਲਦੀਪ ਸਿੰਘ, ਨਿਗਮ ਇੰਜੀਨੀਅਰ ਹਰਪ੍ਰੀਤ ਸਿੰਘ ਤੇ ਵੱਖ- ਵੱਖ ਕੌਂਸਲਰ ਅਤੇ ਨਗਰ ਨਿਗਮ ਦੇ ਵੱਖ-ਵੱਖ ਅਧਿਕਾਰੀ ਮੌਜੂਦ ਸਨ।

# ਤਰਨ ਤਾਰਨ ਸੀਟ 'ਆਪ' ਦੀ ਝੋਲੀ 'ਚ ਪਾਉਣ ਲਈ ਮੀਡੀਆ ਦਾ ਵੱਡਾ ਰੋਲ ਹੋਵੇਗਾ : ਹਨੀ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਤਰਨ ਤਾਰਨ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਲੋਕ ਹਿਤੈਸ਼ੀ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਮੀਡੀਆ ਦਾ ਅਹਿਮ ਰੋਲ ਹੋਵੇਗਾ।



ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਜਲੰਧਰ ਦੇ ਮੀਡੀਆ ਇੰਚਾਰਜ ਮੇਲਾ ਸਿੰਘ, ਹਲਕਾ ਆਦਮਪੁਰ ਦੇ ਮੀਡੀਆ ਕੋਆਰਡੀਟੀਨੇਟਰ ਅਮਨਦੀਪ ਹਨੀ ਅਤੇ ਵਾਈਸ ਅਮਰਜੀਤ ਸਿੰਘ ਜੰਡੀਰ ਨੇ ਕਿਹਾ ਕਿ ਮੀਡੀਆ ਲੋਕਤੰਤਰ ਦਾ ਚੌਥਾ ਥੰਮ੍ਹ ਮੰਨਿਆ ਗਿਆ ਹੈ। ਇਸ ਲਈ ਭਗਵੰਤ ਮਾਨ ਦੀ ਸਰਕਾਰ ਵੱਲੋਂ ਕੀਤੇ ਲੋਕ ਕਲਿਆਣੀ ਕੰਮਾਂ ਨੂੰ ਲੋਕਾਂ ਤੱਕ ਪਹੁੰਚਾ ਕੇ ਤਰਨ ਤਾਰਨ ਦੀ ਚੋਣ ਨੂੰ ਜਿੱਤ ਕੇ ਇਮਾਨਦਾਰ ਭਗਵੰਤ ਮਾਨ ਸਰਕਾਰ ਦੀ ਝੋਲੀ ਵਿੱਚ ਪਾਈ ਜਾਵੇਗੀ। ਪੰਜਾਬ ਸਰਕਾਰ ਦੇ ਕੰਮਾਂ ਦੇ ਅਧਾਰ 'ਤੇ ਹੀ ਚੋਣ ਨੂੰ ਜਿੱਤਿਆ ਜਾਵੇਗਾ। ਵਿਕਾਸ ਦੀ ਗੱਲ ਕਰੀਏ ਤਾਂ ਤਰਨ ਤਾਰਨ ਹਲਕੇ ਵਿੱਚ ਸੜਕਾਂ ਦੀ ਮੁਰੰਮਤ, ਸਿਹਤ ਕੇਂਦਰਾਂ ਦਾ ਵਧੀਆ ਪ੍ਰਬੰਧ, ਨੌਜਵਾਨਾਂ ਲਈ ਨੌਕਰੀਆਂ, ਬਿਜਲੀ ਦੀ ਸਹੂਲਤ ਅਨੇਕਾਂ ਵਿਕਾਸ ਹਨ ਜਿਸ ਦੇ ਤਹਿਤ ਭਗਵੰਤ ਮਾਨ ਦੀ ਸਰਕਾਰ ਨੇ ਲੋਕਾਂ ਦੇ ਦਿਲਾਂ ਨੂੰ ਜਿੱਤਿਆ ਹੈ ਤੇ ਤਰਨ ਤਾਰਨ ਹਲਕੇ ਦੇ ਲੋਕ ਭਾਰੀ ਬਹੁਮਤ ਨਾਲ ਜਿਤਾ ਕੇ ਸੀਟ ਭਗਵੰਤ ਮਾਨ ਸਰਕਾਰ ਦੀ ਝੋਲੀ ਵਿੱਚ ਪਾਉਣਗੇ।

# ਖੇਤੀਬਾੜੀ ਵਿਭਾਗ ਵੱਲੋਂ ਹੜ੍ਹ ਪ੍ਰਭਾਵਤ ਕਿਸਾਨਾਂ ਨੂੰ ਕਣਕ ਦੇ ਬੀਜ ਦੀ ਮੁਫ਼ਤ ਵੰਡ

**ਬੰਗਾ (ਅਵਤਾਰ ਕਲੇਰ)**- ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਤ ਕਿਸਾਨਾਂ ਨੂੰ ਮੁਫਤ ਬੀਜ ਮੁਹੱਈਆ ਕਰਵਾਉਣ ਦੀ ਲੜੀ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਬਲਾਕ ਬੰਗਾ ਵਲੋਂ ਜ਼ਿਲ੍ਹਾ ਪਸ਼ਾਸਨ ਅਤੇ ਮੁੱਖ



ਖੇਤੀਬਾੜੀ ਅਫਸਰ ਡਾ. ਰਾਕੇਸ਼ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹੜ੍ਹਾਂ ਦੀ ਮਾਰ ਹੇਠ ਪਿੰਡਾਂ ਦੇ ਕਿਸਾਨਾਂ ਨੂੰ ਮੁਫ਼ਤ ਕਣਕ ਬੀਜ ਸਪਲਾਈ ਕੀਤਾ ਗਿਆ। ਖੇਤੀਬਾੜੀ ਅਫਸਰ ਬੰਗਾ ਡਾ. ਲਛਮਣ ਦਾਸ ਨੇ ਦੱਸਿਆ ਕਿ ਬਲਾਕ ਬੰਗਾ ਦੇ ਪਿੰਡ ਚੇਤਾ, ਮੇਹਲੀਆਣਾ, ਮਾਂਗਟ ਡੀਂਗਰੀਆਂ, ਕਟਾਰੀਆ ਦੇ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਮਾਲ ਵਿਭਾਗ ਦੀ ਗਿਰਦਾਵਰੀ ਰਿਪੋਰਟ ਵਿੱਚ ਦਰਜ ਰਕਬੇ ਅਨੁਸਾਰ ਕਣਕ ਬੀਜ ਦੀ ਮੁਫ਼ਤ ਵੰਡ ਕੀਤੀ ਗਈ। ਉਨ੍ਹਾਂ ਦੱਸਿਆ ਕਿ ਮੌਕੇ 'ਤੇ 24 ਕਿਸਾਨਾਂ ਨੂੰ 32 ਕੁਇੰਟਲ ਬੀਜ ਮੁਫ਼ਤ ਦਿੱਤਾ ਗਿਆ। ਬੀਜ ਲਈ ਕਿਸਾਨਾਂ ਨੂੰ ਵਿਭਾਗ ਦੇ ਪੋਰਟਲ ਤੇ ਰਜਿਸਟਰ ਕਰਨਾ ਜ਼ਰੂਰੀ ਹੈ।ਇਸ ਮੌਕੇ ਸੁਰਿੰਦਰ ਪਾਲ ਖੇਤੀ ਵਿਸਥਾਰ ਅਫ਼ਸਰ ਨੇ ਕਿਸਾਨਾਂ ਨੂੰ ਕਣਕ ਬੀਜ ਦੀ ਸੋਧ ਅਤੇ ਹੋਰ ਖੇਤੀ ਨੁਕਤੇ ਸਾਂਝੇ ਕੀਤੇ। ਵਿਕਰਮ ਸਿੰਘ ਏ ਈ ਓ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਸੁਚੱਜੀ ਸੰਭਾਲ ਦੇ ਤਕਨੀਕੀ ਨੁਕਤੇ ਕੀਤੇ ਅਤੇ ਪਰਾਲੀ ਨਾ ਸਾੜਨ ਦੀ ਅਪੀਲ ਕੀਤੀ। ਇਸ ਮੌਕੇ ਰਾਜ ਕੁਮਾਰ ਸਰਪੰਚ ਮੇਹਲੀਆਣਾ, ਭੁਪਿੰਦਰ ਸਿੰਘ, ਗੁਰਵਿੰਦਰ ਘੁੰਮਣ, ਗੁਰਮੀਤ ਸਿੰਘ ਚੇਤਾ, ਕੁਲਵਿੰਦਰ ਸਿੰਘ ਨੰਬਰਦਾਰ ਚੇਤਾ, ਸੋਮ ਦੱਤ, ਚਮਕੌਰ ਸਿੰਘ, ਅਮਰ ਬੰਗਾ, ਅਵਤਾਰ ਸਿੰਘ ਨੰਬਰਦਾਰ ਅਤੇ ਹੋਰ ਹਾਜ਼ਰ ਸਨ।

# ਭਾਜਪਾ ਨੂੰ ਅਲਵਿਦਾ 'ਆਪ' 'ਚ ਸ਼ਾਮਲ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਮੁੱਖ ਮੰਤਰੀ ਭਗਵੰਤ ਮਾਨ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਲਗਾਤਾਰ ਦੂਸਰੀਆਂ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਦਾ ਹਿੱਸਾ ਬਣ ਰਹੇ ਹਨ ਜਿਸ ਦੀ ਮਿਸਾਲ ਨੂਰਮਹਿਲ ਸ਼ਹਿਰ ਵਿੱਚੋਂ ਭਾਜਪਾ ਨੂੰ ਅੱਜ ਅਲਵਿਦਾ ਆਖਣ ਵਾਲਿਆਂ ਵਿੱਚ ਵਿਜੇ ਕੁਮਾਰ, ਸਦਾ ਲਾਲ ਸ਼ਰਮਾ, ਰਵੀ ਕੁਮਾਰ, ਪੰਡਿਤ ਸ਼ਿਵ, ਬਿਨੈ ਕੁਮਾਰ, ਪਰਮੇਸ਼ਵਰ ਕੁਮਾਰ, ਸੰਦੀਪ ਕੁਮਾਰ, ਗੁਰਪ੍ਰੀਤ ਸਿੰਘ, ਗੁਰਦਿਆਲ ਸਿੰਘ, ਬਿਕਰਮ ਕੁਮਾਰ, ਰਾਜੂ, ਦੀਪ ਨਰਾਇਣ ਮਹਿਤਾ, ਵਿਕਾਸ ਮੰਡਲ, ਚੰਦੇਸ਼ਵਰ ਪੰਡਿਤ, ਬਲਵਿੰਦਰ, ਸੰਦੀਪ ਕੁਮਾਰ, ਸਮੇਤ 20 ਪਰਵਾਰ ਬੀ. ਜੇ. ਪੀ. ਨੂੰ ਛੱਡ ਕੇ ਐਮ. ਐਲ. ਏ. ਇੰਦਰਜੀਤ ਕੌਰ ਮਾਨ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ । ਐਮ ਸੀ ਰਾਜੀਵ ਮਿਸਰ ਦੀ ਪ੍ਰੇਰਨਾ ਸਦਕਾ ਇਹ ਸੰਭਵ ਹੋਇਆ ਹੈ। ਇਸ ਮੌਕੇ ਬੀਬੀ ਮਾਨ ਨਾਲ ਐਮ ਸੀ ਰਾਜੀਵ ਮਿਸਰ, ਹਲਕਾ ਕੋਆਰਡੀਨੇਟਰ ਐਸ. ਸੀ ਵਿੰਗ ਪ੍ਰੇਮ ਕੁਮਾਰ ਰਾਜੂ ਉੱਪਲ, ਹਲਕਾ ਸੰਗਠਨ ਇੰਚਾਰਜ ਜਸਵੀਰ ਸਿੰਘ ਧੰਜਲ, ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ ਲਖਵੀਰ ਸਿੰਘ ਸ਼ੀਰ ਉੱਪਲ, ਰਾਕੇਸ਼ ਕੁਮਾਰ ਅਰੋੜਾ ਨੂਰਮਹਿਲ ਸਿਟੀ ਪ੍ਰੈਜ਼ੀਡੈਂਟ, ਬਲਾਕ ਸੋਸ਼ਲ ਮੀਡੀਆ ਇੰਚਾਰਜ ਰਾਕੇਸ਼ ਕੁਮਾਰ, ਐਮ ਸੀ ਪ੍ਰਮੋਦ ਸੇਖੜੀ, ਸਾਹਿਲ ਮੈਹਨ, ਨਰਿੰਦਰ ਕੌਰ, ਸੰਜੀਵ ਸੂਦ, ਬਲਬੀਰ ਸਿੰਘ, ਸੰਦੀਪ ਬੱਤਰਾ, ਮਨੋਜ ਬੱਤਰਾ, ਸੰਦੀਪ ਤਕਿਆਰ ਬਲਾਕ ਪ੍ਰੈਜ਼ੀਡੈਂਟ ਹਰਿੰਦਰ ਬੱਧਨ ਇਸ ਮੌਕੇ 'ਤੇ ਹਾਜ਼ਰ ਸਨ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮ ਨੂੰ ਸਮਰਪਿਤ ਗੁਰਮਤਿ ਸਮਾਗਮ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਸੇਵਾ ਸੁਸਾਇਟੀ ਇਲਾਕਾ ਮਾਹਿਲਪੁਰ, ਗੁਰਦੁਆਰਾ ਟਾਹਲੀ ਸਾਹਿਬ ਪ੍ਰਬੰਧਕ ਕਮੇਟੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸਾਂਝੇ ਤੌਰ 'ਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਟਾਹਲੀ ਸਾਹਿਬ ਗੋਂਦਪੁਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਤ ਗੁਰਮਤਿ ਸਮਾਗਮ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਭਾਈ ਬਲਵੀਰ ਸਿੰਘ ਮਨੋਲੀਆ ਦੇ ਕੀਰਤਨੀ ਜਥੇ ਨੇ ਕੀਤੀ। ਉਸ ਤੋਂ ਬਾਅਦ ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਦੇ ਬੱਚਿਆਂ ਨੇ ਕੀਰਤਨ ਅਤੇ ਕਵੀਸ਼ਰੀ ਰਾਹੀਂ ਸੰਗਤਾਂ ਨੂੰ ਗੁਰ ਇਤਿਹਾਸ ਤੋਂ ਜਾਣੂ ਕਰਾਇਆ। ਉਪਰੰਤ ਭਾਈ ਸ਼ੌਕੀਨ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਨੇ ਕੀਰਤਨ ਕਰਕੇ ਸੰਗਤਾਂ ਨੂੰ ਉਸ ਸਰਬ ਸ਼ਕਤੀਮਾਨ ਪਰਮਾਤਮਾ ਨਾਲ ਜੋੜਿਆ। ਇਸ ਤੋਂ ਬਾਅਦ ਭਾਈ ਹਰਦੀਪ ਸਿੰਘ ਨੇ ਕਥਾ ਰਾਹੀਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਚਾਨਣਾ ਪਾਇਆ। ਢਾਡੀ ਭਾਈ ਗੁਰਪ੍ਰਤਾਪ ਸਿੰਘ ਪਦਮ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ 'ਤੇ ਚਾਨਣਾ ਪਾਇਆ ਅਤੇ ਸਿੱਖ ਪੰਥ ਵਿੱਚ ਆਈ ਗਿਰਾਵਟ ਤੇ ਮਨਮਤਿ ਬਾਰੇ



ਸੰਗਤਾਂ ਨੂੰ ਸੁਚੇਤ ਕੀਤਾ। ਸਟੇਜ ਸੰਚਾਲਨ ਦੀ ਸੇਵਾ ਜਥੇਦਾਰ ਹਰਬੰਸ ਸਿੰਘ ਸਰਹਾਲਾ ਪ੍ਰਧਾਨ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਸੇਵਾ ਸੋਸਾਇਟੀ ਅਤੇ ਭਾਈ ਬਲਵੀਰ ਸਿੰਘ ਮਨੋਲੀਆ ਨੇ ਨਿਭਾਈ। ਇਸ ਮੌਕੇ ਕੁਲਵੰਤ ਸਿੰਘ ਪ੍ਰਧਾਨ ਗੁਰਦੁਆਰਾ ਟਾਹਲੀ ਸਾਹਿਬ, ਸਰਪੰਚ ਗੁਰਦੇਵ ਸਿੰਘ ਮਨੋਲੀਆ, ਸਰਪੰਚ ਬਲਵਿੰਦਰ ਗੋਂਦਪੁਰ, ਮਨਜਿੰਦਰ ਸਿੰਘ ਲੰਬੜਦਾਰ, ਦਵਿੰਦਰ ਸਿੰਘ, ਪ੍ਰੋਫੈਸਰ ਆਪਿੰਦਰ ਸਿੰਘ ਮਾਹਿਲਪੁਰੀ ਸੰਯੋਜਕ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਮਨਜੀਤ ਸਿੰਘ ਸਰਹਾਲਾ, ਜਥੇਦਾਰ ਕੁਲਵਰਨ ਸਿੰਘ, ਸਰਪੰਚ ਕੁਲਵੀਰ ਸਿੰਘ ਡਾਂਨਸੀਵਾਲ, ਡਾਕਟਰ ਸੁਰਿੰਦਰ ਪਾਲ ਸਿੰਘ ਈਸਪੁਰ, ਸਰਦਾਰ ਸੋਹਨ ਸਿੰਘ ਦਾਦੂਵਾਲ, ਮਾਸਟਰ ਮਨਜੀਤ ਸਿੰਘ ਸਤਨੌਰ, ਰਸਪਾਲ ਸਿੰਘ, ਪਰਮਜੀਤ ਸਿੰਘ ਗੜ੍ਹਸ਼ੰਕਰ ਹਾਜ਼ਰ ਸਨ। ਲੰਗਰ ਦੀ ਸੇਵਾ ਦੀਵਾਨ ਟੋਡਰ ਮੱਲ ਸੁਸਾਇਟੀ ਅਜਨੋਹਾ ਵੱਲੋਂ ਰਸ਼ਪਾਲ ਸਿੰਘ ਅਜਨੋਹਾ ਦੀ ਅਗਵਾਈ ਵਿੱਚ ਸੰਗਤਾਂ ਨੇ ਕੀਤੀ। ਜੋੜਿਆਂ ਦੀ ਸੇਵਾ ਸੇਵਕ ਜਥਾ ਰਸੂਲਪੁਰ ਵੱਲੋਂ ਭੁਪਿੰਦਰ ਸਿੰਘ ਦੀ ਅਗਵਾਈ ਵਿੱਚ ਕੀਤੀ ਗਈ। ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਭਾਈ ਬਲਵੀਰ ਸਿੰਘ ਮਨੋਲੀਆ, ਜਤਿੰਦਰ ਸਿੰਘ ਜੈਤਪੁਰ, ਰਘਵੀਰ ਸਿੰਘ, ਗੁਣਾ ਲਲੀਆਂ, ਹਰਮਨ ਸਿੰਘ ਲੱਧੇਵਾਲ, ਨਵਜੋਤ ਸਿੰਘ ਬਾੜੀਆਂ, ਹਰਪ੍ਰੀਤ ਸਿੰਘ ਸਰਹਾਲਾ,ਐਨ.ਆਰ.ਆਈ ਵੀਰਾਂ ਸਰਦਾਰ ਜਸਪਾਲ ਸਿੰਘ, ਸੰਤੋਖ ਸਿੰਘ, ਹਰਮਨ ਸਿੰਘ, ਦਾਨ ਸਿੰਘ, ਅਮਨਪ੍ਰੀਤ ਸਿੰਘ, ਸਰਦਾਰ ਪਿਆਰਾ ਸਿੰਘ ਅਮਰੀਕਾ ਆਦਿ ਨੇ ਸਹਿਯੋਗ ਕੀਤਾ।